# ਸੰਪਾਦਕੀ

***ਡਾ. ਜਗਜੀਤ ਸਿੰਘ***

ਪਿਆਰੇ ਪਾਠਕੋ! ਅਸੀਂ ਸਾਰੇ, ਆਤਮ ਮਾਰਗ ਦੇ ਪਾਂਧੀ ਇਸ ਵਿਲੱਖਣ, ਵਚਿੱਤਰ ਅਤੇ ਅਨਮੋਲ ਮੈਗਜ਼ੀਨ ਤੋਂ ਜੀਵਨ-ਸੇਧ ਪ੍ਰਾਪਤ ਕਰ ਰਹੇ ਹਾਂ ਅਤੇ ਮਨੁੱਖਾ ਜੀਵਨ ਦੇ ਦੁਰਲੱਭ ਅਵਸਰ 'ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ' ਦੀ ਸੰਭਾਲ ਲਈ ਉਤਸੁਕ ਹਾਂ। ਆਤਮ ਮਾਰਗ ਸਾਨੂੰ ਸੁੱਤਿਆਂ ਨੂੰ ਜਗਾਂਦਾ ਹੀ ਨਹੀਂ, ਸਾਵਧਾਨ ਵੀ ਕਰਦਾ ਹੈ। ਆਤਮ ਮਾਰਗ ਆਤਮਾ-ਪ੍ਰਮਾਤਮਾ ਦੇ ਸੁਮੇਲ ਦਾ ਮਾਰਗ ਹੈ, ਇਹ ਨਾਮ ਦਾ ਮਾਰਗ ਹੈ ਜਿਸ ਤੇ ਚਲ ਕੇ ਇਹ ਸੁਮੇਲ ਪ੍ਰਤੱਖ ਅਤੇ ਵਿਦਮਾਨ ਹੁੰਦਾ ਹੈ। 'ਨਾਮ' ਦੇ ਫਲੀਭੂਤ ਹੋਣ ਲਈ ਇਕ ਵਿਸ਼ੇਸ਼ ਵਾਯੂ ਮੰਡਲ ਦੀ ਆਵਸ਼ਕਤਾ ਹੁੰਦੀ ਹੈ। ਨਾਮ ਸਾਰੇ ਭਰਪੂਰ ਹੈ, ਅੰਦਰ ਬਾਹਰ; ਸਾਰੇ ਬ੍ਰਹਿਮੰਡਾਂ ਵਿਚ ਨਾਮ ਦੀ ਕਲਾ ਹੀ ਵਿਆਪਕ ਹੋ ਰਹੀ ਹੈ। ਇਹ ਔਸ਼ਧੀ ਵੀ ਹੈ, ਦਾਰੂ ਵੀ ਹੈ, ਸਭ ਦੁਖਾਂ ਦਾ ਇਲਾਜ ਹੈ ਪਰ ਸਾਨੂੰ ਇਸ ਦਾ ਸਹੀ ਗਿਆਨ ਨਹੀਂ। 'ਆਤਮ ਮਾਰਗ' ਤੋਂ ਐਸਾ ਗਿਆਨ ਪ੍ਰਾਪਤ ਹੁੰਦਾ ਹੈ ਇਸ ਲਈ 'ਆਤਮ ਮਾਰਗ' ਇਕ ਅਮੋਲਕ ਵਸਤੂ ਹੈ। ਹਰ ਅੰਕ ਵਿਚ ਮਹਾਂਪੁਰਸ਼ਾਂ ਦੇ ਲੇਖ ਐਸਾ ਜੀਵਨ ਅਨੁਭਵ ਪ੍ਰਦਾਨ ਕਰਦੇ ਹਨ ਜਿਸ ਤੋਂ ਜੀਵਨ ਦੀ ਸਹੀ ਸੇਧ ਮਿਲਦੀ ਹੈ, ਨਾਮ ਮਾਰਗ ਸਪਸ਼ਟ ਹੁੰਦਾ ਹੈ। ਸਤੰਬਰ ਅੰਕ ਆਪ ਜੀ ਦੇ ਹੱਥਾਂ ਵਿਚ ਹੈ। ਮਹਾਂਪੁਰਸ਼ਾਂ ਦੇ ਲੜੀਵਾਰ ਛਪ ਰਹੇ ਲੇਖ 'ਅਬਿਨਾਸ਼ੀ ਜੋਤ' ਵਿਚ ਭਾਈ ਜੋਧ ਜੀ ਭਾਈ ਲਹਿਣਾ ਜੀ ਨੂੰ ਗੁਰੂ ਨਾਨਕ ਦੇਵ ਜੀ ਦਾ ਨਾਮ ਮਾਰਗ ਦਸ ਰਹੇ ਹਨ ਅਤੇ ਨਾਲ ਹੀ ਨਾਲ ਇਸ ਰਾਹੀਂ ਸਾਡੀ ਸਭ ਦੀ ਤ੍ਰਿਪਤੀ ਹੋ ਰਹੀ ਹੈ। ਭਾਈ ਜੋਧ ਜੀ ਗੁਰੂ ਦੀਆਂ ਬਾਤਾਂ ਦਸਦੇ ਕਹਿੰਦੇ ਹਨ ਕਿ ਸਾਰਾ ਸੰਸਾਰ ਰੋਗਾਂ ਨੇ ਘੇਰਿਆ ਹੋਇਆ ਹੈ। ਦੋ ਕਿਸਮ ਦੇ ਰੋਗ ਨੇ; ਇਕ ਤਾਂ ਉਹ ਜੋ ਸਰੀਰ ਦੇ ਨੇ। ਸਰੀਰ ਦੇ ਰੋਗ ਕੁਝ ਨਹੀਂ ਵਿਗਾੜਦੇ। ਵੱਧ ਤੋਂ ਵੱਧ ਸਰੀਰ ਖਤਮ ਕਰ ਦੇਣਗੇ ਪਰ ਜੋ ਮਨ ਦੇ ਰੋਗ ਨੇ, ਉਹ ਬਹੁਤ ਭਿਆਨਕ ਰੋਗ ਨੇ। ਜੋ ਹਉਮੈ ਦਾ ਰੋਗ ਹੈ, ਉਹ ਕੋਹੜ ਹੋਇਆ ਕਰਦਾ ਹੈ ਮਨ ਨੂੰ, ਸਾਰੀ ਦੁਨੀਆਂ ਹੀ ਹਉਮੈ ਦੇ ਰੋਗ ਵਿਚ ਪੀੜਤ ਹੈ.....।" ਇਸ ਤਰ੍ਹਾਂ ਜਿਉਂ ਜਿਉਂ ਇਹ ਲੇਖ ਪੜ੍ਹਦੇ ਹਾਂ, ਸਾਡੇ ਕਪਾਟ ਖੁਲ੍ਹਦੇ ਜਾਂਦੇ ਹਨ। ਸਾਡੇ ਅੰਦਰ ਵਸਦੇ ਨਾਮ ਦਾ ਸਾਨੂੰ ਅਹਿਸਾਸ ਕਿਉਂ ਨਹੀਂ ਹੁੰਦਾ? ਕੀ ਰੁਕਾਵਟਾਂ ਨੇ ਰਸਤੇ ਦੀਆਂ - ਇਕ ਇਕ ਦੀ ਦਿਲ-ਟੁੰਬਵੀਂ ਵਿਆਖਿਆ ਇਸ ਲੇਖ ਵਿਚ ਪ੍ਰਾਪਤ ਹੋ ਰਹੀ ਹੈ। ਕਿੰਨੇ ਹੀ ਰੋਗਾਂ ਨਾਲ ਮਨੁੱਖ ਗ੍ਰਸਿਆ ਹੋਇਆ ਹੈ -

ਨਿੰਦਿਆ ਦਾ ਰੋਗ, ਈਰਖਾ ਦਾ ਬੁਖਾਰ, ਤ੍ਰਿਸ਼ਨਾ ਦੀ ਟੀ. ਬੀ, ਕਾਮ ਕ੍ਰੋਧ ਕਿਵੇਂ ਸਰੀਰ ਨੂੰ ਗਾਲਦੇ ਹਨ? ਚਿੰਤਾ ਕਿਵੇਂ ਘੁਣ ਵਾਂਗ ਸਰੀਰ ਨੂੰ ਖਾ ਜਾਂਦੀ ਹੈ? ਅਤੇ ਇਸ ਦਾ ਇਲਾਜ ਦਸਿਆ ਹੈ -

***ਸਰਬ ਰੋਗ ਕਾ ਅਉਖਦੁ ਨਾਮੁ॥ ਪੰਨਾ - 274***

ਇਹ ਔਸ਼ਧੀ ਕਿਵੇਂ ਵਰਤਣੀ ਹੈ? ਇਸ ਦਾ ਸੰਜਮ ਕੀ ਹੈ? ਅੰਮ੍ਰਿਤ-ਨਾਮ ਦੀ ਵਰਖਾ ਕਿਵੇਂ ਹੁੰਦੀ ਹੈ, ਲੇਖ ਪੜ੍ਹ ਕੇ ਜਗਿਆਸੂ ਨਿਹਾਲੋ ਨਿਹਾਲ ਹੋ ਜਾਂਦਾ ਹੈ। ਸੱਚੇ ਨਾਮ ਦੀ ਭੁੱਖ ਵੀ ਲਗਦੀ ਹੈ ਅਤੇ ਤ੍ਰਿਪਤੀ ਵੀ ਹੁੰਦੀ ਹੈ; ***'ਆਖਣਿ ਅਉਖਾ ਸਾਚਾ ਨਾਉ' (ਪੰਨਾ - 9)*** ਔਖਾ ਨਾਮ ਸੌਖਾ ਸੌਖਾ ਪ੍ਰਤੀਤ ਹੋਣ ਲਗਦਾ ਹੈ। ਇਹ ਹੈ ਆਤਮ ਮਾਰਗ ਦੀ ਵਿਲੱਖਣਤਾ ਜਿਸ ਦੇ ਆਪ ਭਾਗੀਦਾਰ ਹੋ।

ਨਾਮ ਅਭਿਆਸ ਲਈ ਵਿਸ਼ੇਸ਼ ਵਾਤਾਵਰਣ ਦੀ ਲੋੜ ਹੁੰਦੀ ਹੈ। ਪ੍ਰਦੂਸ਼ਿਤ ਮਨ ਵਿਚ, ਪ੍ਰਦੂਸ਼ਿਤ ਵਾਤਾਵਰਣ ਵਿਚ ਸਿਮਰਨ ਨਹੀਂ ਹੋ ਸਕਦਾ ਕਿਉਂਕਿ ਮਨ ਟਿਕਾਓ ਵਿਚ ਨਹੀਂ ਆਉਂਦਾ। ਗੁਰੂ ਮਹਾਰਾਜ ਨੇ ਕੁਦਰਤ ਦੀ ਬਹੁਲਤਾ ਵਿਚ ਰੱਬੀ ਪ੍ਰਕਾਸ਼ ਵੇਖਿਆ, 'ਬਲਿਹਾਰੀ ਕੁਦਰਤਿ ਵਸਿਆ।' ਅੱਜ ਦਾ ਵਾਤਾਵਰਣ ਬਹੁਤ ਪ੍ਰਦੂਸ਼ਤ ਹੋ ਗਿਆ ਹੈ। ਮਨ ਵੀ ਪ੍ਰਦੂਸ਼ਤ ਹਨ - ਠੱਗੀ, ਚੋਰੀ, ਬੇਈਮਾਨੀ, ਈਰਖਾ, ਵੈਰ, ਵਿਰੋਧ, ਵਿਭਚਾਰ, ਝੂਠ, ਨਿੰਦਿਆ, ਬਖੀਲੀ, ਮਾਇਆ ਕਾਰਨ ਕਤਲ ਜਿਵੇਂ ਸਾਡਾ ਸਾਰਾ ਭਾਈਚਾਰਾ ਨੀਵਾਣ ਵਲ ਜਾ ਰਿਹਾ ਹੈ। ਵਾਤਾਵਰਣ ਵੀ ਪ੍ਰਦੂਸ਼ਤ ਹੋ ਰਿਹਾ ਹੈ - ਰੁੱਖ, ਪਹਾੜ, ਨਦੀਆਂ, ਦਰਿਆ, ਜੰਗਲ, ਬੇਲੇ ਜਿਨ੍ਹਾਂ ਵਿਚ ਜਾ ਕੇ ਜਗਿਆਸੂ ਸਾਧਨਾ ਕਰਦੇ ਸੀ ਉਨ੍ਹਾਂ ਵਿਚ ਵੀ ਵਿਗਾੜ ਪੈਦਾ ਹੋ ਰਿਹਾ ਹੈ।

ਜਿਵੇਂ ਇਕ ਕਾਰਖਾਨੇ ਦਾ ਗੰਦਾ ਧੂਆਂ ਸਾਰਾ ਆਲਾ ਦੁਆਲਾ ਗੰਦਾ ਕਰ ਦਿੰਦਾ ਹੈ, ਤਿਵੇਂ ਹੀ ਇਸ ਦੇ ਵਿਪਰੀਤ ਸਵੱਛ ਵਾਤਾਵਰਣ ਮਨ ਵਿਚ ਟਿਕਾਉ, ਸ਼ਾਂਤੀ ਲਿਆਂਦਾ ਹੈ। ਮਹਾਂਪੁਰਸ਼ਾਂ ਰਾਹੀਂ ਰਤਵਾੜਾ ਸਾਹਿਬ ਦੀ ਸਿਰਜਨਾ ਵੀ ਐਸੀ ਦ੍ਰਿਸ਼ਟੀ ਤੋਂ ਹੋਈ। ਹੁਣ ਤਪੋਬਨ ਏਨਾ ਹਰਾ ਭਰਾ ਹੋ ਗਿਆ ਹੈ, ਰੁੱਖ ਪੂਰੇ ਜੋਬਨ ਤੇ ਆ ਗਏ ਹਨ, ਸਭ ਪਾਸੇ ਹਰਿਆਵਲ ਹੀ ਹਰਿਆਵਲ ਅੱਖਾਂ ਨੂੰ, ਸਾਰੇ ਸਰੀਰ ਨੂੰ ਤਰੋਤਾਜ਼ਾ ਕਰਦੀ ਹੈ। ਫੇਰ ਐਸੇ ਵਾਤਾਵਰਣ ਵਿਚ ਟਿਕੇ ਹੋਏ ਮਨਾ ਰਾਹੀਂ ਕੀਤਾ ਜਾਪ, ਸਿਮਰਨ ਅਭਿਆਸ ਸੱਚਖੰਡ ਦੀ ਆਭਾ ਦਿੰਦਾ ਹੈ। ਇਥੇ ਲਗਾਤਾਰ ਹੋ ਰਹੇ ਪਾਠ, ਕੀਰਤਨ, ਕਥਾ ਵਾਰਤਾ, ਮਹਾਂਪੁਰਸ਼ਾਂ ਦੇ ਅੰਮ੍ਰਿਤ ਦੀਵਾਨਾਂ ਨੇ ਬੈਕੁੰਠ ਦਾ ਨਜ਼ਾਰਾ ਬੰਨਿਆਂ ਹੋਇਆ ਹੈ। ਐਸੇ ਵਾਤਾਵਰਣ ਨੂੰ ਹੀ ਗੁਰੂ ਮਹਾਰਾਜ ਸੰਤ ਮੰਡਲ ਕਹਿੰਦੇ ਹਨ ਜਿਸ ਦੇ ਵਾਯੂਮੰਡਲ ਵਿਚ ਪੈ ਰਹੇ (aura) ਸੂਖਮ ਪ੍ਰਕਾਸ਼ ਤੋਂ ਕੋਈ ਮਨੁੱਖ ਜੀਅ ਜੰਤ ਅਭਿੱਜ ਨਹੀਂ ਰਹਿ ਸਕਦਾ। ਗੁਰੂ ਮਹਾਰਾਜ ਦਾ ਫੁਰਮਾਨ ਹੈ -

***ਸੰਤ ਮੰਡਲ ਮਹਿ ਹਰਿ ਮਨਿ ਵਸੈ॥***
***ਸੰਤ ਮੰਡਲ ਦੁਰਤੁ ਸਭੁ ਨਸੈ॥***
***ਸੰਤ ਮੰਡਲ ਮਹਿ ਨਿਰਮਲ ਰੀਤਿ॥***
***ਸੰਤਸੰਗਿ ਹੋਇ ਏਕ ਪਰੀਤਿ॥***
***ਸੰਤ ਮੰਡਲੁ ਤਹਾ ਕਾ ਨਾਉ॥***
***ਪਾਰਬ੍ਰਹਮ ਕੇਵਲ ਗੁਣ ਗਾਉ॥***
***ਸੰਤ ਮੰਡਲ ਮਹਿ ਜਨਮ ਮਰਣੁ ਰਹੈ॥***
***ਸੰਤ ਮੰਡਲ ਮਹਿ ਜਮੁ ਕਿਛੂ ਨ ਕਹੈ॥***
***ਸੰਤਸੰਗਿ ਹੋਇ ਨਿਰਮਲ ਬਾਣੀ॥***

***ਸੰਤ ਮੰਡਲ ਮਹਿ ਨਾਮੁ ਵਖਾਣੀ॥***
***ਸੰਤ ਮੰਡਲ ਕਾ ਨਿਹਚਲ ਆਸਨੁ॥***
***ਸੰਤ ਮੰਡਲ ਮਹਿ ਪਾਪ ਬਿਨਾਸਨੁ॥***
***ਸੰਤ ਮੰਡਲ ਮਹਿ ਨਿਰਮਲ ਕਥਾ॥***
***ਸੰਤਸੰਗਿ ਹਉਮੈ ਦੁਖ ਨਸਾ॥***
***ਸੰਤ ਮੰਡਲ ਕਾ ਨਹੀ ਬਿਨਾਸੁ॥***
***ਸੰਤ ਮੰਡਲ ਮਹਿ ਹਰਿ ਗੁਣਤਾਸੁ॥***
***ਸੰਤ ਮੰਡਲ ਠਾਕੁਰ ਬਿਸ੍ਰਾਮੁ॥***
***ਨਾਨਕ ਓਤਿ ਪੋਤਿ ਭਗਵਾਨੁ॥ ਪੰਨਾ - 1146***

ਐਸਾ ਸੰਤ ਮੰਡਲ ਜਿਸ ਦੇ ਪ੍ਰਕਾਸ਼ ਵਿਚ ਸਭ ਦੁਖ, ਸਭ ਦੋਸ਼, ਸਭ ਰੋਗ ਖਤਮ ਹੋ ਜਾਂਦੇ ਹਨ ਅਤੇ ਪ੍ਰਭੂ ਮਨ ਵਿਚ ਆ ਵਸਦਾ ਹੈ। ਜਿਥੇ ਮਨੁੱਖ ਦੀ ਕਰਨੀ ਨਿਰਮਲ ਸ਼ੁਧ ਹੋ ਜਾਂਦੀ ਹੈ, ਜਨਮ ਮਰਣ ਤੋਂ ਮੁਕਤ ਹੋ ਜਾਈਦਾ ਹੈ, ਸਾਰੇ ਪਾਪ ਬਿਨਸ ਜਾਂਦੇ ਹਨ ਅਤੇ ਪ੍ਰਮਾਤਮਾ ਨਾਲ ਇਕਮਿਕ ਹੋ ਜਾਈਦਾ ਹੈ।

ਐਸਾ ਸੰਤ ਮੰਡਲ ਵਿਸ਼ੇਸ਼ ਰੂਪ ਵਿਚ 29, 30 ਸਤੰਬਰ ਅਤੇ 1, 2 ਅਕਤੂਬਰ ਨੂੰ 10ਵੇਂ ਸਾਲਾਨਾ ਗੁਰਮਤਿ ਸਮਾਗਮ ਦੇ ਰੂਪ ਵਿਚ ਰਤਵਾੜਾ ਸਾਹਿਬ ਵਿਖੇ ਵਿਦਮਾਨ ਹੋ ਰਿਹਾ ਹੈ। ਬਖਸ਼ੀਆਂ ਹੋਈਆਂ ਰੂਹਾਂ ਅੰਮ੍ਰਿਤਮਈ ਕੀਰਤਨ ਕਰਨਗੀਆਂ, ਨਾਮ ਸਿਮਰਨ ਦੀਆਂ ਕਮਾਈਆਂ ਵਿਚੋਂ ਅਨਮੋਲ ਬਚਨਾਂ ਦੀ ਵਰਖਾ ਹੋਵੇਗੀ, ਦਿਨ ਰਾਤ ਬੈਕੁੰਠ ਦੇ ਅਦਭੁੱਤ ਦ੍ਰਿਸ਼ ਵਿਦਮਾਨ ਹੋਣਗੇ ਜਿਨ੍ਹਾਂ ਵਿਚ ਆਪ ਜੀ ਨੂੰ ਸ਼ਾਮਲ ਹੋਣ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ। ਆਪ ਜੀ ਸਾਰੇ ਆਤਮ ਮਾਰਗ ਦੇ ਪ੍ਰੇਮੀ ਅਤੇ ਸਤਿਸੰਗੀ, ਬੜੀ ਬੇਸਬਰੀ ਨਾਲ ਇਸ ਸਮੇਂ ਦੀ ਉਡੀਕ ਵਿਚ ਹੋ। ਜਿਨ੍ਹਾਂ ਨੇ ਨਾਮ ਜਪਿਆ ਹੈ, ਘਾਲਨਾ ਘਾਲੀ ਹੈ, ਮੁਸ਼ੱਕਤ ਕੀਤੀ ਹੈ, ਉਹ ਆਪਣਾ ਉਜੱਲ ਮੁੱਖ ਗੁਰੂ ਦਰਬਾਰ ਦੇ ਦਰਸ਼ਨ ਦੀਦਾਰ ਕਰਦੇ ਹਨ ਅਤੇ ਸਤਿਸੰਗੀਆਂ ਦਾ ਵੀ ਉਧਾਰ ਹੋ ਜਾਂਦਾ ਹੈ।

***ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥***
***ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥***
***ਪੰਨਾ - 8***

ਆਓ, ਵਹੀਰਾਂ ਘੱਤ ਕੇ ਆਓ।

***ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ॥***
***ਪੰਨਾ - 725***

ਰਤਵਾੜਾ ਸਾਹਿਬ ਅਤੇ ਰਤਵਾੜਾ ਸਾਹਿਬ ਦੇ ਸਮੂੰਹ ਪ੍ਰੇਮੀ ਆਪ ਸੰਗਤਾਂ ਦੇ ਚਰਨ ਪਰਸਨ ਲਈ ਬਿਹਬਲ ਹੋ ਰਹੇ ਹਨ।

ਇਸ ਵਾਰੀ ਦਸਵੇਂ ਸਮਾਗਮ ਵਿਚ ਇੰਗਲੈਂਡ, ਕੈਨੇਡਾ, ਅਮਰੀਕਾ, ਆਸਟਰੇਲੀਆ ਅਤੇ ਹੋਰ ਵਿਦੇਸ਼ਾਂ ਤੋਂ ਸੈਂਕੜਿਆਂ ਦੀ ਗਿਣਤੀ ਵਿਚ ਸਤਿਸੰਗ ਦਾ ਪੂਰਾ ਪੂਰਾ ਲਾਹਾ ਲੈਣ ਲਈ ਪ੍ਰੇਮੀ ਪਹੁੰਚ ਰਹੇ ਹਨ। ਸੈਂਕੜੇ ਪ੍ਰੇਮੀਆਂ, ਬੱਚਿਆਂ, ਬੀਬੀਆਂ ਦੀ ਰਿਹਾਇਸ਼ ਲਈ ਪ੍ਰਬੰਧ ਜ਼ੋਰ ਸ਼ੋਰ ਨਾਲ ਕੀਤੇ ਜਾ ਰਹੇ ਹਨ। ਵਿਦੇਸ਼ਾਂ ਤੋਂ ਆਉਣ ਵਾਲੇ ਵੀਰਾਂ ਭੈਣਾਂ, ਬਜ਼ੁਰਗਾਂ ਬੱਚੇ-ਬੱਚੀਆਂ ਲਈ ਨਵੀਆਂ ਆਧੁਨਿਕ ਇਮਾਰਤਾਂ ਸਿਰੇ ਚੜ੍ਹ ਰਹੀਆਂ ਹਨ। ਜਿਥੇ ਅਸੀਂ ਸਤਿਸੰਗ ਮੰਡਲ ਦਾ ਅਨੰਦ ਮਾਣਾਂਗੇ, ਉਥੇ ਦੂਰ ਰਹਿੰਦੇ ਪ੍ਰੀਤਵਾਨਾਂ ਨਾਲ ਦਰਸ਼ਨ, ਬਚਨਾਂ ਦੀ ਸਾਂਝ ਭੀ ਪਾਉਣ ਦਾ ਸੁਭਾਗ ਪ੍ਰਾਪਤ ਕਰਾਂਗੇ। ਹਵਾਈ ਜਹਾਜ਼ਾਂ ਵਿਚ ਸੀਟਾਂ ਰੀਜ਼ਰਵ ਹੋਣ ਦੀਆਂ ਖਬਰਾਂ ਅਸਾਨੂੰ ਦਿਤੀਆਂ ਜਾ ਰਹੀਆਂ ਹਨ ਅਤੇ ਰਿਹਾਇਸ਼ ਲਈ ਥਾਵਾਂ ਹੁਣੇ ਤੋਂ ਹੀ ਅਲਾਟ ਹੋ ਰਹੀਆਂ ਹਨ। ਵਿਦੇਸ਼ਾਂ ਤੋਂ ਆਏ ਪ੍ਰੇਮੀਆਂ, ਆਤਮ ਮਾਰਗ ਦੇ ਉਮਰ ਸਾਥੀਆਂ (Life Members) ਦੀ ਮੀਟਿੰਗ ਭੀ ਹੋਵੇਗੀ ਇਕ ਦੂਜੇ ਦੀਆਂ ਭਾਵਨਾਂ, ਸ਼ੁਭ ਸਲਾਹਾਂ ਦੀ ਸਾਂਝ ਪ੍ਰਾਪਤ ਕਰਾਂਗੇ। ਸੋ ਅਸੀਂ ਬੜੀ ਬੇਸਬਰੀ ਅਤੇ ਉਤਸ਼ਾਹ ਨਾਲ ਤੁਹਾਡੀ ਉਡੀਕ ਕਰ ਰਹੇ ਹਾਂ। ਸਫਰ ਵਿਚ, ਰਸਤੇ ਵਿਚ ਗੁਰੂ ਅੰਗ ਸੰਗ ਹੋ ਕੇ ਆਪ ਸਭ ਦੀ ਸਹਾਇਤਾ ਕਰਨ, ਸਾਡੀ ਅਰਦਾਸ ਹੈ।

LLLLLLL

## ਬਾਬਾ ਜੀ ਨੂੰ ਕੋਠੀ ਵਿਚ ਮਿਲਣ ਲਈ ਸਮਾਂ ਵੰਡ

**1. ਚੰਡੀਗੜ੍ਹ, ਮੋਹਾਲੀ ਅਤੇ ਪਿੰਡਾਂ ਦੀ ਸੰਗਤ ਲਈ –** ਹਰ ਸ਼ਨਿਚਰਵਾਰ ਸਵੇਰੇ 9 ਵਜੇ ਤੋਂ 10 ਵਜੇ ਤਕ।

**2. ਪੰਜਾਬ ਅਤੇ ਦੂਰੋਂ ਆਉਣ ਵਾਲੀ ਸੰਗਤ ਲਈ –** ਹਰ ਬੁੱਧਵਾਰ ਟੈਲੀਫੋਨ ਤੇ ਸਮਾਂ ਨੀਯਤ ਕਰਕੇ।

**3. ਵਿਦੇਸ਼ਾਂ ਤੋਂ ਆਉਣ ਵਾਲੇ ਪ੍ਰੇਮੀ –** ਸੋਮਵਾਰ ਤੋਂ ਸ਼ੁਕਰਵਾਰ ਟੈਲੀਫੋਨ ਤੇ ਸਮਾਂ ਨਿਸ਼ਚਿਤ ਕਰਕੇ।

**4. ਹਰ ਐਤਵਾਰ – ਸੰਗਰਾਂਦ, ਪੂਰਨਮਾਸ਼ੀ ਨੂੰ ਰਤਵਾੜਾ ਸਾਹਿਬ 12 ਵਜੇ ਤੋਂ 5 ਵਜੇ ਸ਼ਾਮ ਤਕ**

ਬਚਨ ਕੇਵਲ ਰੂਹਾਨੀ ਕੀਤੇ ਜਾਣਗੇ, ਹੋਰ ਬਚਨ ਕਰਨ ਦੀ ਸਖਤ ਮਨਾਹੀ ਹੈ

**ਪ੍ਰਬੰਧਕ**
**ਬਾਬਾ ਜੀ ਦੇ ਹੁਕਮ ਨਾਲ**

**For more information**
**please visit us on internet at :-**

**http://www.atammarg.org**
**&**
**http://www.atammarg.com**

# ਅਮਰ ਕਥਾ

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ - 64)*

ਇਕ ਮਹਾਂਪੁਰਸ਼ ਹੋਏ ਨੇ ਹਜ਼ਰਤ ਮੁਹੰਮਦ ਸਾਹਿਬ ਦੇ ਵੇਲੇ, ਉਹ ਮੁਹੰਮਦ ਸਾਹਿਬ ਜੀ ਦੇ ਦੁਧੀਆ ਭਰਾ ਸਨ। ਉਹ ਜਦ ਭਜਨ ਕਰਦੇ ਸਨ, ਕੰਬਦੇ ਰਹਿੰਦੇ ਸਨ। ਇਕ ਵਾਰੀ ਉਨ੍ਹਾਂ ਦੇ ਮੁਰੀਦਾਂ ਨੇ ਪੁੱਛਿਆ, ਮੁਰਸ਼ਦ! ਜਦ ਤੁਸੀਂ ਮੁਰਾਕਬੇ (ਸਮਾਧੀ) ਵਿਚ ਜਾਂਦੇ ਹੋ, ਤੁਸੀਂ ਕੰਬਦੇ ਬਹੁਤ ਹੋ। ਕਹਿਣ ਲੱਗੇ ਮੈਂ ਅੱਲਾ ਤਾਲਾ ਦੇ ਹਜ਼ੂਰ ਹੁੰਦਾ ਹਾਂ। ਓਥੇ ਬੇਅੰਤ ਨੇ-

***ਇਕ ਦੂ ਇਕਿ ਚੜੰਦੀਆ***
***ਕਉਣੁ ਜਾਣੈ ਮੇਰਾ ਨਾਉ ਜੀਉ॥ ਪੰਨਾ - 762***

ਮੇਰਾ ਨਾਉਂ ਨਹੀਂ ਜਾਣਦਾ ਕੋਈ। ਓਥੇ ਤਾਂ ਬੇਅੰਤ ਨੇ। ਉਹ ਬਾਰ-ਏ-ਗਾਹ ਖੁਦਾ (ਸੱਚਖੰਡ) ਦੇ ਵਿਚ ਮੈਨੂੰ ਡਰ ਲਗਦਾ ਹੈ ਕਿ ਕਿਤੇ ਮੈਂ ਗੁਸਤਾਖੀ ਨਾ ਕਰ ਲਵਾਂ, ਕਿਤੇ ਮੈਥੋਂ ਭੁੱਲ ਨਾ ਹੋ ਜਾਵੇ, ਏਥੇ ਆ ਕੇ ਕਿਤੇ ਮੇਰਾ ਮਨ ਦੁਨੀਆਂ ਦੀ ਬਾਤ ਨਾ ਸੋਚ ਲਵੇ ਕਿਉਂਕਿ ਉਸ ਦੇ ਨੈਣਾਂ ਵਿਚ ਅਦਬ ਦੀਆਂ ਸਲਾਈਆਂ ਪਾਈਆਂ ਹੋਈਆਂ ਸਨ।

***ਭੈ ਕੀਆ ਦੇਹਿ ਸਲਾਈਆ ਨੈਣੀ***
***ਭਾਵ ਕਾ ਕਰਿ ਸੀਗਾਰੋ॥ ਪੰਨਾ - 722***

ਪਿਆਰ ਦਾ ਸ਼ਿੰਗਾਰ ਕਰ। ਸਾਡਾ ਪਿਆਰ ਰੱਬ ਨਾਲ ਨਹੀਂ, ਦੁਨੀਆਂ ਨਾਲ ਹੈ। ਜਦ ਦੁਨੀਆਂ ਨਾਲ ਪਿਆਰ ਹੈ, ਉਹ ਝੂਠਾ ਪਿਆਰ ਹੈ, ਪਰਮੇਸ਼ਰ ਨਾਲ ਤਾਂ ਹੈ ਹੀ ਨਹੀਂ। ਹਜ਼ਾਰਾਂ ਲੱਖਾਂ (ਦਸ ਕਰੋੜ) ਵਿਚੋਂ ਇਕ ਬੰਦਾ ਹੈ ਜਿਸ ਦਾ ਪਰਮੇਸ਼ਰ ਨਾਲ ਪਿਆਰ ਹੈ, ਦੁਨੀਆਂ ਨਾਲ ਨਹੀਂ ਹੈ। ਗੁਰਬਾਣੀ ਵਿਚ ਫੁਰਮਾਨ ਹੈ -

***ਲੋਗ ਕੁਟੰਬ ਸਭਹੁ ਤੇ ਤੋਰੈ***
***ਤਉ ਆਪਨ ਬੇਢੀ ਆਵੈ ਹੋ॥ ਪੰਨਾ - 657***

ਸਾਰੀਆਂ ਪ੍ਰੀਤਾਂ ਛੱਡ ਕੇ ਇਕ ਨਾਲ ਪ੍ਰੀਤ ਰੱਖ ਲੈ ਫੇਰ ਆ ਜਾਏਗਾ। ਜੇ ਬਾਕੀਆਂ ਨਾਲ ਹੈ, ਫੇਰ ਨਹੀਂ ਆਇਆ ਕਰਦਾ। Unbreakable Love ਚਾਹੁੰਦਾ ਹੈ, ਉਹ ਪਿਆਰ ਚਾਹੁੰਦਾ ਹੈ, ਜਿਸਦੇ ਵਿਚ ਰਜ਼ਾ ਵਿਚ ਰਹਿਣ ਦੀ ਭਾਵਨਾ ਹੋਵੇ, ਨਿਹੋਰਾ ਨ ਹੋਵੇ, ਸ਼ਿਕਵਾ ਨ ਹੋਵੇ, ਉਲਾਂਭਾ ਨ ਹੋਵੇ; ਉਲਾਂਭੇ ਦੀ ਤਾਂ ਚੀਜ਼ ਹੀ ਹੋਰ ਹੋ ਜਾਂਦੀ ਹੈ। ਉਲਾਂਭਾ ਦਿਤਾ ਸੀ ਸਧਨੇ ਨੇ -

***ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ॥***
***ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ॥***
***ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ॥***
***ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ॥***
***ਪੰਨਾ - 858***

ਸਧਨਾ ਭਗਤ ਜਦੋਂ ਆਪਣੇ ਇਸ਼ਟ ਦੇਵ ਦੇ ਮੰਦਰ ਨੂੰ ਜਾਂਦਾ ਇਕ ਨਗਰ ਵਿਚ ਇਕ ਦਰਖਤ ਹੇਠ ਆਸਣ ਲਾ ਕੇ ਰਾਤ ਕੱਟ ਰਿਹਾ ਸੀ ਤਾਂ ਕਾਮ ਵਾਸ਼ਨਾ ਤੋਂ ਪੀੜਤ ਇਕ ਬਿਭਚਾਰਨ ਔਰਤ ਸਧਨੇ ਪਾਸ ਆਈ, ਇਸ ਨੇ ਉਸਨੂੰ ਇਸ ਮੰਦ ਕਰਮ ਤੋਂ ਵਰਜ ਦਿਤਾ। ਉਹ ਸਮਝੀ ਕਿ ਮੇਰੇ ਪਤੀ ਤੋਂ ਡਰ ਰਿਹਾ ਹੈ, ਉਸ ਨੇ ਟੋਕਾ (ਤੇਜ ਧਾਰ ਸ਼ਸ਼ਤਰ) ਲੈ ਕੇ ਆਪਣੇ ਪਤੀ ਦਾ ਸਿਰ ਵੱਢ ਦਿਤਾ। ਫੇਰ ਸਧਨੇ ਪਾਸ ਆ ਕੇ ਕਹਿਣ ਲੱਗੀ ਕਿ ਹੁਣ ਤਾਂ ਮੈਂ ਆਪਣਾ ਪਤੀ ਮਾਰ ਦਿਤਾ। ਸਧਨੇ ਨੇ ਕਿਹਾ ਬੀਬੀ! ਇਹੋ-ਜਿਹੀ ਮਾੜੀ ਗੱਲ, ਇਹੋ ਜਿਹਾ ਮਾੜਾ ਫੁਰਨਾ ਤੇਰਾ? ਜਦ ਉਸ ਬੀਬੀ ਨੇ ਦੇਖਿਆ ਕਿ ਇਹ ਮੇਰਾ ਕਿਹਾ ਨਹੀਂ ਮੰਨਦਾ ਤਾਂ ਉਸ ਨੇ ਰੌਲਾ ਪਾ ਦਿਤਾ ਕਿ ਇਸ ਨੇ ਮੇਰਾ ਪਤੀ ਮਾਰ ਦਿਤਾ। ਸਧਨਾ ਫੜਿਆ ਗਿਆ। ਹੁਕਮ ਹੋ ਗਿਆ ਕਿ ਇਸ ਦੇ ਦੋਵੇਂ ਹੱਥ ਕੱਟ ਕੇ ਦੀਵਾਰ ਵਿਚ ਚਿਣ ਦਓ। ਉਥੇ ਦੇ ਰਾਜੇ ਦੇ ਕਿਲੇ ਦੀ ਦੀਵਾਰ ਢਹੀ ਜਾਂਦੀ ਸੀ। ਜੋਤਸ਼ੀਆਂ ਨੇ ਕਿਹਾ ਕਿ ਕਿਸੇ ਮਨੁੱਖ ਨੂੰ ਜਿਉਂਦੇ ਨੂੰ ਕੰਧ ਵਿਚ ਚਿਣ ਦੇਵੋ ਤਾਂ ਦੀਵਾਰ ਖੜ੍ਹੀ ਰਹਿ ਜਾਵੇਗੀ। ਕਰੜਾ ਥਾਂ ਹੈ, ਬਲੀ ਮੰਗਦਾ ਹੈ ਇਹ ਥਾਂ। ਸੋ ਚਿਣਾਈ ਸ਼ੁਰੂ ਹੋ ਗਈ।

ਸਧਨਾ ਬੇਨਤੀਆਂ ਕਰਦਾ ਹੈ ਕਿ ਹੇ ਪ੍ਰਭੂ! ਮੈਂ ਤਾਂ ਤੇਰੀ ਭਗਤੀ ਕਰਦਾ ਸੀ, ਮੈਂ ਤੇਰੇ ਦਰਸ਼ਨਾਂ ਵਾਸਤੇ ਆ ਰਿਹਾ ਸੀ, ਇਹ ਕੀ ਭਾਣਾ ਵਰਤ ਗਿਆ ਮੇਰੇ ਨਾਲ? ਤੂੰ ਤਾਂ ਐਨਾ ਦਿਆਲੂ ਕ੍ਰਿਪਾਲੂ ਹੈਂ ਕਿ ਜੇ ਤੇਰਾ ਭੇਖ ਵੀ ਕਿਸੇ ਨੇ ਧਾਰ ਲਿਆ ਤਾਂ ਵੀ ਤੂੰ ਉਸ ਦੀ ਰਾਖੀ ਕਰ ਦਿੰਦਾ ਹੈਂ।

ਇਕ ਸਾਖੀ ਇਸ ਤਰ੍ਹਾਂ ਹੈ ਕਿ ਇਕ ਰਾਜੇ ਦੇ ਰਾਜ ਵਿਚ ਕਿਸੇ ਇਕ ਲੜਕੇ ਨੇ ਸੁਣਿਆ ਸੀ ਕਿ ਇਸ ਦੇਸ਼ ਦੇ ਰਾਜੇ ਦੀ ਲੜਕੀ ਵਿਸ਼ਨੂੰ ਭਗਵਾਨ ਨਾਲ ਸ਼ਾਦੀ ਕਰਾਉਣਾ ਚਾਹੁੰਦੀ ਹੈ। ਉਸ ਦਾ ਇਕ ਮਿੱਤਰ ਇੰਜੀਨੀਅਰ ਸੀ, ਉਸ ਨੂੰ ਕਿਹਾ ਕਿ ਮੈਨੂੰ ਇਕ ਉਡਣ ਖਟੋਲਾ ਬਣਾ ਕੇ ਦੇਹ, ਜਿਸ ਦੇ ਨਾਲ ਮੈਂ ਮਹਿਲਾਂ ਵਿਚ ਜਾ ਕੇ ਉਤਰਾਂ। ਮੇਰੇ ਚਾਰ ਬਾਹਾਂ ਲਗਾ ਦੇਹ ਜਿਹੜੀਆਂ ਹਿਲਦੀਆਂ ਹੋਣ (ਅੱਜਕੱਲ੍ਹ ਤਾਂ ਲਾ ਦਿੰਦੇ ਨੇ, ਉਹ ਹਿਲਦੀਆਂ ਜੁਲਦੀਆਂ ਨੇ, ਸਭ ਕੁਛ ਹੁੰਦਾ ਹੈ) ਉਸੇ ਤਰ੍ਹਾਂ ਨਾਲ ਕਰ ਦਿਤਾ। ਪੂਰੀ ਤਰ੍ਹਾਂ ਵਿਸ਼ਨੂੰ ਜੀ ਦਾ ਭੇਸ ਬਣਾ ਕੇ ਚਲਿਆ ਗਿਆ। ਖੜਾਕ ਹੋਇਆ, ਲੜਕੀ ਛੱਤ ਉਤੇ ਆ ਗਈ। ਇਸ ਦੇ ਮਹਿਲ ਵਿਚ ਜਾ ਕੇ ਉਤਰ ਗਿਆ। ਨਮਸਕਾਰਾਂ ਕਰਦੀ ਹੈ, ਬੇਨਤੀਆਂ ਕਰਦੀ ਹੈ, ਹੇ ਭਗਵਾਨ, ਤੂੰ ਮੇਰੇ ਮਨ ਦੀ ਇੱਛਾ ਪੂਰੀ ਕੀਤੀ ਹੈ। ਰਾਜੇ ਨੂੰ ਖਬਰ ਕੀਤੀ। ਰਾਜਕੁਮਾਰੀ ਦਾ ਵਿਆਹ ਕਰ ਦਿਤਾ।

ਕਹਿਣ ਲੱਗਿਆ, "ਦੇਖੋ, ਮੈਂ ਇਸ ਤਰ੍ਹਾਂ ਤਾਂ ਨਹੀਂ ਰਹਿਣਾ ਸੰਸਾਰ ਦੇ ਅੰਦਰ, ਇਹ ਮੇਰਾ ਦੇਵ ਲੋਕ ਦਾ ਸਰੀਰ ਹੈ, ਮੈਂ ਮਨੁੱਖ ਤਨ ਧਾਰ ਕੇ ਆਉਂਦਾ ਹਾਂ।" ਸੋ ਦੂਸਰੇ ਦਿਨ ਆਪਣੇ ਅਸਲੀ ਰੂਪ ਵਿਚ ਆ ਗਿਆ ਤੇ ਮਹਿਲਾਂ ਤੋਂ ਉਤਰ ਕੇ ਹੇਠਾਂ ਆ ਕੇ ਰਹਿਣਾ ਸ਼ੁਰੂ ਕਰ ਦਿਤਾ। ਕਾਫੀ ਸਮਾਂ ਲੰਘ

ਗਿਆ, ਨਾਲ ਦੇ (ਪੜੌਸੀ) ਰਾਜੇ ਨੇ ਜਦ ਸੁਣਿਆ ਕਿ ਇਸ ਰਾਜੇ ਦੇ ਘਰ ਕਹਿੰਦੇ ਨੇ ਕਿ ਵਿਸ਼ਨੂੰ ਜੀ ਰਹਿੰਦੇ ਨੇ, ਉਸ ਨੇ ਵਿਚਾਰਿਆ ਕਿ ਇਹ ਗੱਲ ਹੋ ਨਹੀਂ ਸਕਦੀ, ਇਹ ਜ਼ਰੂਰ ਕੋਈ ਖੜਯੰਤਰ ਹੈ, ਛਲ ਹੈ, ਕਪਟ ਹੈ। ਰਾਜ ਕੁਮਾਰੀ ਦੇ ਪਿਤਾ ਰਾਜੇ ਨੇ ਇਸ ਭਰੋਸੇ ਤੇ ਕਿ ਮੇਰਾ ਤਾਂ ਦਾਮਾਦ ਵਿਸ਼ਨੂੰ ਭਗਵਾਨ ਹੈ ਮੈਨੂੰ ਫੌਜਾਂ ਰੱਖਣ ਦੀ ਕੀ ਲੋੜ ਹੈ, ਉਸ ਨੇ ਫੌਜਾਂ ਹਟਾ ਦਿਤੀਆਂ। ਹਮਲਾ ਕਰਨ ਵਾਲੇ ਰਾਜੇ ਨੇ ਸਾਰੀ ਗੱਲ ਵਿਚਾਰੀ, ਸੋਚਿਆ ਕਿ ਫੌਜਾਂ ਤੋਂ ਬਿਨਾਂ ਰਾਜ ਖਾਲੀ ਪਿਆ ਹੈ, ਚਲੋ ਚੱਲ ਕੇ ਉਸ ਦਾ ਰਾਜ ਮੱਲ ਲਈਏ। ਫੌਜਾਂ ਨੇ ਚੜ੍ਹਾਈ ਕਰ ਦਿਤੀ, ਵਜ਼ੀਰਾਂ ਨੇ, ਫੌਜੀ ਜਰਨੈਲਾਂ ਨੇ ਆ ਕੇ ਕਿਹਾ ਕਿ ਮਹਾਰਾਜ! ਫੌਜ ਤਾਂ ਹਟਾ ਦਿਤੀ, ਹੁਣ ਲੜਾਈ ਕਿਵੇਂ ਕਰੀਏ? ਹੁਕਮ ਹੋਵੇ ਤਾਂ ਉਨ੍ਹਾਂ ਸਾਰਿਆਂ ਨੂੰ ਬੁਲਾ ਲਈਏ। ਦੁਸ਼ਮਣ ਸਰਹੱਦ ਪਾਰ ਕਰ ਰਿਹਾ ਹੈ, ਉਸ ਹਮਲਾਆਵਰ ਰਾਜੇ ਦੀ ਮੁਖਾਲਫਤ ਕੋਈ ਨਹੀਂ ਕਰ ਰਿਹਾ।

ਕਹਿੰਦਾ, ਨਾ, ਮੇਰੇ ਦਾਮਾਦ ਜਦ ਭਗਵਨ ਨੇ, ਫੇਰ ਮੈਨੂੰ ਫੌਜ ਦੀ ਕੀ ਲੋੜ ਹੈ। ਉਸਨੂੰ 100% ਨਿਸ਼ਚਾ ਹੈ।

ਉਹ ਆਕਰਮਣਕਾਰੀ ਰਾਜਾ ਨੇੜੇ ਆ ਗਿਆ। ਸ਼ਹਿਰ ਦੇ ਦਰਵਾਜ਼ੇ ਬੰਦ ਕੀਤੇ ਹੋਏ ਨੇ। ਮਹਾਰਾਜ! ਬਾਹਰਲੀ ਫਸੀਲ ਤੇ ਆ ਗਏ, ਪਉੜੀਆਂ ਲਾ ਕੇ ਚੜ੍ਹ ਰਹੇ ਨੇ, ਦਰਵਾਜ਼ਾ ਭੰਨ ਦਿਤਾ, ਹੁਕਮ ਹੋਵੇ ਤਾਂ ਫਾਇਰ ਕਰੀਏ?

ਕਹਿੰਦਾ, "ਨਹੀਂ, ਭਗਵਾਨ ਸਭ ਕੁਝ ਆਪੇ ਹੀ ਕਰਨਗੇ।"

ਏਧਰੋਂ ਇਸ ਪ੍ਰੇਮੀ ਨੂੰ ਪਤਾ ਲਗ ਗਿਆ। ਉਸ ਨੂੰ ਲੜਕੀ ਕਹਿੰਦੀ ਹੈ ਕਿ ਤੁਸੀਂ ਹੁਣ ਰਖਸ਼ਾ ਕਰੋ ਭਗਵਾਨ ਜੀ। ਕਹਿਣ ਲੱਗਿਆ, ਕੋਈ ਗੱਲ ਨਹੀਂ ਤੂੰ ਫਿਕਰ ਨ ਕਰ ਮੈਂ ਰਖਸ਼ਾ ਕਰਦਾ ਹਾਂ।

ਉਹ ਅੰਦਰਲੇ ਕਮਰੇ ਵਿਚ ਗਿਆ, ਜਾ ਕੇ ਅੰਦਰ ਫਾਹਾ ਲੈਣ ਲੱਗ ਗਿਆ। ਰੱਸਾ ਗਲ ਵਿਚ ਬੰਨ੍ਹ ਲਿਆ, ਕੁਰਸੀ ਦੇ ਉਪਰ ਖੜ੍ਹਾ ਹੋ ਗਿਆ ਤੇ ਜਦੋਂ ਫਾਂਸੀ ਲੈਣ ਲਈ ਕੁਰਸੀ ਤੋਂ ਛਾਲ ਮਾਰਨ ਲੱਗਿਆ, ਭਗਵਾਨ ਨੇ ਆ ਕੇ ਉਸ ਨੂੰ ਫੜ ਲਿਆ। ਕਹਿੰਦੇ ਹੁਣ ਕੀ ਕਰਦਾ ਹੈਂ? ਤੈਨੂੰ ਤਾਂ ਕਿਸੇ ਨੇ ਨਹੀਂ ਮਾੜਾ ਕਹਿਣਾ, ਮੇਰੀ ਭਗਵਾਨ ਦੀ ਹੀ ਨਿੰਦਾ ਹੋਵੇਗੀ, ਜਨਤਾ ਦੇ ਨਿਸ਼ਚੇ ਟੁੱਟ ਜਾਣਗੇ। ਸਾਰੀ ਦੁਨੀਆਂ ਨਾਸਤਿਕ ਹੋ ਜਾਏਗੀ। ਤੂੰ ਜਾਹ, ਇਹ ਮੇਰੀ ਕਲਾ ਵਰਤੇਗੀ। ਐਸੀ ਕਲਾ ਵਰਤੀ, ਐਸੀ ਗੁਪਤ ਲੜਾਈ ਹੋਈ ਕਿ ਉਸ ਰਾਜੇ ਨੂੰ ਹਾਰ ਮੰਨਣੀ ਪਈ।

ਸੋ ਸਧਨਾ ਕਹਿਣ ਲੱਗਿਆ, "ਹੇ ਭਗਵਨ! ਐਨੀ ਆਪ ਨੇ ਆਪਣੀ ਲਾਜ ਪਾਲੀ ਕਿ ਇਕ ***'ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ॥' (ਪੰਨਾ – 858)*** ਉਹ ਕਾਮੀ ਬੰਦੇ ਦੀ ਆਪ ਨੇ ਆ ਕੇ ਪੈਜ ਸਵਾਰ ਦਿਤੀ। ਉਹ ਭਗਤ ਨਹੀਂ ਸੀ, ਉਸ ਨੇ ਤੁਹਾਡਾ ਰੂਪ ਧਾਰ ਕੇ, ਪਖੰਡ ਕੀਤਾ ਸੀ।

ਕਹਿੰਦੇ ਸਧਨਿਆ! ਤੇਰਾ ਕਰਮ ਹੈ ਜਿਸਦਾ ਤੂੰ ਫਲ ਭੋਗਣਾ ਹੈ।

ਕਹਿੰਦਾ, ***"ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ॥" (ਪੰਨਾ – 858)*** ਫੇਰ ਤੇਰੀ ਸ਼ਰਣ ਆਉਣ ਦਾ ਕੀ ਫਾਇਦਾ ਜੇ ਤੇਰੀ ਸ਼ਰਨ ਆ ਕੇ ਭੀ ਮੇਰੇ ਕਰਮਾਂ ਦਾ ਨਾਸ਼ ਨਾ ਹੋਇਆ। ਬੇਨਤੀ ਕਰਕੇ ਪੁਛਿਆ, "ਮੇਰਾ ਉਹ ਕਿਹੜਾ ਕਰਮ ਹੈ ਜਿਸ ਦਾ ਮੈਨੂੰ ਫਲ ਭੁਗਤਾ ਰਹੇ ਹੋ?"

ਭਗਵਾਨ ਨੇ ਕਿਹਾ, ਸਧਨਿਆ! ਪਿਛਲੇ ਜਨਮ ਵਿਚ ਤੂੰ ਮੋਨੀ ਸੰਤ ਸੀ। ਬੁੱਚੜ ਗਊ ਮਾਰਨ ਵਾਸਤੇ ਲਈ ਜਾਂਦੇ ਸੀ, ਉਸ ਗਊ ਨੇ ਰੱਸਾ ਤੁੜਾ ਲਿਆ। ਤੇਰੇ ਪਿਛੇ ਡੂੰਘਾ ਟੋਆ ਸੀ, ਗਊ ਉਸ ਦੇ ਵਿਚ ਲੁਕ ਗਈ। ਤੈਥੋਂ ਬੁਚੜਾਂ ਨੇ ਪੁਛਿਆ ਕਿ ਗਊ ਕਿਥੇ ਛੁਪੀ ਹੈ? ਇਕ ਦੇ ਹੱਥ ਵਿਚ ਛੁਰਾ ਹੈ ਤੈਨੂੰ ਪਤਾ ਲਗ ਗਿਆ ਕਿ ਇਹ ਤਾਂ ਕਸਾਈ ਹਨ। ਤੇਰਾ ਮੋਨ ਵਰਤ ਰੱਖਿਆ ਹੋਇਆ ਸੀ। ਬੋਲ ਕੇ ਦੱਸਣ ਦੀ ਥਾਂ ਤੂੰ ਆਪਣੇ ਦੋਨਾਂ ਹੱਥਾਂ ਨਾਲ ਇਸ਼ਾਰਾ ਕਰਕੇ ਦੱਸਿਆ ਕਿ ਗਊ ਮੇਰੇ ਪਿਛੇ ਇਸ ਡੂੰਘੇ ਟੋਏ ਵਿਚ ਛੁਪੀ ਹੋਈ ਹੈ। ਦੋਹਾਂ ਹੱਥਾਂ ਨਾਲ ਦੱਸਿਆ ਸੀ, ਇਸ ਕਰਕੇ ਤੇਰੇ ਦੋਇ ਹੱਥ ਵੱਢੇ ਗਏ, ਇਹ ਤੇਰਾ ਕਰਮ ਸੀ ਜਿਸ ਦਾ ਫਲ ਤੈਨੂੰ ਭੁਗਤਣਾ ਪੈਣਾ ਹੈ ਕਿਉਂਕਿ –

***ਭੋਗੇ ਬਿਨ ਭਾਗੇ ਨਹੀਂ ਕਰਮ ਗਤੀ ਬਲਵਾਨ।***

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥***

***ਪੰਨਾ – 433***

ਪਰਮੇਸ਼ਰ ਨੂੰ ਉਲਾਂਭਾ ਦਿੰਦਿਆਂ ਬੇਨਤੀ ਕਰੀ ਕਿ ਹੇ ਪ੍ਰਭੂ! ਤੇਰੀ ਭਗਤੀ ਕਰਨ ਦਾ ਕੀ ਲਾਭ ਹੋਇਆ, ਜੇ ਕਰਮਾਂ ਦਾ ਹੀ ਨਾਸ਼ ਨਾ ਹੋਇਆ। ਸ਼ੇਰ ਦੀ ਸ਼ਰਨ ਜਾ ਕੇ ਜੇ ਗਿੱਦੜਾਂ ਦਾ ਡਰ ਬਣਿਆ ਰਹੇ ਫੇਰ ਸ਼ੇਰ ਦੀ ਸ਼ਰਨ ਜਾਣ ਦਾ ਕੀ ਫਾਇਦਾ ਹੋਇਆ। ਸਧਨੇ ਦੀ ਇਹ ਬੇਨਤੀ ਸੁਣ ਕੇ ਅਕਾਸ਼ ਬਾਨੀ ਹੋਈ, "ਸਧਨਿਆ! ਜੇਰਾ ਕਰ। ਪਰ ਸਧਨੇ ਨੇ ਫੇਰ ਬੇਨਤੀ ਕਰਕੇ ਕਿਹਾ–

***ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ॥***
***ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ॥***

***ਪੰਨਾ – 858***

ਹੇ ਪ੍ਰਭੂ! ਲੱਕ ਤੋਂ ਉੱਪਰ ਕੰਧ ਟੱਪ ਗਈ ਹੈ, ਮੇਰਾ ਸਾਹ ਘੁਟਣਾ ਸ਼ੁਰੂ ਹੋ ਗਿਆ ਪਰ ਤੁਸੀਂ ਕਹਿੰਦੇ ਹੋ ਠਹਿਰ ਜਾ, ਜੇਰਾ ਕਰ। ਇਕ ਬੂੰਦ ਦੇ ਵਾਸਤੇ ਚਾਤ੍ਰਿਕ ਦੁੱਖ ਪਾ ਰਿਹਾ ਹੋਵੇ ਅਤੇ ਪਿਆਸਾ ਹੀ ਮਰ ਜਾਵੇ। ਫੇਰ ਜੇ ਮਰਨ ਤੋਂ ਪਿਛੋਂ ਸਾਗਰ ਵੀ ਮਿਲ ਜਾਵੇ, ਕਿਸ ਕੰਮ ਆਏਗਾ। ਫੇਰ ਦੂਜੀ ਵਾਰੀ ਅਕਾਸ਼ ਬਾਣੀ ਹੋਈ, "ਠਹਿਰ ਸਧਨਿਆਂ, ਠਹਿਰ।"

ਥੋੜ੍ਹੇ ਹੋਰ ਸਮੇਂ ਵਿਚ ਕਿਲੇ ਦੀ ਕੰਧ ਛਾਤੀ ਤਕ ਚਲੀ ਗਈ, ਦਮ ਘੁੱਟਣ ਲੱਗ ਗਿਆ। ਉਸ ਨੇ ਫੇਰ ਬੇਨਤੀ ਕੀਤੀ ਕਿ ਹੇ ਪ੍ਰਭੂ! ਮੈਂ ਹੁਣ ਕੀ ਠਹਿਰਾਂ –

***ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਵਉ॥***
***ਬੂਡਿ ਮੁਏ ਨਉਕਾ ਮਿਲੈ ਕਹੁ ਕਾਹਿ ਚਢਾਵਉ॥***

***ਪੰਨਾ – 858***

ਹੇ ਪ੍ਰਭੂ! ਮੇਰੇ ਪ੍ਰਾਨ ਨਿਕਲਣ ਵਾਲੇ ਹੀ ਹਨ, ਮੈਂ ਮਰਨ ਕਿਨਾਰੇ ਪੁੱਜਣ ਵਾਲਾ ਹੀ ਹਾਂ। ਪ੍ਰਭ ਜੀ, ਜੇ ਕੋਈ ਬੰਦਾ ਪਾਨੀ ਵਿਚ ਡੁਬਦਾ ਪੁਕਾਰਾਂ ਕਰਦਾ ਹੋਵੇ ਕਿ ਮੇਰੀ ਮਦਦ ਕਰੋ, ਪਾਣੀ ਵਿਚੋਂ ਕੱਢੋ। ਉਹ ਪਾਣੀ ਵਿਚ ਡੁੱਬ ਕੇ ਮਰ ਜਾਵੇ ਫੇਰ ਉਸ ਦੀ ਮਦਦ ਕਰਨ ਲਈ ਕਿਸ਼ਤੀ ਪਹੁੰਚ ਜਾਵੇ ਆਪ ਹੀ ਦੱਸੋ ਕਿਸਨੂੰ ਕਿਸ਼ਤੀ ਤੇ ਚੜ੍ਹਾਵੋਂਗੇ। ਹੁਣ ਕਿਸ਼ਤੀ ਕਿਸ ਕੰਮ?

ਫੇਰ ਆਕਾਸ਼ ਬਾਣੀ ਹੋਈ ਅਤੇ ਕਿਹਾ ਕਿ ਸਧਨਿਆ! ਸ਼ਰੀਕਾਂ ਵਾਂਗੂ ਮਿਹਣੇ ਦੇਣ ਲੱਗ ਗਿਆ? ਇਹ ਪਿਆਰਿਆਂ ਦੀ ਗੱਲ ਤਾਂ ਨਹੀਂ ਹੈ। ਪਿਆਰੇ ਤਾਂ ਮੇਰੀ ਰਜ਼ਾ ਵਿਚ ਰਾਜ਼ੀ ਰਹਿੰਦੇ ਨੇ। ਬੰਦ-ਬੰਦ ਕੱਟ ਹੋ ਰਹੇ ਨੇ, ਉਹ ਇਹੋ ਬੇਨਤੀ ਕਰਦੇ ਹਨ ਕਿ ਪ੍ਰਭੂ! ***'ਤੇਰਾ ਕੀਆ ਮੀਠਾ ਲਾਗੈ।।'*** ਪਰ ਮੇਰੇ ਪਿਆਰੇ ਸ਼ਿਕਵਾ ਨਹੀਂ ਕਰਦੇ। ਰਜ਼ਾ ਵਿਚ ਰਾਜ਼ੀ ਰਹਿੰਦੇ ਹਨ। ਹੋਸ਼ ਆਈ, ਬੇਨਤੀ ਕੀਤੀ -

***ਮੈਂ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ॥***
***ਅਉਸਰ ਲਜਾ ਰਾਖਿ ਲੇਹੁ ਸਧਨਾ ਜਨ ਤੋਰਾ॥***

***ਪੰਨਾ - 858***

ਸੋ ਇਸ ਤਰ੍ਹਾਂ ਸ਼ਿਕਵਾ ਨਹੀਂ ਹੁੰਦਾ ਪਿਆਰ ਵਿਚ ***'ਭਾਵੈ ਧੀਰਕ ਭਾਵੈ ਧਕੇ ਏਕੁ ਵਡਾਈ ਦੇਇ'*** ਜਿਹੜੀ ਵੀ ਵਡਿਆਈ ਮਿਲ ਗਈ; ਧੱਕਿਆਂ ਵਾਲੀ ਮਿਲ ਗਈ ਧੱਕਿਆਂ ਵਾਲੀ ਹੀ ਸਹੀ। ਉਹ ਭੀ ਤੇਰੇ ਵਲੋਂ ਹੀ ਮਿਲੀ ਹੈ।

ਸੋ ਮਹਾਰਾਜ ਕਹਿੰਦੇ ਹਨ ਪਿਆਰ ਕਰਨ ਵਾਲੇ ਰਜ਼ਾ ਵਿਚ ਪ੍ਰਸੰਨ, ਖਿੜੇ ਚਿਤ ਰਹਿੰਦੇ ਹਨ। ਇਸ ਤਰ੍ਹਾਂ ਦੇ ਪਿਆਰ ਦਾ ਸ਼ਿੰਗਾਰ ਕਰ। ਪਿਆਰ ਵਿਚ ਸ਼ਿਕਵਾ ਨਹੀਂ ਹੋਇਆ ਕਰਦਾ। ਜੋ ਕੁਛ ਉਹ ਕਰਦਾ ਹੈ, ਉਹ ਕੁਛ ਹੀ ਭਲਾ ਮਨਾਵੇ। ਸੋ ਇਸ ਤਰ੍ਹਾਂ ਦੇ ਨਾਲ ਆਪ ਫੁਰਮਾਨ ਕਰਦੇ ਹਨ-

***ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ॥***
***ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ॥***
***ਕਰਣ ਪਲਾਹ ਕਰੇ ਬਹੁਤੇਰੇ ਸਾ ਧਨ ਮਹਲੁ ਨ ਪਾਵੈ॥***

***ਪੰਨਾ - 722***

ਜੇ ਕਰਣ ਪਲਾਹ ਕਰਦੀ ਹੈ, ਉਲਾਂਭੇ ਦਿੰਦੀ ਹੈ, ਉਸ ਨੂੰ ਰਹਿਣ ਨੂੰ ਥਾਂ ਨਹੀਂ ਮਿਲਿਆ ਕਰਦਾ-

***ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ॥***
***ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ॥***
***ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ॥***

***ਪੰਨਾ - 722***

ਫੇਰ ਪ੍ਰਸ਼ਨ ਉਠਦਾ ਹੈ ਕਿ ਪ੍ਰਭੂ ਦਾ ਮਿਲਾਪ ਕਿਵੇਂ ਹੋਵੇ?

ਗੁਰੂ ਨਾਨਕ ਪਾਤਸ਼ਾਹ ਜੀ ਕਹਿੰਦੇ ਹਨ ਕਿ ਭਾਈ ਪੁੱਛ ਲਓ, ਇਹ ਗੱਲ, ਜਿਨ੍ਹਾਂ ਨੂੰ ਪ੍ਰਭੂ ਮਿਲਿਆ ਹੈ। ਪੁੱਛੋ ਉਨ੍ਹਾਂ ਨੂੰ ਜਾ ਕੇ -

***ਧਾਰਨਾ - ਮੈਨੂੰ ਦੱਸਿਓ ਸੁਹਾਗਣਿ ਸਹੀਓ,***
***ਕਿਵੇਂ ਤੁਸੀਂ ਰਾਵਿਆ ਕੰਤ ਪਿਆਰਾ -2,2***
***ਕਿਵੇਂ ਤੁਸੀਂ ਰਾਵਿਆ ਕੰਤ ਪਿਆਰਾ -2,2***
***ਮੈਨੂੰ ਦੱਸਿਓ ਸੁਹਾਗਣਿ ਸਹੀਓ, .....-2.***

***ਜਾਇ ਪੁਛਹੁ ਸੁਹਾਗਣੀ***
***ਵਾਹੈ ਕਿਨੀ ਬਾਤੀ ਸਹੁ ਪਾਈਐ॥ ਪੰਨਾ - 722***

ਪੂਰੇ ਜਗਿਆਸੂ ਦੇ ਮਨ ਵਿਚ ਜਦੋਂ ਦਰਸ਼ਨਾਂ ਦੀ ਲੋਚਾ ਜਾਗਦੀ ਹੈ ਤਾਂ ਉਸ ਦੇ ਹਿਰਦੇ ਵਿਚੋਂ ਪੁਕਾਰ ਉਠਦੀ ਹੈ ਕਿ ਕੋਈ ਹੈ ਐਸਾ ਪੁਰਸ਼? ਜੋ ਮੈਨੂੰ ਮੇਰੇ ਪ੍ਰਭੂ ਨਾਲ ਮਿਲਾ ਦੇਵੇ। ਵੱਡੇ ਤੋਂ ਵੱਡਾ ਮੁੱਲ ਦੇਣ ਨੂੰ ਤਿਆਰ ਹਾਂ, ਆਪਣਾ ਤਨ, ਆਪਣਾ ਮਨ, ਆਪਣਾ ਧਨ ਅਤੇ ਆਪਣੇ ਮਨ ਦੀ ਮਤ ਭੀ ਭੇਟ ਕਰਨ ਨੂੰ ਤਿਆਰ ਹਾਂ।

ਗੁਰ ਇਤਿਹਾਸ ਵਿਚ ਇਕ ਸਾਖੀ ਆਉਂਦੀ ਹੈ ਕਿ ਗੁਰੂ ਨਾਨਕ ਪਾਤਸ਼ਾਹ ਜਦੋਂ ਆਸਾਮ ਤੋਂ ਚਟਾਗਾਂਗ ਹੁੰਦੇ ਹੋਏ ਸੋਨ ਦੀਪ ਵਲ ਗਏ, ਉਥੇ ਛੋਟੇ-ਛੋਟੇ ਟਾਪੂਆਂ ਦੇ ਵੱਖਰੇ-ਵੱਖਰੇ ਰਾਜ ਸਨ ਜੋ ਪੂਰੀ ਤਰ੍ਹਾਂ ਨਿਸ਼ਚਿੰਤ ਹੋ ਕੇ ਸੁਖੀ ਵਸਦੇ ਸਨ। ਉਨ੍ਹਾਂ ਵਿਚ ਹੀ ਰਾਜਾ ਸੁਧਰਸੈਨ ਦਾ ਰਾਜ ਸੀ, ਉਸ ਦਾ ਭਾਣਜਾ ਇੰਦ੍ਰਸੈਨ ਸੀ ਜਿਸਨੂੰ ਰੂਹਾਨੀ ਲਗਨ ਲੱਗੀ ਹੋਈ ਸੀ ਉਹ ਭਾਈ ਝੰਡੇ ਦਾ ਸਤਿਸੰਗੀ ਮਿਤਰ ਸੀ। ਨਵਾਂ ਦੇਸ਼ ਆ ਜਾਣ ਕਰਕੇ ਮਰਦਾਨੇ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਕਿਹਾ ਕਿ ਇਥੇ ਮੁਸਲਮਾਨਾਂ ਨਾਲ ਨਫਰਤ ਹੋਣ ਕਰਕੇ ਕਈ ਪ੍ਰੇਮੀ ਮੇਰੇ ਨਾਲ ਭੀ ਨਫਰਤ ਕਰਨ ਲਗ ਜਾਂਦੇ ਹਨ ਕਿ ਇਸ ਦਾ ਜਨਮ ਮੁਸਲਮਾਨ ਦਾ ਹੈ। ਮੈਂ ਦਸਦਾ ਹਾਂ ਕਿ ਮੈਂ ਨਾ ਹਿੰਦੂ ਹਾਂ, ਨਾ ਮੁਸਲਮਾਨ ਹਾਂ, ਆਪ ਦੇ ਦਿਤੇ ਗਿਆਨ ਅਨੁਸਾਰ ਕਹਿੰਦਾ ਹਾਂ ਕਿ ਪੰਜਾਂ ਤੱਤਾਂ ਦੀ ਕੋਈ ਜਾਤ ਨਹੀਂ ਹੁੰਦੀ ਜਿਵੇਂ ਹਵਾ, ਅੱਗ, ਪਾਣੀ, ਮਿੱਟੀ ਅਤੇ ਅਕਾਸ਼ ਦੀ ਕੋਈ ਜਾਤ ਨਹੀਂ ਹੈ ਇਵੇਂ ਇਨ੍ਹਾਂ ਤੱਤਾਂ ਤੋਂ ਬਣੇ ਸਰੀਰ ਦੀ ਭੀ ਕੋਈ ਜਾਤ ਨਹੀਂ ਹੁੰਦੀ। ਪਰ ਇਹ ਲੋਕ ਇਸ ਤੱਤ ਦੀ ਬਾਤ ਨੂੰ ਸਮਝਦੇ ਨਹੀਂ ਹਨ। ਗੁਰੂ ਮਹਾਰਾਜ ਜੀ ਕਹਿਣ ਲੱਗੇ, "ਮਰਦਾਨਿਆਂ! ਤੂੰ ਝੰਡੇ ਬਾਢੀ ਦੇ ਘਰ ਜਾਹ, ਉਹ ਪ੍ਰੇਮੀ ਹੈ, ਉਸ ਦਾ ਇਕ ਮਿੱਤਰ ਇੰਦ੍ਰਸੈਨ ਹੈ ਉਹ ਭੀ ਪ੍ਰੇਮੀ ਹੈ, ਅਸੀਂ ਉਨ੍ਹਾਂ ਕਰਕੇ ਹੀ ਇਨ੍ਹਾਂ ਟਾਪੂਆਂ ਵਿਚ ਆਏ ਹਾਂ। ਤੂੰ ਪ੍ਰਸ਼ਾਦਾ ਛਕ ਆਵੀਂ ਅਤੇ ਉਸ ਨੂੰ ਅਸਾਡੇ ਪਾਸ ਲੈ ਆਵੀਂ, ਉਸਦਾ ਮਿਤਰ ਇੰਦ੍ਰਸੈਨ ਸਤਿ ਚਿਤ ਆਨੰਦ ਦੀ ਅਵਸਥਾ ਨੂੰ ਲੋਚਦਾ ਹੈ। ਭਾਈ ਝੰਡਾ ਬਾਢੀ ਭਗਤੀ ਮਾਰਗ ਵਿਚ ਤੇ ਇੰਦ੍ਰਸੈਨ ਗਿਆਨ ਵਿਚ ਹੈ। ਹੈਨ ਦੋਵੇਂ ਜਗਿਆਸੂ ਤੇ ਮਿਤਰ, ਪ੍ਰਭੂ ਦੇ ਦਰਸ਼ਨ ਅਭਿਲਾਸ਼ੀ। ਭਾਈ ਮਰਦਾਨਾ ਸ਼ਹਿਰ ਜਾਂਦਾ ਹੈ ਅਤੇ ਭਾਈ ਝੰਡਾਬਾਢੀ ਨਾਲ ਹੀ ਆ ਜਾਂਦਾ ਹੈ, ਗੁਰੂ ਮਹਾਰਾਜ ਜੀ ਨੇ ਉਸ ਨੂੰ ਭਗਤੀ ਮਾਰਗ ਰਾਹੀਂ ਪ੍ਰਮੇਸ਼ਵਰ ਦੀ ਪ੍ਰਾਪਤੀ ਦਾ ਉਪਦੇਸ ਦੇ ਕੇ ਨਾਮ ਮੰਡਲ ਦਾ ਵਾਸੀ ਬਣਾ ਦਿਤਾ। ਇੰਦ੍ਰਸੈਨ ਨੂੰ ਬੁਲਾਇਆ ਤਾਂ ਉਸ ਨੇ ਪ੍ਰਭੂ ਮਿਲਾਪ ਦੀ, ਸਤ ਚਿਤ ਅਨੰਦ ਵਾਲੀ ਅਵਸਥਾ ਦੀ ਅਭਿਲਾਸ਼ਾ ਕੀਤੀ, ਉਹ ਉਚੀ ਉਡਾਰੀ ਵਾਲਾ ਜਗਿਆਸੂ ਗਿਆਨ ਦਾ ਅਧਿਕਾਰੀ ਸੀ। ਜਦੋਂ ਗੁਰੂ ਨਾਨਕ ਜੀ ਪਾਸ ਆ ਕੇ ਆਤਮ ਸ਼ਾਖਸ਼ਾਤਕਾਰ ਹੋਣ ਦੀ ਬੇਨਤੀ ਕੀਤੀ ਤਾਂ ਮਹਾਰਾਜ ਜੀ ਨੇ ਹੁਕਮ ਦਿਤਾ ਕਿ ਇੰਦ੍ਰਸੈਨ! ਜੇ ਤੂੰ ਪ੍ਰਭੂ ਨੂੰ ਮਿਲਣਾ ਹੈ ਤਾਂ ਪੂਰੇ ਸੌਦਾਗਰ ਵਾਂਗੂੰ ਕੁਝ ਲੈਣ ਦੇਣ ਦਾ ਵਿਹਾਰ ਕਰਨਾ ਪਵੇਗਾ; ਜੇ ਤਿਆਰ ਹੈਂ ਤਾਂ ਬਚਨ ਕਰੀਏ। ਉਸ ਨੇ ਕਿਹਾ ਕਿ ਮੈਂ ਆਪਣਾ ਤਨ, ਮਨ, ਧਨ ਸਭ ਕੁਝ ਅਰਪਨ ਕਰਨ

ਨੂੰ ਤਿਆਰ ਹਾਂ, ਕੋਈ ਸੰਤ ਮਹਾਂਪੁਰਸ਼ ਮੈਨੂੰ ਪ੍ਰਮਾਤਮ ਸਾਖਸ਼ਾਤਕਾਰ ਕਰਾ ਦੇਵੇ। ਗੁਰੂ ਨਾਨਕ ਸਾਹਿਬ ਜੀ ਨੇ ਕਿਹਾ ਕਿ ਇੰਦ੍ਰਸੈਨ! ਸੰਸਾਰ ਵਿਚ ਸਿਰਫ ਦੋ ਵਸਤੂਆਂ ਹਨ ਇਕ ਅਨਾਤਮ ਵਸਤੂਆਂ ਹਨ ਜੋ ਛਿੰਨ-ਛਿੰਨ ਬਦਲਣਹਾਰ ਹਨ, ਦੂਜੀ ਉਹ ਹੈ ਜੋ ਸਦਾ ਇਕ ਰਸ ਰਹਿੰਦੀ ਹੈ ਜਿਸ ਨੂੰ ਆਤਮਾ, ਪ੍ਰਮਾਤਮਾ ਕਿਹਾ ਜਾਂਦਾ ਹੈ। ਮਹਾਰਾਜ ਕਹਿਣ ਲੱਗੇ, ਪ੍ਰਭੂ ਗਿਆਨ ਦੀ ਅਵਸਥਾ ਨਾਮ ਪ੍ਰਾਪਤੀ ਕਹਾਉਂਦੀ ਹੈ। ਨਾਮ ਅਮੁੱਲ ਹੈ। ਸੋ ਤੂੰ ਸਦਾ ਦਾ ਆਨੰਦ ਲੈਣ ਲਈ ਅਨਾਤਮ ਵਸਤੂਆਂ ਸਾਡੇ ਹਵਾਲੇ ਕਰ ਦੇਹ, ਫਿਰ ਬਚਨ ਕਰਾਂਗੇ।

ਇੰਦ੍ਰਸੈਨ ਸਮਝਦਾਰ ਸਤਿਸੰਗੀ ਸੀ। ਸਾਧੂਆਂ ਦੇ ਦਰਸ਼ਨ ਕਰਦਾ ਸੀ, ਉਸ ਨੇ ਗੁਰੂ ਮਹਾਰਾਜ ਦੇ ਚਰਨਾਂ ਵਿਚ ਆਪਣੀ ਜ਼ਮੀਨ, ਕੋਠੀਆਂ, ਬਜ਼ਾਰਾਂ ਦੀਆਂ ਦੁਕਾਨਾਂ, ਸੋਨਾ ਚਾਂਦੀ, ਸਭ ਵਸਤੂਆਂ ਭੇਟ ਕਰਨ ਦਾ ਸੰਕਲਪ ਕਰ ਦਿਤਾ ਅਤੇ ਗੁਰੂ ਮਹਾਰਾਜ ਜੀ ਨੂੰ ਦਸ ਦਿਤਾ।

ਗੁਰੂ ਮਹਾਰਾਜ ਜੀ ਕਹਿਣ ਲੱਗੇ, ਇੰਦ੍ਰਸੈਨ! ਅਜੇ ਤੇਰੇ ਪਾਸ ਅਨਾਤਮ ਵਸਤੂ ਪੰਜਾਂ ਤੱਤਾਂ ਦਾ ਬਣਿਆ ਸਰੀਰ ਹੈ, ਇਸ ਵਿਚ 25 ਪ੍ਰਕ੍ਰਿਤੀਆਂ ਤੋਂ ਬਣੇ ਪੰਜ ਗਿਆਨ ਇੰਦ੍ਰੇ ਹਨ। ਇੰਦ੍ਰਸੈਨ ਨੇ ਬੇਨਤੀ ਕਰਕੇ ਉਹ ਭੀ ਭੇਟ ਕਰ ਦਿਤੇ। ਉਸ ਵੇਲੇ ਫੁਰਨਾ ਕਰ ਰਿਹਾ ਹੈ ਕਿ ਮੈਂ ਸਰੀਰ ਭੀ ਭੇਟ ਕਰ ਦਿਤਾ। ਸਾਮ੍ਹਣੇ ਖੜ੍ਹਾ ਹੋ ਕੇ ਫੁਰਨੇ ਕਰ ਰਿਹਾ ਹੈ। ਗੁਰੂ ਨਾਨਕ ਜੀ ਨੇ ਕਿਹਾ ਕਿ ਇੰਦ੍ਰਸੈਨ ਹੁਣ ਤੂੰ ਫੁਰਨੇ ਕਰ ਰਿਹਾ ਹੈਂ, ਫੁਰਨੇ ਕਰਨਾ ਮਨ ਦਾ ਧਰਮ ਹੋਇਆ ਕਰਦਾ ਹੈ, ਇਹ ਤੇਰੇ ਪਾਸ ਅਨਾਤਮ ਵਸਤੂ ਹੈ। ਉਸ ਨੇ ਮਨ ਭੀ ਸਤਿਗੁਰਾਂ ਦੇ ਚਰਨੀਂ ਭੇਟ ਕਰ ਦਿਤਾ। ਹੁਣ ਬੁੱਧੀ ਨਾਲ ਨਿਰਣਾ ਕਰ ਰਿਹਾ ਹੈ। ਮਹਾਰਾਜ ਜੀ ਨੇ ਕਿਹਾ, ਇੰਦ੍ਰਸੈਨ ਨਿਰਣਾ ਕਰਨਾ ਬੁੱਧੀ ਦਾ ਧਰਮ ਹੈ ਜੋ ਅਨਾਤਮ ਵਸਤੂ ਹੈ। ਇਸ ਨੇ ਬੁੱਧੀ ਭੀ ਅਰਪਨ ਕਰ ਦਿਤੀ। ਹੁਣ ਚੁੱਪ ਕਰਕੇ ਖੜ੍ਹਾ ਹੈ ਪਰ ਅੰਦਰ ਚਿਤਵਨੀ ਕਰ ਰਿਹਾ ਹੈ ਕਿ ਮੈਂ ਆਪਣਾ ਤਨ, ਮਨ, ਧਨ, ਬੁੱਧੀ ਅਰਪਨ ਕਰ ਦਿਤੀ ਹੈ। ਗੁਰੂ ਮਹਾਰਾਜ ਜੀ ਕਹਿਣ ਲੱਗੇ, ਇੰਦ੍ਰਸੈਨ ਅਜੇ ਤੂੰ ਸਾਰੀਆਂ ਅਨਾਤਮ ਵਸਤੂਆਂ ਅਸਾਡੀ ਭੇਟਾ ਨਹੀਂ ਕੀਤੀਆਂ। ਇੰਦ੍ਰਸੈਨ ਨੂੰ ਗੁਰੂ ਨਾਨਕ ਜੀ ਨੇ ਕਿਹਾ, ਇੰਦ੍ਰਸੈਨ! ਤੂੰ ਚਿਤਵਨੀ ਕਰ ਰਿਹਾ ਹੈਂ। ਚਿਤਵਨੀ ਕਰਨਾ, ਚਿੱਤ ਦਾ ਧਰਮ ਹੈ ਜੋ ਅਨਾਤਮ ਹੈ, ਚਿੱਤ ਸੂਖਸ਼ਮ ਸਰੀਰ ਦਾ ਹਿੱਸਾ ਹੈ, ਇਹ ਭੀ ਆਪਣੇ ਪਾਸ ਨਾ ਰੱਖ। ਉਸ ਨੇ ਇਹ ਭੀ ਭੇਟਾ ਕਰ ਦਿਤਾ ਪਰ ਆਪਣੇ ਆਪ ਨੂੰ ਮਹਿਸੂਸ ਕਰ ਰਿਹਾ ਹੈ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਇੰਦ੍ਰਸੈਨ, ਤੇਰਾ ਜੋ ਜੀਵ ਭਾਵ ਹੈ ਉਹ ਤੂੰ ਅੰਤਸ਼ਕਰਣ ਰਾਹੀਂ ਅਨੁਭਵ ਕਰ ਰਿਹਾ ਹੈਂ। ਇਹ ਭੀ ਅਨਾਤਮ ਹੈ ਇਹ ਭੀ ਅਸਾਡੀ ਭੇਟਾ ਕਰ। ਉਸ ਨੇ ਆਪਣੇ ਪ੍ਰਤੀਬਿੰਬਤ ਸਰੂਪ ਦੀ ਹੋਂਦ ਮਹਿਸੂਸ ਕੀਤੀ ਅਤੇ ਆਪਣੀ 'ਮੈਂ' ਭੀ ਭੇਟ ਕਰ ਕਰ ਦਿਤੀ। ਗੁਰੂ ਮਹਾਰਾਜ ਜੀ ਕਹਿਣ ਲੱਗੇ ਕਿ ਇੰਦ੍ਰਸੈਨ ਜੋ ਸ਼ੇਸ਼ ਹੋਂਦ ਤੈਨੂੰ ਮਹਿਸੂਸ ਹੋ ਰਹੀ ਹੈ ਇਹ ਤੂੰ ਹੈਂ, ਇਹ ਤੇਰਾ ਸਰੂਪ, ਇਹ ਆਤਮਾ ਹੈ, ਇਹੋ ਪ੍ਰਮਾਤਮਾ ਹੈ। ਇੰਦਰਸੈਨ ਦੀ ਸਮਾਧੀ ਲਗ ਗਈ ਅਤੇ ਸਮਾਂ ਬੀਤਦਾ ਗਿਆ। ਗੁਰੂ ਮਹਾਰਾਜ ਜੀ ਨੇ ਕਾਫੀ ਸਮੇਂ ਪਿਛੋਂ ਸਮਾਧੀ ਤੋਂ ਸਾਵਧਾਨ ਕੀਤਾ ਅਤੇ ਕਿਹਾ ਕਿ ਇੰਦ੍ਰਸੈਨ ਇਹੋ ਜੋਤ ਨਿਰੰਕਾਰ ਹੈ, ਏਕੰਕਾਰ ਹੈ, ਸਤਿ, ਚਿੱਤ, ਅਨੰਦ ਹੈ। ਇਹ ਪਰਮ ਚੇਤਨ ਤੱਤ ਤੇਰਾ ਸਰੂਪ ਹੈ। ਸਾਰਾ ਅਨਾਤਮ ਜਗਤ ਮਾਇਆ ਹੈ, ਪ੍ਰਕ੍ਰਿਤੀ ਹੈ, ਤਿੰਨ ਗੁਣਾਂ ਵਿਚ ਰਜੋ, ਸਤੋ, ਤਮੋ ਦੇ ਅਧੀਨ ਹਰਕਤ ਕਰ ਰਿਹਾ ਹੈ, ਅੰਧਕਾਰ ਹੈ, ਛਿੰਨਭੰਗਰ ਹੈ, ਦੁਖ ਰੂਪ ਹੈ, ਆਤਮਾ ਇਸ ਦੇ ਵਿਪਰੀਤ ਹੈ, ਸਤਿ, ਚਿੱਤ, ਅਨੰਦ ਹੈ। ਗੁਰੂ ਮਹਾਰਾਜ ਜੀ ਨੇ ਕਿਹਾ, ਇੰਦ੍ਰਸੈਨ ਜੋ ਅਨਾਤਮ ਵਸਤੂਆਂ ਤੂੰ ਅਸਾਨੂੰ ਸੌਂਪੀਆਂ ਹਨ ਅਸੀਂ ਤੈਨੂੰ ਵਾਪਸ ਕਰਦੇ ਹਾਂ, ਤੂੰ ਮਰਿਆਦਾ ਮੁਤਾਬਿਕ ਇਨ੍ਹਾਂ ਦੀ ਵਰਤੋਂ ਕਰਕੇ ਨਿਰਲੇਪ ਰਹਿ ਕੇ ਪ੍ਰਾਲਬਧ ਅਨੁਸਾਰ ਸਮਾਂ ਬਤੀਤ ਕਰਦਾ ਨਿਰਵਾਣ ਅਵਸਥਾ ਦਾ ਅਨੰਦ ਮਾਣਦਾ ਰਹਿ। ਤੂੰ ਆਪ ਹੀ ਗਿਆਨ ਹੈਂ, ਅਨੰਦ ਹੈਂ, ਸਤਿ ਹੈਂ, ਚੇਤਨ ਹੈਂ, ਹੋਰ ਇਥੇ ਦੂਜਾ ਕੋਈ ਨਹੀਂ ਹੈ। ਇਹ ਸਾਰਾ ਅਨਾਤਮ ਜਗਤ ਤੇਰੀ ਮਾਇਆ ਦਾ ਪਸਾਰਾ ਹੈ ਜੋ ਵਾਹਿਗੁਰੂ ਵਿਚ ਹੀ ਹੈ।

ਜਗਿਆਸੂ ਦੀ ਲੋਚਾ ਹੈ ਕਿ ਮੈਨੂੰ ਕੋਈ ਪ੍ਰਭੂ ਮਿਲਾ ਦੇਵੇ। ਗੁਰੂ ਮਹਾਰਜ ਜੀ ਇਕ ਥਾਂ ਦਸਦੇ ਹਨ ਕਿ ਪੁਛੋ ਜਾ ਕੇ ਸੁਹਾਗਣਾਂ ਨੂੰ ਜਿਨ੍ਹਾਂ ਪਿਰ ਰਿਝਾਇਆ ਹੈ -

***ਜਾਇ ਪੁਛਹੁ ਸੁਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ॥***

***ਪੰਨਾ - 722***

ਉਹ ਬੇਪ੍ਰਵਾਹ ਹਨ ਪਰ ਰਹਿਮਤ ਕਰਕੇ ਸੁਹਾਗਣਾਂ (ਸੰਤ) ਦਸਦੇ ਹਨ ਕਿ ਆਪਣੀ ਮਨ ਦੀ ਮਤ, ਸੋਚ, ਚਤੁਰਾਈ ਸਭ ਛੱਡ ਦੇਵੋ ਅਤੇ ਮਾਲਕ ਦੀ ਰਜ਼ਾ ਵਿਚ ਸੁਰ ਮਿਲਾ ਕੇ ਜੋ ਕੁਝ ਭੀ ਹੋ ਰਿਹਾ ਹੈ ਉਸ ਨੂੰ ਧੁਰ ਅੰਦਰੋਂ ਪ੍ਰਵਾਨ ਕਰੋ। ਚਲਾਕੀਆਂ, ਹੁਜਤਾਂ, ਅਗਰ ਮਗਰ, ਜੇ, ਐਉਂ, ਆਸਾ ਅੰਦੇਸ਼ੇ ਛੱਡ, ਜੋ ਕੁਝ ਭੀ ਤੇਰਾ ਪ੍ਰਭੂ ਕਰ ਰਿਹਾ ਹੈ, ਉਸ ਨੂੰ ਪੂਰੀ ਪ੍ਰਸੰਨਤਾ ਸਹਿਤ ਖਿੜੇ ਮੱਥੇ ਮੰਨ ਲਵੋ। ਜਿਵੇਂ ਗੁਰੂ ਦਸ਼ਮੇਸ਼ ਜੀ ਮਾਛੀਵਾੜੇ ਠੰਢੀ ਗਿੱਲੀ ਧਰਤੀ, ਠੰਢੀ ਬਰਫ ਵਰਗੀ ਚਲਦੀ ਹਵਾ ਵਿਚ ਬਗੈਰ ਗਰਮ ਵਸਤਰਾਂ ਤੋਂ ਪਏ ਸਨ ਉਨ੍ਹਾਂ ਨੇ ਮਹਿਲਾਂ ਦੀ ਥਾਂ ਸੱਥਰ ਪ੍ਰਵਾਨ ਕਰਕੇ ਆਪਣੇ ਪਿਆਰੇ ਮਿਤ੍ਰ ਨੂੰ ਸੁਨੇਹਾ ਦਿਤਾ -

***ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ॥***
***ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ,***
***ਨਾਗ ਨਿਵਾਸਾਂ ਦੇ ਰਹਣਾ।***
***ਸੂਲ ਸੁਰਾਹੀ ਖੰਜਰ ਪਿਆਲਾ,***
***ਬਿੰਗ ਕਸਾਈਆਂ ਦਾ ਸਹਣਾ।***
***ਯਾਰੜੇ ਦਾ ਸਾਨੂੰ ਸਥਰ ਚੰਗਾ,***
***ਭਠ ਖੇੜਿਆਂ ਦਾ ਰਹਣਾ।     ਖਿਆਲ ਪਾਤਿਸ਼ਾਹੀ ੧੦***

ਐਉਂ ਪਿਆਰਿਆ ***'ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮ ਚੁਕਾਈਐ॥ (ਪੰਨਾ 722)*** ਵਾਹਿਗੁਰੂ ਜੀ ਪ੍ਰੇਮ ਕਰੇ ਤੇ ਮਿਲਦੇ ਹਨ, ਉਸਦੇ ਚਰਨਾਂ ਨਾਲ ਹਿਰਦੇ ਵਿਚ ਪਿਆਰ ਪੈਦਾ ਕਰਕੇ ਜੁੜ ਜਾ। ਪ੍ਰਭੂ ਤੇਰੇ ਅੰਗਸੰਗ ਹੈ। ਉਸ ਨੂੰ ਜੇ ਮਿਲਣਾ ਹੈ ਤਾਂ ਸ਼ਿੰਗਾਰ ਕਰ। ਨੇਤਰਾਂ ਵਿਚ

ਸੁਰਮੇਂ ਦੀ ਥਾਂ ਅਦਬ ਦਾ ਸੁਰਮਾ ਪਾ ਅਤੇ ਪੂਰਨ ਪ੍ਰੇਮ ਦਾ ਸ਼ਿੰਗਾਰ ਕਰ। ਜਦੋਂ ਤੇਰੇ ਅੰਦਰ ਇਹ ਅਵਸਥਾ ਆ ਜਾਵੇਗੀ।

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥*

*ਪੰਨਾ - 708*

ਪ੍ਰਭੂ ਪ੍ਰੇਮ ਦੇ ਵਸ ਹੈ, ਉਹ ਚਲਾਕੀਆਂ, ਦਲੀਲਾਂ, ਗਿਆਨਾਂ ਧਿਆਨਾਂ ਨਾਲ ਨਹੀਂ ਰੀਝਦਾ, ਉਹ ਸੱਚੇ ਪ੍ਰੇਮ ਦੀ ਖਿੱਚ ਖਾ ਕੇ ਪ੍ਰਗਟ ਹੋ ਜਾਂਦਾ ਹੈ। ਧੰਨੇ ਨੇ ਰੋਟੀ ਖਿਲਾਈ, ਲੱਸੀ ਪਿਲਾਈ। ਨਾਮਦੇਵ ਜੀ ਨੇ ਦੁੱਧ ਪਿਲਾਇਆ। ਉਸ ਦੇ ਪ੍ਰੇਮ ਰਾਹੀਂ ਹੀ ਨਾਮ ਪ੍ਰਾਪਤ ਹੁੰਦਾ ਹੈ, ਪ੍ਰਭੂ ਪ੍ਰਾਪਤ ਹੁੰਦਾ ਹੈ ਜੋ ਕੁਝ ਭੀ ਉਹ ਕਰਦਾ ਹੈ ਉਸ ਨੂੰ ਭਲਾ ਕਰਕੇ ਮੰਨੋ। ਜੋ ਉਸ ਨੂੰ ਭਾਂਵਦਾ ਹੈ ਉਸ ਨੂੰ ਹੀ ਭਲਾ ਕਰਕੇ ਮੰਨੋ। ਤਨ, ਮਨ, ਧਨ ਸਭ ਉਸੇ ਦਾ ਹੈ, ਉਸੇ ਨੂੰ ਅਰਪ ਦੇਵੋ -

*ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥*
*ਗੁਰ ਕੀ ਆਗਿਆ ਮਨ ਮਹਿ ਸਹੈ॥*
*ਆਪਸ ਕਉ ਕਰਿ ਕਛੁ ਨ ਜਨਾਵੈ॥*
*ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥*
*ਮਨੁ ਬੇਚੈ ਸਤਿਗੁਰ ਕੈ ਪਾਸਿ॥*
*ਤਿਸੁ ਸੇਵਕ ਕੇ ਕਾਰਜ ਰਾਸਿ॥ ਪੰਨਾ - 286*

ਗੁਰਾਂ ਨੂੰ ਮਨ ਦੇ ਦੇ, ਕਾਰਜ ਠੀਕ ਹੋ ਜਾਵੇਗਾ।

ਪੀਰ ਬੁੱਲ੍ਹੇਸ਼ਾਹ ਬੈਰਾਗੀ ਹੋ ਕੇ ਅੱਲਾਹ ਦੀ ਤਲਾਸ਼ ਵਿਚ ਫਿਰਦਾ ਫਿਰਦਾ ਲਾਹੌਰ ਪੀਰ ਅਨਾਇਤ ਅਲੀ ਸ਼ਾਹ ਪਾਸ ਆ ਕੇ ਅੱਲਾਹ ਪਾਉਣ ਲਈ ਬੇਨਤੀ ਕਰਦਾ ਹੈ। ਪੀਰ ਨੇ ਕਿਹਾ, "ਬੁੱਲਿਆ! ਰੱਬ ਦਾ ਕੀ ਪਾਉਣਾ ਐਧਰੋਂ ਪੁਟਣਾ ਤੇ ਐਧਰ ਲਾਉਣਾ।" ਪੀਰ ਜੀ ਪਿਆਜਾਂ ਦੀ ਪੌਦ ਪੁੱਟ ਕੇ ਲਾ ਰਹੇ ਸਨ ਕਿਹਾ ਕਿ ਬੁੱਲਿਆ! ਆਪਣੇ ਆਪੇ ਭਾਵ ਤੋਂ ਪੁੱਟਿਆ ਜਾ ਕੇ, ਅੱਲਾਹ ਦੀ ਹੋਂਦ ਵਿਚ ਸਮਾ ਜਾਣਾ ਅੱਲਾਹ ਪਾਉਣਾ ਹੋਇਆ ਕਰਦਾ ਹੈ। ਬੁੱਲਿਆ! "ਆਪਣਾ ਪਰੀਚਾ ਦੇਹ।"

ਉਸ ਨੇ ਕਿਹਾ, "ਜੀ ਮੈਨੂੰ ਬੁੱਲੇ ਸ਼ਾਹ ਸੱਯਦ ਕਹਿੰਦੇ ਨੇ।"

ਪੀਰ ਨੇ ਕਿਹਾ ਕਿ ਅਸੀਂ ਤਾਂ ਗਰੀਬ ਅਰਾਈਂ ਹਾਂ ਭਾਈ। ਇਥੇ ਸੱਯਦਾਂ ਦਾ ਕੋਈ ਕੰਮ ਨਹੀਂ ਹੈ ਕਿਉਂਕਿ ਇਕ ਅੱਖਰ ਵਾਧੂ ਲਾ ਲਿਆ ਆਪਣੇ ਨਾਮ ਦੇ ਨਾਲ। ਬੁੱਲੇ ਸ਼ਾਹ ਹੀ ਅੱਖਰ ਬਹੁਤ ਭਾਰਾ ਸੀ। ਉਸ ਤੋਂ ਅੱਗੇ ਇਕ ਅੱਖਰ ਹੋਰ ਲਾ ਲਿਆ 'ਸੱਯਦ'। ਜਦੋਂ ਕੋਈ ਜਗਿਆਸੂ ਸੰਤਾਂ ਕੋਲ ਮੁਰੀਦ ਬਣਨ ਲਈ ਕੁਝ ਬਣ ਕੇ ਆਉਂਦਾ ਹੈ ਤਾਂ, ਸੰਤ ਕਹਿੰਦੇ ਨੇ ਕਿ ਇਹ ਤਾਂ ਭਰਿਆ ਹੋਇਆ ਹੈ, ਇਸ ਵਿਚ ਅਭਿਮਾਨ ਹੈ -

*ਜੋ ਪਾਵਹਿ ਭਾਂਡੇ ਵਿਚਿ ਵਸਤੁ ਸਾ ਨਿਕਲੈ*
*ਕਿਆ ਕੋਈ ਕਰੇ ਵੇਚਾਰਾ॥ ਪੰਨਾ - 449*

*ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ॥*

*ਪੰਨਾ - 474*

ਜੇ ਮਿਰਚਾਂ ਦਾ ਘੜਾ ਭਰਿਆ ਪਿਆ ਹੈ, ਉਸ ਦੇ ਵਿਚ ਚੀਨੀ ਪਾਉਣੀ ਚਾਹੁੰਦੇ ਹਾਂ, ਕਿਥੇ ਪਵੇਗੀ ਉਹਦੇ ਵਿਚ? ਉਹ ਤਾਂ ਅੱਗੇ ਹੀ ਭਰਿਆ ਪਿਆ ਹੈ। ਘੜਾ ਤਾਂ ਗਰਦਨ ਤਾਈਂ ਮਿਰਚਾਂ ਦਾ ਭਰਿਆ ਪਿਆ ਹੈ। ਪਹਿਲਾਂ ਉਸ ਨੂੰ ਕੱਢੋ, ਕੁੜੱਤਣ ਸਾਫ ਕਰੋ, ਫੇਰ ਜਾ ਕੇ ਉਸ ਦੇ ਵਿਚ ਚੀਨੀ ਪਵੇਗੀ। ਕਹਿੰਦੇ, ਸੱਯਦਪੁਣਾਂ ਨਾਲ ਲਈ ਫਿਰਦਾ ਹੈਂ, ਪ੍ਰੇਮੀਆਂ?

"ਮਹਾਂਪੁਰਸ਼ੋ! ਭੁੱਲ ਹੋ ਗਈ। ਮੈਨੂੰ ਸਤਿਪੁਰਸ਼ਾਂ ਨਾਲ ਬੋਲਣ ਦੀ ਜਾਂਚ ਨਾ ਆਈ। ਕੁਦਰਤੀ ਤੌਰ ਤੇ ਜਾਤ ਦਾ ਅਭਿਮਾਨ ਰਹਿ ਗਿਆ। ਕਿਰਪਾ ਕਰੋ।"

"ਬੁੱਲਿਆ! ਰੱਬ ਦਾ ਕੀ ਪਾਉਣਾ, ਐਧਰੋਂ ਪੁੱਟਣਾ ਤੇ ਓਧਰ ਲਾਉਣਾ। ਦੁਨੀਆਂ ਵੱਲੋਂ ਮਰ ਜਾਣਾ ਤੇ ਰੱਬ ਵੱਲ ਜੀਉਂ ਪੈਣਾ। ਇਹ ਜਿਹੜੀ ਕਿਆਰੀ ਹੈ, ਇਸ ਨੂੰ ਤਾਂ ਦੁਨੀਆਂ ਮੰਨ ਲੈ ਤੇ ਜਿਧਰ ਅਸੀਂ ਲਾਉਣੀ ਹੈ, ਇਸ ਨੂੰ ਰੱਬ ਦੀ ਕਿਆਰੀ ਮੰਨ ਲੈ।"

ਮੋਟੇ ਤਰੀਕੇ ਨਾਲ ਸਮਝਾ ਦਿਤਾ ਕਿ ਦੁਨੀਆਂ ਵੱਲੋਂ ਆਪਣੇ ਆਪ ਨੂੰ ਮਾਰ ਲੈ ਤੇ ਰੱਬ ਵੱਲ ਆ ਜਾ। ਸੋ ਸੇਵਾ ਕਰਨ ਲੱਗ ਗਿਆ। ਬਹੁਤ ਸੇਵਾ ਕਰਦਾ ਹੈ, ਬਸਤਰ ਧੋਂਦਾ ਹੈ, ਹੋਰ ਬੜੀ ਸੇਵਾ ਕਰਦਾ ਹੈ। ਪੀਰ-ਪੁੱਤਰਾਂ ਦੀ ਭੀ ਸੇਵਾ ਕਰਦਾ ਹੈ, ਪੀਰ ਪਤਨੀ ਦੀ ਸੇਵਾ ਕਰਦਾ ਹੈ। ਕਈਆਂ ਦਾ ਖਿਆਲ ਹੁੰਦਾ ਹੈ ਮਹਾਂਪੁਰਸ਼ਾਂ ਨੂੰ ਸੇਵਾ ਦੀ ਲੋੜ ਨਹੀਂ ਹੁੰਦੀ। ਉਨ੍ਹਾਂ ਦਾ ਆਦਰ ਨਹੀਂ ਕਰਦਾ। ਮਹਾਂਪੁਰਸ਼ ਏਥੋਂ ਹੀ ਭਾਂਪ ਲੈਂਦੇ ਨੇ ਕਿ ਇਸ ਦੇ ਅੰਦਰ ਮਾਣ ਹੈ। ਬੁਲਾ ਇਥੇ ਹੀ ਰਹਿ ਪਿਆ, ਸਾਰੀ ਸੇਵਾ ਕਰ ਰਿਹਾ ਹੈ। ਇਕ ਦਿਨ ਕਿਸੇ ਨੇੜੇ ਦੇ ਰਿਸ਼ਤੇਦਾਰ ਦਾ ਸੁਨੇਹਾ ਆਇਆ - ਅਨਾਯਤਸ਼ਾਹ ਨੂੰ, ਕਿ ਸ਼ਾਦੀ ਹੈ, ਜ਼ਰੂਰ ਆਉਣਾ ਹੈ ਸਾਰੇ ਪਰਿਵਾਰ ਨੇ। ਆਪਣੇ ਪੁੱਤਰਾਂ ਨੂੰ ਬੁਲਾਇਆ, ਕਹਿੰਦੇ, ਬੇਟਾ! ਮੈਂ ਤਾਂ ਨਹੀਂ ਜਾਣਾ, ਤੁਸੀਂ ਚਲੇ ਜਾਓ। ਕਹਿੰਦੇ, ਅਸੀਂ ਤਾਂ ਅੱਬਾ ਜਾਨ! ਜ਼ਰੂਰ ਜਾਣਾ ਹੈ। ਚੰਗਾ ਹੁੰਦਾ ਜੇ ਤੁਸੀਂ ਵੀ ਚਲਦੇ। ਅਸੀਂ ਤਾਂ ਨਹੀਂ ਅਟਕਦੇ। ਕਹਿੰਦੇ, ਤੁਹਾਡੀ ਮਰਜ਼ੀ ਹੈ, ਜਾਓ ਭਾਈ! ਪਰ ਇਹ ਬੁੱਲੇ ਨੇ ਮੈਨੂੰ ਲੁੱਟ ਲੈਣਾ ਹੈ, ਇਹਨੇ ਲੁੱਟ ਲੈਣਾ ਹੈ। ਪੀਰ ਦੇ ਬੱਚੇ ਕਹਿੰਦੇ, ਇਹ ਤਾਂ ਪਰਖਿਆ ਹੋਇਆ ਸੇਵਾਦਾਰ ਹੈ ਇਸ ਦੀ ਪੂਰੀ ਜਾਣ ਪਛਾਣ ਹੈ। ਇਸ ਦਾ ਘਰ ਵੀ ਜਾਣਦੇ ਹਾਂ, ਲੁੱਟ ਕੇ ਜਾਊ ਕਿਥੇ? ਫੇਰ ਫੜ ਲਿਆਵਾਂਗੇ।

ਬੱਚੇ ਰਮਜ਼ ਸਮਝਦੇ ਨਹੀਂ। ਪੀਰ ਜੀ ਰਮਜ਼ ਭਰੀ ਗੱਲ ਕਹੀ ਜਾਂਦੇ ਹਨ 'ਲੁੱਟ ਲੈਣੈ ਲੁੱਟ ਲੈਣੈ।' ਅਖੀਰ ਬੱਚੇ ਆਪਣੇ 'ਅੱਬਾ ਜਾਨਨੁ' (ਪੀਰ ਜੀ) ਨੂੰ ਛੱਡ ਕੇ ਵਿਆਹ ਚਲੇ ਗਏ। ਪਿਛੇ ਅਨਾਯਤਸ਼ਾਹ ਤੇ ਬੁੱਲਾ ਰਹਿ ਗਏ। ਪੀਰ ਜੀ ਨੇ ਪਾਣੀ ਪੀ ਲਿਆ ਮੂੰਹ ਲਾ ਕੇ। ਕਹਿੰਦੇ, ਲੈ ਬੁੱਲਿਆ! ਇਹ ਬਾਕੀ ਦਾ ਪਾਣੀ ਤੂੰ ਪੀ ਲੈ, ਤੈਨੂੰ ਸਭ ਕੁਛ ਦੇ ਦਿਤਾ

ਇਸ ਦੇ ਵਿਚ ਹੀ ਸਭ ਕੁਝ ਹੈ, ਪੀ ਲੈ ਪਾਣੀ।

ਜੇ ਕਿਸੇ ਅੰਦਰ ਸ਼ਕਤੀ ਵਾਲੇ ਸ਼ੀਤ ਪ੍ਰਸ਼ਾਦ ਵਿਚ ਤਾਕਤ ਹੈ ਤਾਂ ਦੇ ਦਿਓ, ਨਹੀਂ ਤਾਂ ਐਵੇਂ ਨਾ ਜੂਠਾ ਖੁਲਾਉਂਦਾ ਫਿਰ ਲੋਕਾਂ ਨੂੰ, ਤੇਰੇ ਤੇ ਭਾਰ ਆ ਜਾਊਗਾ। ਜੇ ਤੇਰੀ ਜੂਠ ਦੇ ਅੰਦਰ ਕੋਈ ਸ਼ਕਤੀ ਹੀ ਨਹੀਂ ਹੈ ਤਾਂ ਫਿਰ ਕਾਹਨੂੰ ਦਿੰਦਾ ਹੈਂ?

ਗੁਰੂ ਤੇਗ ਬਹਾਦੁਰ ਸਾਹਿਬ ਨੇ ਗੰਨੇ ਚੂਪ ਕੇ ਛਿਲਕ ਸੁੱਟ ਦਿਤੇ। ਭਾਈ ਮਤੀ ਦਾਸ ਨੇ ਚੂਪਿਆ ਹੋਇਆ ਛਿਲਕ ਮੂੰਹ ਵਿਚ ਲੈ ਲਿਆ। ਕਹਿਰਾਂ ਦਾ ਬਲ ਆ ਗਿਆ, ਟਿਕਦਾ ਨਹੀਂ ਹੈ ਸਰੀਰ, ਉਛਲਦਾ ਹੈ। ਗੱਲ ਮੂੰਹ ਵਿਚ ਆਉਂਦੀ ਹੈ, ਰੋਕ ਨਹੀਂ ਸਕਦਾ। ਭਾਈ ਸਤੀ ਦਾਸ ਨੂੰ, ਭਾਈ ਦਿਆਲਾ ਜੀ ਨੂੰ ਕਹਿਣ ਲੱਗੇ, "ਜੇ ਗੁਰੂ ਜੀ ਆਗਿਆ ਦੇ ਦੇਣ, ਮੈਂ ਦਿੱਲੀ ਤੇ ਲਾਹੌਰ ਦੇ ਛੈਣੇ ਵਜਾ ਦੇਵਾਂ।" ਸਿਪਾਹੀਆਂ ਨੇ ਸੁਣ ਲਿਆ, ਔਰੰਗਜ਼ੇਬ ਨੂੰ ਖਬਰ ਕਰ ਦਿਤੀ ਕਿ ਸਿੱਖ ਕਰਾਮਾਤ ਦਿਖਾਉਣ ਨੂੰ ਤਿਆਰ ਹੋ ਗਿਆ ਤੇ ਕਰਾਮਾਤ ਵੀ ਐਸੀ ਜ਼ਬਰਦਸਤ ਹੈ ਕਿ ਦਿੱਲੀ ਤੇ ਲਾਹੌਰ ਦੋਇ ਗਰਕ ਹੋ ਜਾਣਗੇ। ਮਤੀਦਾਸ ਜੀ ਦਾ ਇਹ ਬਚਨ ਗੁਰੂ ਤੇਗ ਬਹਾਦਰ ਜੀ ਨੇ ਸੁਣ ਲਿਆ, ਕਹਿਣ ਲੱਗੇ, "ਭਾਈ ਮਤੀ ਦਾਸ! ਇਹ ਕੀ ਕਰਨ ਲੱਗਿਆ ਹੈਂ? ਆਪਾਂ ਤਾਂ ਭਾਣਾ ਵਰਤਾਉਣ ਆਏ ਹਾਂ –

***ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕੀਆ ਪਯਾਨ।***

***ਬਚਿਤ੍ਰ ਨਾਟਕ***

ਹੁਣ ਆਪਾਂ ਜਾਣਾ ਹੈ। ਔਰੰਗਜ਼ੇਬ ਦੇ ਸਿਰ ਹੀ ਬਹਾਨਾ ਲਾ ਕੇ ਸਰੀਰ ਰੂਪੀ ਠੀਕਰ ਭੰਨਣਾ ਹੈ। ਇਹ ਪਾਪ ਦਾ ਬੇੜਾ ਗਰਕ ਨਹੀਂ ਹੋਣਾ ਜਿੰਨਾ ਚਿਰ ਇਹਦੇ ਵਿਚ ਪਾਪਾਂ ਦੇ ਭਾਰੇ ਪੱਥਰ ਨਾ ਪੁਆਏ। ਇਹਨੇ ਬ੍ਰਹਮਗਿਆਨੀਆਂ ਨਾਲ ਵਿਰੋਧ ਚੁੱਕਿਆ ਹੋਇਆ ਹੈ, ਬੜੇ ਮਹਾਤਮਾ ਮਾਰੇ ਨੇ ਤੇ ਹੁਣ ਇਹ ਬੇੜਾ ਭਰ ਕੇ ਡੁੱਬ ਜਾਣਾ ਹੈ। ਇਹ ਤਾਂ ਦਸ ਕਿਥੋਂ ਆ ਗਈ ਤੇਰੇ ਵਿਚ ਐਨੀ ਤਾਕਤ?"

"ਪਾਤਸ਼ਾਹ! ਤੁਹਾਡੇ ਜੂਠੇ ਛਿਲਕ ਚੂਪ ਲਏ ਨੇ।"

ਗੁਰੂ ਮਹਾਰਾਜ ਜੀ ਨੇ ਕਿਹਾ, "ਜਿਹਦੇ ਛਿਲਕ ਚੂਪੇ ਨੇ ਉਨ੍ਹਾਂ ਵਿਚੋਂ ਇਹ ਸ਼ਕਤੀ ਆਈ ਹੈ। ਉਹਦੇ ਵਿਚ ਕਿੰਨੀ ਕੁ ਤਾਕਤ ਹੈ, ਉਹ ਕੀ ਕਰ ਸਕਦਾ ਹੈ, ਅੰਦਾਜ਼ਾ ਲਾ ਸਕਦਾ ਹੈਂ ਤੂੰ? ਸ਼ਾਤ ਰਹਿ, ਜਰ ਇਸ ਨੂੰ। ਸ਼ਕਤੀ ਇਸ ਗੱਲ ਤੇ ਲਾਉਣੀ ਹੈ ਕਿ ਆਰਾ ਉਪਰੋਂ ਚੀਰਦਾ ਹੋਵੇ, ਓਧਰ ਜਪੁਜੀ ਸਾਹਿਬ ਦੀ ਆਵਾਜ਼ ਦੋਹਾਂ ਫਾੜਾਂ ਵਿਚੋਂ ਆਉਂਦੀ ਹੋਵੇ। ਇਹ ਸ਼ਕਤੀ ਨਹੀਂ ਲਾਉਣੀ ਕਿ ਆਰੀ ਦੇ ਦੰਦੇ ਖੁੰਢੇ ਕਰ ਦੇਵੇ ਜਾਂ ਚੀਰਨ ਵਾਲਿਆਂ ਨੂੰ ਬੁੱਤ ਬਣਾ ਦੇਵੇ। ਇਕ ਨਵਾਂ ਸਬਕ ਦੇਣਾ ਹੈ ਕਿ adverse circumstances (ਅਣਸੁਖਾਵੇਂ ਹਾਲਾਤ), ਬਹੁਤ ਬੁਰੇ ਹਾਲਾਤ ਦੇ ਵਿਚ ਜਦੋਂ ਸਿੱਖ ਮੌਤ ਨੂੰ face (ਮੁਕਾਬਲਾ) ਕਰ ਰਿਹਾ ਹੋਵੇ, ਉਸ ਵੇਲੇ ਵੀ ਉਸ ਦੀ ਜ਼ੁਬਾਨ ਵਿਚ ਪਰਮੇਸ਼ਰ ਦਾ ਨਾਉਂ ਹੋਵੇ। ਕਿਸੇ ਨੂੰ ਸਰਾਪ ਨਾ ਦੇਵੇ, ਬਦ-ਦੁਆ ਨਾ ਦੇਵੇ। ਉਹਦੇ ਭਾਣੇ ਵਿਚ ਰਾਜ਼ੀ ਹੋਵੇ ਕਿਉਂਕਿ ਸੰਤਾਂ ਦਾ ਤਾਂ ਮਤ ਹੈ ਕਿ –

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥***

***ਪੰਨਾ – 1365***

ਆਪਾਂ ਨੇ ਤਾਂ ਸ਼ਹੀਦੀ ਦੇਣੀ ਹੈ।"

ਸੋ 'ਸੀਤ ਪ੍ਰਸ਼ਾਦ' ਦੀ ਇਹ ਸ਼ਕਤੀ ਸੀ।

ਪੀਰ ਜੀ ਕਹਿਣ ਲੱਗੇ, "ਬੁੱਲਿਆ! ਪਾਣੀ ਪੀ ਲੈ।" ਬੁੱਲੇ ਵਿਚ ਕਹਿਰਾਂ ਦੀ ਤਾਕਤ ਆ ਗਈ। ਧਰਤੀ ਤੇ ਪੈਰ ਨਹੀਂ ਲਗਦਾ ਕਿਉਂਕਿ ਅਜਰ ਨੂੰ ਜਰਨਾ ਬਹੁਤ ਔਖਾ ਹੈ।

ਇਕ ਮਿਸਾਲ ਨਾਲ ਮੈਂ ਇਸ ਗੱਲ ਬਾਰੇ ਹੋਰ ਦਸਦਾ ਹਾਂ ਕਿ ਤੁਹਾਡੇ ਬੀਜੀ ਦੇ ਪਿਤਾ ਜੀ ਬਾਰੇ ਹੈ। ਇਕ ਵਾਰੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਕੀਰਤਨ ਕਰ ਰਹੇ ਹਨ। ਇਹ ਤਾਬਿਆ ਬੈਠੇ ਚੌਰ ਕਰ ਰਹੇ ਹਨ। ਬੈਠੇ-ਬੈਠੇ ਐਨਾ ਜਲਾਲ ਆ ਗਿਆ ਕਿ balance (ਸਰੀਰ ਦਾ ਸੰਤੁਲਨ) ਧਰਤੀ ਨਾਲੋਂ ਟੁੱਟ ਗਿਆ, ਛੱਤ ਨਾਲ ਜਾ ਲਗੇ। ਬਾਪੂ ਜੀ ਅੰਦਰ ਹੀ ਅੰਦਰ ਅਰਦਾਸ ਕਰਦੇ ਜਰਨ ਲਈ ਲੋਚ ਰਹੇ ਹਨ। ਅਰਦਾਸ ਕਰ ਰਹੇ ਨੇ। ਫੇਰ ਮੁੜ ਕੇ ਉਵੇਂ ਜਿਵੇਂ ਗੁਰੂ ਮਹਾਰਾਜ ਜੀ ਦੇ ਤਾਬੇ ਆ ਗਏ। ਦੁਬਾਰਾ ਫੇਰ ਉਠੇ, ਗੁਰਦਵਾਰੇ ਦੀ ਛੱਤ ਨਾਲ ਲਗ ਗਏ। ਫੇਰ ਹੌਲੀ ਹੌਲੀ ਕੰਧਾਂ ਦੇ ਨਾਲ ਨਾਲ ਜਾ ਕੇ ਅੱਗੇ ਦੀ ਹੋ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਲੰਮੇ ਪੈ ਗਏ। ਅਰਦਾਸ ਕਰਦੇ ਨੇ ਕਿ ਪਾਤਸ਼ਾਹ! ਜਰਿਆ ਨਹੀਂ ਜਾਂਦਾ ਐਨਾ ਜਲਾਲ। ਐਨੀ ਤਾਕਤ ਆ ਗਈ। ਉਸ ਵੇਲੇ ਸਰੀਰ ਵਿਚੋਂ ਬਰੋਲੇ ਬਣ-ਬਣ ਕੇ ਲਾਈਟ ਨਿਕਲਣੀ ਸ਼ੁਰੂ ਹੋ ਗਈ, ਸਾਰਾ ਹੀ ਗੁਰਦਵਾਰਾ ਪ੍ਰਕਾਸ਼ ਨਾਲ ਭਰ ਗਿਆ। ਭਾਈ ਸਾਹਿਬ ਕਹਿੰਦੇ, ਵਾਜੇ ਬੰਦ ਹੋ ਗਏ, ਕੀਰਤਨ ਬੰਦ ਹੋ ਗਿਆ, ਅੰਦਰ ਨਾਮ ਦੀ ਧੁਨੀ, vibration ਹੋਣ ਲੱਗੀ। ਅੰਦਰ ਐਨੀ ਰੂਹਾਨੀ ਕੰਬਣੀ ਆਈ ਕਿ ਸਮਾਂ ਭੁੱਲ ਗਿਆ, ਛੇ ਘੰਟੇ ਲੰਘ ਗਏ, ਇਕ ਵੀ ਸੰਗਤ ਵਿਚੋਂ ਸਰੀਰ ਨਾ ਉਠਿਆ, ਐਨਾ ਅਕਹਿ ਰਸ ਫੈਲ ਗਿਆ ਕਿਉਂਕਿ ਸਾਰੇ ਗੁਰੂ ਘਰ ਵਿਚ ਨਾਮ ਫੁਹਾਰ ਰਾਹੀਂ ਰਸ ਤਾਰੀ (ਜਾਰੀ) ਹੋ ਗਿਆ। ਛੇ ਘੰਟੇ ਬਾਅਦ ਬਾਪੂ ਜੀ ਉਠੇ, ਧਰਤੀ ਤੇ ਪੈਰ ਹੀ ਨਹੀਂ ਲਗਦਾ, ਉੱਪਰ ਨੂੰ ਸਰੀਰ ਉੱਠਦਾ ਹੈ। ਸੋ ਇਹ ਜਲਾਲ ਹੋਇਆ ਕਰਦਾ ਹੈ, ਸਹਿ ਨਹੀਂ ਹੋਇਆ ਕਰਦਾ। ਬਹੁਤ ਔਖਾ ਹੈ ਇਹ ਜਰਨਾ।

ਬੁੱਲੇ ਤੋਂ ਸਹਿ ਨਹੀਂ ਹੁੰਦਾ। ਮਹਾਂਪੁਰਸ਼ਾਂ ਨੇ ਬੁਲੇ ਨੂੰ ਕਿਹਾ ਕਿ ਇਕ ਸਾਡੇ ਮਿਲਣ ਵਾਲੇ ਪੀਰ ਨੇ, ਅੱਜ ਉਨ੍ਹਾਂ ਦੇ ਉਰਸ (ਸਮਾਗਮ) ਹੈ, ਤੂੰ ਉਥੇ ਜਾ ਕੇ ਆ ਤੇ ਅੱਜ ਸ਼ਾਮ ਨੂੰ ਜ਼ਰੂਰ ਪੀਰ ਜੀ ਨੂੰ ਮਿਲ ਕੇ ਮੇਰੀ ਹਾਜ਼ਰੀ ਲਵਾ ਕੇ ਵਾਪਸ ਆ ਜਾਵੀਂ। 9 ਮੀਲ ਤੇ ਸੀ, ਬੁਲੇਸ਼ਾਹ ਚਲਿਆ ਗਿਆ, ਉਥੇ ਭੀੜ-ਭੜੱਕਾ ਬਹੁਤ ਸੀ, ਬਹੁਤ ਦੇਰ ਖੜ੍ਹੇ ਰਹੇ। ਮਨ ਵਿਚ ਆਇਆ ਕਿ ਮੈਂ ਇਕ ਪੁਲਾਂਘ ਭਰ ਕੇ ਚਲਿਆ ਜਾਵਾਂ,

ਚਾਹੇ ਮੈਂ ਕਿਸੇ ਚੀਜ਼ ਤੇ ਬਹਿ ਕੇ ਜਾਵਾਂ। ਏਧਰ ਦੇਰ ਹੋ ਗਈ ਤੇ ਮਹਾਂਪੁਰਸ਼ ਕਹਿਣ ਲੱਗੇ ਕਿ ਤੂੰ ਹੁਣ ਵਾਪਿਸ ਜਾਣਾ ਹੈ? ਹਨ੍ਹੇਰਾ ਹੋ ਜਾਣਾ ਹੈ। ਕਹਿੰਦਾ ਨਹੀਂ ਮਹਾਰਾਜ, ਮੈਂ ਚਲਿਆ ਜਾਊਂ। ਉਥੇ ਕੰਧ ਸੀ, ਸਾਰਿਆਂ ਦੇ ਸਾਮ੍ਹਣੇ ਹੀ ਉਸ ਤੇ ਬੈਠ ਗਿਆ। ਕਹਿੰਦਾ, ਨੱਠ ਲੈ, ਚੱਲ ਹੁਣ ਘੋੜੇ ਵਾਂਗੂੰ। ਕੰਧ ਨਠਾ ਲਈ ਤੇ ਬੁਲੇਸ਼ਾਹ ਪੀਰ ਅਨਾਇਤਸ਼ਾਹ ਕੋਲੇ ਆ ਗਿਆ। ਮੁਰਸ਼ਦ ਨੇ ਪੁਛਿਆ, "ਕਿਵੇਂ ਆਇਆ ਹੈਂ?" ਸਾਰੀ ਗੱਲ ਦੱਸੀ। ਕਹਿਣ ਲੱਗੇ, "ਕਿੰਨੇ ਵਜੇ ਚਲਿਆ ਸੀ?" ਕਹਿੰਦਾ, "ਹੁਣੇ ਚਲਿਆ ਸੀ, ਮਹਾਰਾਜ ਕੁਛ ਮਿੰਟ ਹੋਏ ਨੇ।"

ਪੁਛਿਆ, "ਕਾਹਦੇ ਤੇ ਆਇਆ ਹੈਂ?"

ਦੱਸਿਆ, "ਆਪ ਦੀ ਕ੍ਰਿਪਾ ਨਾਲ ਕੰਧ ਨੂੰ ਨੱਠਾ ਲਿਆਇਆਂ।"

ਕਈ ਪ੍ਰੇਮੀ ਕਹਿੰਦੇ ਹਨ ਕਿ ਕੰਧ ਟੁੱਟੀ ਨਹੀਂ? ਸਾਡੇ ਪਿੰਡ ਧਮੋਟ ਦੀ ਗੱਲ ਹੈ। ਜਰਗ ਸਾਡੇ ਪਿੰਡ ਕੋਲ ਹੈ, ਉਥੇ ਇਕ ਸੰਤ ਰਹਿੰਦੇ ਹੁੰਦੇ ਸੀ। ਇਕ ਮਹਾਤਮਾ ਅਸਾਡੇ ਪਿੰਡ ਰਹਿੰਦੇ ਸਨ। ਜਰਗ ਵਾਲੇ ਸੰਤ ਸ਼ੇਰ ਦੀ ਸਵਾਰੀ ਕਰਿਆ ਕਰਦੇ ਸੀ। ਉਹ ਸ਼ੇਰ ਤੇ ਚੜ੍ਹ ਕੇ ਜਦ ਧਮੋਟ ਮਹਾਂਪੁਰਸ਼ਾਂ ਨੂੰ ਮਿਲਣ ਆਏ - ਧਮੋਟ ਵਾਲੇ ਸੰਤ ਬੈਰਾਗੀ ਸੰਪਰਦਾ ਦੇ ਸੰਤ ਸੀ, ਉਹ ਦਾਤਣ ਕਰਦੇ ਸੀ ਕੰਧ ਤੇ ਬੈਠੇ। ਜਰਗ ਵਾਲੇ ਸੰਤਾਂ ਨੂੰ ਸ਼ੇਰ ਦੀ ਸਵਾਰੀ ਕਰਦਿਆਂ ਵੇਖ ਕੇ ਕੰਧ ਨੂੰ ਕਹਿਣ ਲੱਗੇ, ਚੱਲ ਭਾਈ! ਦੇਖ ਮਹਾਂਪੁਰਸ਼ ਕਿੱਡੀ ਦੂਰੋਂ ਆਏ ਨੇ, ਤੂੰ ਵੀ ਚਲ। ਉਹ ਸ਼ੇਰ ਤੇ ਆ ਰਹੇ ਨੇ, ਇਹ ਕੰਧ ਤੇ ਚੜ੍ਹੇ ਹੋਏ ਨੇ। ਉਹ ਕੰਧ ਅਸੀਂ ਦੇਖੀ ਹੈ ਖੇਤਾਂ ਵਿਚ ਖੜ੍ਹੀ ਹੁੰਦੀ ਸੀ। ਹੁਣ ਮੈਂ ਨਹੀਂ ਦੇਖੀ ਓਥੇ ਹੈ ਕਿ ਨਹੀਂ। ਉਸ ਨੂੰ ਕੋਈ ਛੇੜਦਾ ਹੀ ਨਹੀਂ ਸੀ। ਕਹਿੰਦੇ ਸ਼ਕਤੀ ਵਾਲੀ ਕੰਧ ਹੈ, ਸਖਤ ਹੈ, ਛੇੜਨਾ ਨਹੀਂ ਹੈ ਇਸ ਨੂੰ।

ਇਧਰ ਪੀਰ ਅਨਾਇਤ ਸ਼ਾਹ ਜੀ ਕਹਿਣ ਲੱਗੇ, ਬੁੱਲੇਸ਼ਾਹ! ਹੋਰ ਤਰੀਕੇ ਨਾਲ ਵੀ ਆ ਸਕਦਾ ਸੀ, ਤੂੰ ਅਡੰਬਰ ਕਰਿਆ ਹੈ, ਦਿਖਾਵਾ ਕਰਿਆ ਹੈ। ਲੋਕਾਂ ਵਿਚ ਗੱਲਾਂ ਤੁਰ ਪਈਆਂ। ਪੀਰ ਜੀ ਨੇ ਉਚਾ ਹੱਥ ਕਰਿਆ, ਸਾਰੀ ਹੀ ਸ਼ਕਤੀ ਖਿੱਚ ਲਈ, ਬੁੱਲੇਸ਼ਾਹ ਨੂੰ ਖਾਲੀ ਕਰ ਦਿਤਾ। ਇਸ ਨੇ ਬੜੇ ਤਰਲੇ ਲਏ, ਮੁਰਸ਼ਦ ਫੇਰ ਕਈ ਸਾਲ ਬਾਅਦ ਪ੍ਰਸੰਨ ਹੋਇਆ। ਉਨ੍ਹਾਂ ਨੇ ਫੇਰ ਸ਼ਕਤੀ ਦੇ ਦਿਤੀ। ਕਹਿਣ ਲੱਗੇ, "ਦੇਖ, ਬੁੱਲਿਆ! ਹੁਣ ਸਾਡੇ ਕੋਲ ਨਾ ਰਹਿ। ਆਪਣੇ ਸ਼ਹਿਰ ਜਾ ਕੇ ਪ੍ਰਚਾਰ ਕਰ।" ਉਥੇ ਜਦ ਇਨ੍ਹਾਂ ਨੂੰ ਪਤਾ ਲੱਗਿਆ ਦੇਖਿਆ ਕਿ ਬੁੱਲਾ ਪੂਰਾ ਹੋ ਗਿਆ ਕਿ ਨਹੀਂ ਹੋਇਆ ਕੀ ਇਸ ਦੇ ਵਿਚ ਜਰਨ ਸ਼ਕਤੀ ਆ ਗਈ ਹੈ ਕਿਉਂਕਿ ਅਸੀਂ ਸ਼ਕਤੀਆਂ ਬੜੀਆਂ ਦਿਤੀਆਂ ਸੀ। ਇਹਦੇ ਅਦਬ ਵਿਚ ਤਾਂ ਨਹੀਂ ਕੋਈ ਫਰਕ ਪਿਆ, ਅਭਿਮਾਨੀ ਤਾਂ ਨਹੀਂ ਗਿਆ ਕਿਉਂਕਿ ਜਦ ਆਦਮੀ ਦੇ ਅੰਦਰ ਕੋਈ ਤਾਕਤ ਆ ਜਾਵੇ, ਉਪਮਾ ਹੋਣ ਲਗ ਜਾਵੇ, ਵਡਿਆਈ ਹੋਣ ਲਗ ਜਾਵੇ ਤਾਂ ਉਹ pollution ਕਹਾਉਂਦੀ ਹੈ। ਉਹ ਦੇ ਵਿਚ ਆਦਮੀ ਦੇ ਪੈਰ ਥਿੜਕਦੇ ਨੇ, ਜਗਿਆਸੂ ਦੇ, ਅਧੂਰੇ ਸੰਤਾਂ ਦੇ ਵੀ ਥਿੜਕਦੇ ਹਨ। ਸਭ ਦੇ ਥਿੜਕਦੇ ਨੇ। ਸੋਚਿਆ ਕਿ ਵੇਖੀਏ, ਬੁੱਲੇਸ਼ਾਹ ਕਿਵੇਂ ਹੈ, ਕਿਤੇ ਥਿੜਕ ਤਾਂ ਨਹੀਂ ਗਿਆ? ਉਸ ਵੇਲੇ ਆਪਣੇ ਪੁੱਤਰ ਨੂੰ ਭੇਜ ਦਿਤਾ ਕਿ ਜਾਓ, ਬੁੱਲੇ ਦੀ ਖਬਰ ਸਾਰ ਲਿਆਓ। ਇਹ ਪੁੱਤਰ ਜਦ ਗਿਆ, ਬੁੱਲੇਸ਼ਾਹ ਨੇ ਬੜਾ ਸਤਿਕਾਰ ਕੀਤਾ, ਇਕੱਲਾ ਮਿਲਿਆ। ਜਦੋਂ ਵਾਪਿਸ ਆਉਣ ਲੱਗਿਆ, ਤਾਂ ਉਸ ਨੇ ਕਿਹਾ ਕਿ ਮੈਂ ਹੁਣ ਜਾਣਾ ਹੈ। ਐਨੇ ਨੂੰ ਸੰਗਤ ਉਨ੍ਹਾਂ ਦੇ ਚਰਨਾਂ ਵਿਚ ਆ ਕੇ ਬੈਠ ਗਈ। ਬੁੱਲਾ ਕਹਿਣ ਲੱਗਿਆ, ਅੱਛਾ, ਪੀਰ ਜੀ ਨੂੰ ਸਾਡੀ ਨਮਸਕਾਰ ਕਰਿਓ। ਸਿਰੋਪਾ ਦਿਤਾ, ਹੋਰ ਸੇਵਾ ਕਰੀ। ਵਾਪਿਸ ਆ ਗਿਆ। ਪੁੱਤਰ ਬੜਾ ਖੁਸ਼ ਹੋਇਆ। ਪੀਰ ਜੀ ਕਹਿਣ ਲੱਗੇ, "ਕਿਵੇਂ ਮਿਲਿਆ ਬੁੱਲਾ?" ਇਕੱਲੀ ਇਕੱਲੀ ਗੱਲ ਦੱਸੀ। ਕਹਿੰਦੇ, ਅੱਛਾ, ਸਿਰੋਪਾ ਦਿਤਾ ਹੈ, ਠੀਕ ਹੈ, ਪਰ ਤੂੰ ਇਕ ਗੱਲ ਦੱਸ, ਜਦੋਂ ਤੂੰ ਤੁਰਿਆ, ਮੁਰੀਦ ਕੋਲ ਬੈਠੇ ਸੀ?

"ਹਾਂ ਮਹਾਰਾਜ, ਬਹੁਤ ਮੁਰੀਦ ਆ ਗਏ ਸਨ ਉਨ੍ਹਾਂ ਦੇ ਕੋਲ।"

"ਫੇਰ ਤੈਨੂੰ ਉਹ ਨੇ ਉਥੇ ਬੈਠਿਆਂ ਬੈਠਿਆਂ ਹੀ ਸਲਾਮ ਕਰ ਦਿਤੀ?"

"ਹਾਂ ਜੀ।"

"ਬੁੱਲੇਸ਼ਾਹ ਸ਼ਹਿਰੋਂ ਬਾਹਰ ਛੱਡਣ ਨਹੀਂ ਆਇਆ?"

"ਨਾ ਮਹਾਰਾਜ।"

"ਅੱਛਾ ਗੁਰੂ ਪੁੱਤਰ ਦਾ ਸਤਿਕਾਰ ਨਹੀਂ ਕਰਿਆ?" ਓਥੋਂ ਹੀ ਹੱਥ ਉਪਰ ਨੂੰ ਕਰਿਆ, ਸਾਰੀ ਹੀ ਸ਼ਕਤੀ ਖਿੱਚ ਲਈ ਤੇ ਨਾਲੇ ਕਹਿੰਦੇ, ਬੁੱਲੇ ਨੂੰ ਕਹਿ ਦਿਓ, ਸਾਡੇ ਮੱਥੇ ਨਾ ਲੱਗੇ।

ਬਾਰ੍ਹਾਂ ਸਾਲ ਬੁੱਲਾ ਫਿਰ ਇਸਤ੍ਰੀ ਵਸਤਰਾਂ ਵਾਲਾ ਜਾਮਾ ਬਣਾ ਕੇ ਕਵਾਲੀਆਂ ਗਾਉਂਦਾ ਰਿਹਾ, ਫੇਰ ਕਿਤੇ ਜਾ ਕੇ ਮਹਾਤਮਾ ਪ੍ਰਸੰਨ ਹੋਏ ਸਨ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ, ਇਸ ਗੱਲ ਦਾ ਧਿਆਨ ਰੱਖੀਂ ਪ੍ਰੇਮੀਆਂ! ਜੇ ਤੂੰ ਮਿਲਣਾ ਚਾਹੁੰਨੈਂ ਤਾਂ -

***ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ॥***

***ਪੰਨਾ - 722***

ਤਨ ਵੀ ਦੇ ਦੇ, ਮਨ ਵੀ ਦੇ ਦੇ। ਜਦ ਤਨ ਤੇ ਮਨ ਦੇ ਦਿਤੇ, ਅਭਿਮਾਨ ਵੀ ਨਾਲ ਹੀ ਦਿਤਾ ਜਾਣਾ ਹੈ। ਫੇਰ ਬਾਕੀ ਕੀ ਰਹਿ ਗਿਆ, ਕੁਛ ਵੀ ਨਹੀਂ। ਫਿਰ ਰਜ਼ਾ ਵਿਚ ਹੀ ਚਲਦਾ ਹੈ -

***ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ॥***
***ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ॥***

***ਪੰਨਾ - 722***

ਆਪਣੇ 'ਨਿਜ ਆਪੇ' ਨੂੰ ਤਾਂ ਰੱਖੀ ਬੈਠੈ। ਕਹਿੰਦਾ, 'ਮੈਂ' ਵੀ ਹੈਗਾ। ਐਉਂ ਰੱਬ ਨਹੀਂ ਮਿਲਣਾ, 'ਮੈਂ' ਭਾਵ ਨੇ ਜਦੋਂ ਖਤਮ ਹੋਣਾ ਹੈ ਤਾਂ ਰੱਬ ਨੇ ਮਿਲਣਾ ਹੈ, ਦੋਇ ਨਹੀਂ ਇਕੱਠੇ ਹੋਇਆ ਕਰਦੇ। 'ਮੈਂ' ਵੀ ਰਹੇ ਤੇ ਪਰਮੇਸ਼ਰ ਵੀ ਮਿਲ

ਜਾਵੇ। ਇਹ ਨਹੀਂ ਕਦੇ ਵੀ ਹੋਇਆ ਕਰਦਾ। 'ਮੈਂ' ਗੁਆਉਣੀ ਪੈਂਦੀ ਹੈ, ਖਤਮ ਕਰਨੀ ਪੈਂਦੀ ਹੈ। ***'ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ।' (ਪੰਨਾ - 722)*** ਹੋਰ ਕਿਹੜੀਆਂ ਚਤੁਰਾਈਆਂ ਕਰਦਾ ਹੈ - ਵੇਦ ਪੜ੍ਹ ਲਏ, ਸ਼ਾਸ਼ਤਰ ਪੜ੍ਹ ਲਏ, ਜਿੰਨਾਂ ਜੀਅ ਕਰਦਾ ਹੈ ਗਿਆਨ ਪੜ੍ਹ ਲੈ, ਕਿਤਾਬਾਂ ਪੜ੍ਹ ਲੈ, ਦਾਨ ਕਰ ਲੈ, ਤੀਰਥ ਕਰ ਲੈ, ਮੰਤਕਾਂ ਸਿੱਖ ਲੈ ਇਨ੍ਹਾਂ ਕਰਮਾਂ ਕਰਕੇ ਪ੍ਰਭੂ ਨਹੀਂ ਮਿਲਦਾ ਅਤੇ ਨਾ ਹੀ ਚਤੁਰਾਈਆਂ ਕਰਨ ਨਾਲ ਰੱਬ ਮਿਲਦਾ ਹੈ -

***ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ***
***ਕਾਮਣਿ ਨਉ ਨਿਧਿ ਪਾਈ॥***
***ਆਪਣੇ ਕੰਤ ਪਿਆਰੀ ਸਾ ਸੋਹਾਗਣਿ***
***ਨਾਨਕ ਸਾ ਸਭਰਾਈ॥***
***ਐਸੇ ਰੰਗਿ ਰਾਤੀ ਸਹਜ ਕੀ ਮਾਤੀ***
***ਅਹਿਨਿਸਿ ਭਾਇ ਸਮਾਣੀ॥***
***ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ॥***

***ਪੰਨਾ - 722***

ਸਹੁ ਪਿਆਰ ਦੇ ਵਸ ਆਉਂਦਾ ਹੈ ਫਿਰ ਉਸ ਦੀ ਨਦਰ ਹੋਵੇ। ਪਤੀ ਪਿਆਰ ਵਾਲੀ, ਰਜ਼ਾ ਵਿਚ ਚੱਲਣ ਵਾਲੀ ਸੁਹਾਗਣ ਹੁੰਦੀ ਹੈ, ਪਿਆਰ ਦੇ ਰੰਗ ਰੰਗੀਜ਼ਿਆਂ ਦਿਨ ਰਾਤ ਪ੍ਰਭੂ ਪ੍ਰੇਮ ਵਿਚ ਹੀ ਸਮਾਏ ਰਹਿਣ ਵਾਲੀ ਪ੍ਰਭੂ ਵਿਚ ਸਮਾਈ ਪ੍ਰਾਪਤ ਕਰ ਲੈਂਦੀ ਹੈ।

ਸੋ ਰਾਜਾ ਸ਼ਿਵਨਾਭ ਗੁਰੂ ਨਾਨਕ ਪਾਤਿਸ਼ਾਹ ਨੂੰ ਸਵਾਲ ਕਰਦਾ ਹੈ, "ਪਾਤਸ਼ਾਹ! ਮੇਰੇ ਵੱਡੇ ਭਾਗ ਜਾਗ ਪਏ ਕਿ ਆਪ ਆ ਗਏ। ਕਿਰਪਾ ਕਰੋ, ਮੈਨੂੰ ਰਸਤਾ ਦੱਸੋ। ਪ੍ਰਮੇਸ਼ਰ ਦੇ ਮਿਲਣ ਦਾ ਮਾਰਗ ਦੱਸੋ। ਕਿਸ ਤਰੀਕੇ ਨਾਲ ਉਸ ਅਵਸਥਾ ਵਿਚ ਪਹੁੰਚਾਂ ਜਿਥੇ ਤੁਹਾਡਾ ਤੇ ਮੇਰਾ ਵਿਛੋੜਾ ਨਾ ਹੋਵੇ ਕਿਉਂਕਿ ਆਪ ਪਰਮੇਸ਼ਰ ਸਰੂਪ ਹੋ, ਸਰਗੁਣ ਹੋ ਕੇ ਗੁਰ ਪਰਮੇਸ਼ਰ ਆਏ ਹੋ। ਇਹ ਸਰਗੁਣ ਸਰੂਪ ਸਦਾ ਨਹੀਂ ਰਹਿਣਾ। ਆਪ ਨਿਰਗੁਣ ਸਰੂਪ ਹੋ, ਮੈਂ ਤੁਹਾਡੇ ਤੱਕ ਕਿਵੇਂ ਪਹੁੰਚਾਂ, ਕ੍ਰਿਪਾ ਕਰਕੇ ਰਸਤਾ ਦੱਸੋ।" ਮਹਾਰਾਜ ਕਹਿਣ ਲੱਗੇ, "ਸ਼ਿਵਨਾਭ! ਰਸਤੇ ਤਾਂ ਅਨੇਕਾਂ ਨੇ ਪਰ ਇਹ ਦੋ ਹਿੱਸਿਆਂ ਵਿਚ ਵੰਡੇ ਜਾਂਦੇ ਨੇ। ਇਕ ਨੂੰ ਤਾਂ ਕੀੜੀ ਦਾ ਰਸਤਾ (ਚੀਟੀ ਮਾਰਗ) ਕਹਿੰਦੇ ਹਨ, ਇਕ ਨੂੰ ਪੰਛੀ ਦਾ ਮਾਰਗ (ਬਿਹੰਗਮ ਮਾਰਗ) ਕਹਿੰਦੇ ਨੇ। ਦੋਹਾਂ ਰਸਤਿਆਂ ਵਿਚੋਂ ਸਿਆਣਾਂ ਬੰਦਾ ਚੁਣ ਲੈਂਦਾ ਹੈ ਕਿ ਕਿਹੜਾ ਰਸਤਾ ਮੈਂ ਅਖਤਿਆਰ ਕਰਾਂ।"

ਕਿਤੇ ਉਚੇ ਦਰਖਤਾਂ ਤੇ ਫਲ ਲੱਗੇ ਹੋਏ ਨੇ, ਦੂਰ ਤੋਂ ਸੁਗੰਧੀ ਆ ਰਹੀ ਹੈ, ਧੀਮੀ ਧੀਮੀ ਹਵਾ ਚਲ ਰਹੀ ਹੈ, ਅੰਮ੍ਰਿਤ ਵੇਲੇ ਦੋ-ਦੋ, ਚਾਰ-ਚਾਰ ਮੀਲ ਤੇ ਹਵਾ ਸੁਗੰਧੀ ਲੈ ਜਾਂਦੀ ਹੈ। ਕੀੜੀ ਨੂੰ ਸੁਗੰਧੀ ਬਹੁਤ ਜ਼ਿਆਦਾ ਆਉਂਦੀ ਹੈ, ਚਾਹੇ ਕਿੰਨੀ ਦੂਰੀ ਤੇ ਹੋਵੇ, ਉਥੇ ਵੀ ਆ ਜਾਏਗੀ ਤੇ ਇਹ ਚਲਦੀ ਹੈ ਕਿ ਮੈਂ ਪਹੁੰਚਾਂ ਫਲ ਵਾਲੇ ਦਰਖ਼ਤ ਤੱਕ। ਉਸ ਦੇ ਰਸਤੇ ਵਿਚ ਜੇ ਨਿੱਕਾ ਜਿਹਾ ਖਾਲਾ ਵੀ ਪਾਣੀ ਦਾ ਹੋਵੇ, ਉਹ ਨਹੀਂ ਲੰਘ ਹੋਣਾ। ਉਸ ਵੇਲੇ ਤਾਂਈਂ ਇੰਤਜ਼ਾਰ ਕਰੂ ਜਦ ਤਾਂਈ ਪਾਣੀ ਨਹੀਂ ਸੁੱਕਦਾ। ਫੇਰ ਚਲੇਗੀ। ਫੇਰ ਕੋਈ ਹੋਰ ਰੁਕਾਵਟ ਆ ਗਈ, ਕਿਤੇ ਹਲ ਵਾਹਿਆ ਹੋਇਆ ਹੈ, ਉਹਨੇ ਕਦੇ ਥੱਲੇ ਜਾਣਾ ਹੈ ਕਦੇ ਉਤੇ ਆਉਣਾ ਹੈ। ਫੇਰ ਇਹ ਵੀ ਕੋਈ ਗਰੰਟੀ ਨਹੀਂ, ਰਸਤੇ ਵਿਚ ਕੋਈ ਪੈਰ ਥੱਲੇ ਦੇ ਕੇ ਮਾਰ ਦੇਵੇ, ਕੋਈ ਜਾਨਵਰ ਹੀ ਚੁੱਕ ਕੇ ਲੈ ਜਾਵੇ। ਕਿੰਨਾ ਚਿਰ ਲਗ ਜਾਵੇਗਾ ਉਸ ਨੂੰ ਪਹੁੰਚਦੀ ਨੂੰ ਤੇ ਪਹੁੰਚਣਾ ਬਹੁਤ ਮੁਹਾਲ ਹੋ ਜਾਂਦਾ ਹੈ। ਉਹ ਗਈ ਤਾਂ ਹੈ ਸੇਧ ਵਿਚ ਪਰ ਰਸਤਾ ਬੜਾ ਲੰਮਾ ਅਖਤਿਆਰ ਕਰ ਲਿਆ।

ਜਿਹੜਾ ਦੂਸਰਾ ਰਸਤਾ ਹੈ - ਬਿਹੰਗਮ ਮਾਰਗ, ਉਹ ਇਹ ਹੈ ਕਿ ਪੰਛੀ ਨੂੰ ਪਤਾ ਲੱਗ ਗਿਆ, ਤੋਤੇ ਨੂੰ ਪਤਾ ਲੱਗ ਗਿਆ ਕਿ ਬਾਗ ਦੇ ਫਲ ਪੱਕ ਗਏ ਹਨ। ਉਡਾਰੀ ਮਾਰਦਾ ਹੈ ਤੇ ਆਪਣੀ ਬੋਲੀ ਬੋਲਦਾ ਹੋਇਆ ਦਰਖਤ ਤੇ ਜਾ ਬੈਠਦਾ ਹੈ ਤੇ ਫਲ ਖਾਣ ਦਾ ਅਨੰਦ ਭੋਗਦਾ ਹੈ।

ਸੋ ਇਸ ਤਰ੍ਹਾਂ ਦੇ ਦੋ ਰਸਤੇ ਨੇ - ਇਕ ਨੂੰ ਤਾਂ 'ਚੀਟੀ ਮਾਰਗ' ਕਹਿੰਦੇ ਹਨ ਤੇ ਇਕ ਨੂੰ 'ਬਿਹੰਗਮ ਮਾਰਗ' ਕਹਿੰਦੇ ਨੇ। ਕਹਿਣ ਲੱਗਿਆ, "ਪਾਤਸ਼ਾਹ! ਮੇਰਾ ਜੀਅ ਕਰਦਾ ਹੈ, ਮੈਂ ਦੋਹਾਂ ਹੀ ਰਸਤਿਆਂ ਨੂੰ ਚੰਗੀ ਤਰ੍ਹਾਂ ਵਿਆਖਿਆ ਸਹਿਤ ਸੁਣਾਂ ਕਿਉਂਕਿ ਬਹੁਤ ਸਾਰੇ ਮਨ ਵਿਚ ਭੁਲੇਖੇ ਪਏ ਹੋਏ ਹਨ। ਬੜੇ ਸਾਧੂ ਮਹਾਤਮਾ ਏਥੇ ਆਏ, ਸਭ ਆਪਣੇ ਪ੍ਰਬਚਨ ਸੁਣਾਉਂਦੇ ਨੇ ਲੇਕਿਨ ਆਪ ਗੁਰ-ਪਰਮੇਸ਼ਰ ਆਏ ਹੋ, ਆਪ ਦੇ ਬਚਨ ਸਤਿ ਹਨ। ਸੋ ਕ੍ਰਿਪਾ ਕਰਕੇ ਮੈਨੂੰ ਦੋਵੇਂ ਰਸਤੇ ਦੱਸੋ।" ਸੋ ਮਹਾਰਾਜ ਨੇ ਓਥੇ ਪ੍ਰਾਣ ਸੰਗਲੀ ਲਿਖਵਾਈ ਤੇ ਉਸ ਦੇ ਵਿਚ ਦੱਸਿਆ ਕਿ ਦੇਖ, ਜਿਹੜਾ ਕੀੜੀ ਦਾ ਰਸਤਾ ਹੈ ਇਸ ਦਾ ਨਾਉਂ ਹੈ 'ਹਠ ਯੋਗ ਤੇ ਕਸ਼ਟ ਯੋਗ'। ਇਸ ਰਸਤੇ ਤੇ ਚੱਲਿਆਂ ਇਹ ਪਹੁੰਚਦਾ ਨਹੀਂ, ਬਹੁਤ ਜਨਮਾਂ ਦੇ ਜਨਮ ਲੱਗ ਜਾਂਦੇ ਹਨ ਤਾਂ ਕਿਤੇ ਪਹੁੰਚ ਜਾਵੇ ਤਾਂ ਪਹੁੰਚ ਜਾਵੇ। ਤੇ ਦੂਸਰਾ ਹੋਇਆ ਕਰਦਾ ਹੈ - 'ਰਾਜ ਯੋਗ' ਇਹ ਕੁਛ ਉਸ ਤੋਂ ਛੇਤੀਂ ਪਹੁੰਚਾ ਦਿੰਦਾ ਹੈ। ਤੀਸਰਾ ਹੁੰਦਾ ਹੈ - 'ਭਗਤ ਯੋਗ' ਇਸ ਰਸਤੇ ਚਲ ਕੇ ਬਹੁਤ ਛੇਤੀਂ ਪਹੁੰਚ ਜਾਂਦਾ ਹੈ ਤੇ ਇਕ ਹੁੰਦਾ ਹੈ 'ਨਾਮ ਯੋਗ' - ਇਸ ਵਿਚ ਏਧਰੋਂ ਉਡੋ ਤੇ ਓਧਰਲੇ ਪਾਸੇ ਜਾ ਰਹੀਦਾ ਹੈ। ਇਸ ਵਿਚ ਬਹੁਤੀ ਦੇਰ ਨਹੀਂ ਲਗਦੀ। ਸੋ ਇਹ ਜਿਹੜਾ ਪਹਿਲਾ ਰਸਤਾ ਦੱਸਿਆ ਹੈ ਜਿਸ ਨੂੰ 'ਹਠ ਯੋਗ' ਕਹਿੰਦੇ ਨੇ, ਇਸ ਮਾਰਗ ਤੇ ਚੱਲਣ ਲਈ ਆਪਣੇ ਤਨ ਤੋਂ ਸ਼ੁਰੂ ਕਰਨਾ ਪੈਂਦਾ ਹੈ - ਬਾਹਰਲੇ ਤਨ ਤੋਂ। ਪਹਿਲਾਂ ਇਸ ਨੂੰ ਪਵਿੱਤਰ ਕਰਨਾ ਪੈਂਦਾ ਹੈ। ਪਹਿਲਾਂ ਨੇਤੀ ਹੁੰਦੀ ਹੈ, ਫੇਰ ਧੋਤੀ ਹੁੰਦੀ ਹੈ। ਸਾਰਾ ਸਰੀਰ ਪਵਿੱਤਰ ਕਰਨਾ। ਮਹਾਰਾਜ ਕਹਿੰਦੇ, ਕਦੇ ਸਰੀਰ ਵੀ ਪਵਿੱਤਰ ਹੋਇਆ ਹੈ ਕਿਸੇ ਦਾ? ਖਾ ਲਏਗਾ ਫੇਰ ਓਹੋ ਜਿਹਾ ਹੋ ਜਾਏਗਾ। ਇਸ ਨੂੰ ਸਮਝਣ ਲਈ ਇਕ ਸਾਖੀ ਪ੍ਰਚਲਤ ਹੈ।

ਇਕ ਪੰਡਤ ਨੂੰ ਜ਼ਿਮੀਦਾਰ ਨੇ ਪੁਛਿਆ ਕਿ ਪੰਡਤ ਜੀ! ਮੁੱਖ ਕਿਵੇਂ ਪਵਿੱਤਰ ਹੋ ਸਕਦਾ ਹੈ? ਪੰਡਤ ਕਹਿੰਦਾ, ਡੇਢ ਮਣ ਮਿੱਟੀ ਜਿਥੇ ਸੂਰ ਨੇ ਪੁੱਟੀ ਹੋਈ ਹੋਵੇ, ਉਹ ਲਿਆ ਕੇ ਕਿਸੇ ਖੂਹ ਤੇ ਬੈਠ ਕੇ ਕਿਸੇ ਚਲਦੇ ਪਾਣੀ ਵਿਚ ਕੁਰਲੀਆਂ ਕਰ-

ਕਰ ਸੁੱਟੀ ਜਾਵੇ। ਫੇਰ ਮੂੰਹ ਪਵਿੱਤਰ ਹੋ ਜਾਂਦਾ ਹੈ। ਉਸ ਨੇ ਕਿਹਾ, "ਪੂਰੀ ਗਰੰਟੀ ਹੈ? ਮੈਂ ਤਾਂ ਇਹ ਸੁਣਿਆ ਹੈ ਕਿ ***'ਸੁਧ ਕਹਾ ਹੋਇ ਕਾਚੀ ਭੀਤਿ॥' (ਪੰਨਾ 265)*** ਇਹ ਸਰੀਰ ਰੂਪੀ ਕੱਚੀ ਕੰਧ ਜਿਹੜੀ ਹੈ ਇਹ ਸ਼ੁੱਧ ਨਹੀਂ ਹੁੰਦੀ ਕਿਉਂਕਿ ਸਰੀਰ ਦੇ ਅੰਦਰ ਵਿਸ਼ਟਾ, ਅਸਤ, ਰਕਤ, ਮਿਝ ਆਦਿ ਅਪਵਿੱਤਰ ਵਸਤੂਆਂ ਹਨ ਸਰੀਰ ਦੀ ਮੈਲ ਕਿਸੇ ਤਰ੍ਹਾਂ ਖਤਮ ਨਹੀਂ ਹੁੰਦੀ। ਹੁਣ ਇਸ਼ਨਾਨ ਕਰਿਆ ਥੋੜ੍ਹੀ ਦੇਰ ਪਿਛੋਂ ਸਰੀਰ ਮੈਲਾ ਹੋਣਾ ਸ਼ੁਰੂ ਹੋ ਜਾਂਦਾ ਹੈ। ਸਰੀਰ ਵਿਚ ਸਾਢੇ ਤਿੰਨ ਕਰੋੜ ਰੋਮ ਹਨ ਜਿਨ੍ਹਾਂ ਰਾਹੀਂ ਸਰੀਰਕ ਮੈਲ ਸਦਾ ਹੀ ਬਾਹਰ ਸਿੰਮਦੀ ਰਹਿੰਦੀ ਹੈ। ਖਾਧਾ ਪੀਤਾ ਕੁਝ ਤਾਂ ਖੂਨ, ਮਿੱਝ, ਵੀਰਜ, ਓਜ ਦੇ ਰੂਪ ਵਿਚ ਅੰਗ ਅੰਗ ਵਿਚ ਪੁਜਦਾ ਰਹਿੰਦਾ ਹੈ ਕੁਝ ਪਿਸ਼ਾਬ, ਵਿਸ਼ਟਾ ਆਦਿ ਦੇ ਰੂਪ ਵਿਚ ਫੋਗ ਰੂਪ ਹੋ ਕੇ ਬਾਹਰ ਨਿਕਲਦਾ ਹੈ। ਰੇਸ਼ਾ, ਥੁਕ ਆਦਿ ਨਕ ਮੂੰਹ ਵਿਚੋਂ ਨਿਕਲਦੀ ਹੈ। ਕੰਨਾਂ ਵਿਚ ਨਿਕਲਣ ਵਾਲੀ ਜ਼ਹਿਰੀਲੀ ਅਤੇ ਬਦਬੂਦਾਰ ਮੈਲ ਹੁੰਦੀ ਹੈ। ਐਨਾ ਕੁਝ ਹੁੰਦਿਆਂ ਹੋਇਆਂ ਸਰੀਰ ਸ਼ੁਧ ਨਹੀਂ ਹੁੰਦਾ ਇਸੇ ਕਰਕੇ ਕਈ ਵਾਰੀ ਇਸ਼ਨਾਨ, ਕੁਰਲੀ, ਦਾਤਨ ਆਦਿ ਕ੍ਰਿਆ ਕੀਤੀਆਂ ਜਾਂਦੀਆਂ ਹਨ। ਇਸ ਕਰਕੇ ਹੀ ਕਿਹਾ ਕਿ ਕੱਚੀ ਕੰਧ ਸ਼ੁਧ ਨਹੀਂ ਹੁੰਦੀ।

ਪੰਡਿਤ ਜੀ ਕਹਿਣ ਲੱਗੇ ਕਿ ਮੂੰਹ ਇਸ ਕ੍ਰਿਆ ਨਾਲ ਸ਼ੁਧ ਹੋ ਜਾਂਦਾ ਹੈ। ਨਹੀਂ ਨਹੀਂ।

ਕਿਸਾਨ ਡੇਢ ਮਣ ਮਿੱਟੀ ਚੁੱਕ ਲਿਆਇਆ ਤੇ ਜਿਥੇ ਹਲਟ ਚਲਦਾ ਸੀ, ਓਥੇ ਬੈਠ ਗਿਆ। ਪੰਡਤ ਜੀ ਵੀ ਆ ਗਏ ਤੇ ਕੁਰਲੀਆਂ ਕਰੀ ਜਾਂਦਾ ਹੈ। ਕਿੰਨੇ ਘੰਟੇ ਲੱਗ ਗਏ ਹੋਣੇ ਨੇ। ਅਖੀਰ ਪੰਡਤ ਜੀ ਫੇਰ ਆ ਕੇ ਦੁਪਹਿਰ ਦਾ ਇਸ਼ਨਾਨ ਕਰਨ ਲੱਗ ਗਿਆ। ਉਹ ਆਪਣੀਆਂ ਕੁਰਲੀਆਂ ਮੁਕਾ ਕੇ ਕਹਿਣ ਲੱਗਿਆ, ਲਓ ਪੰਡਿਤ ਜੀ! ਹੋ ਗਿਆ ਮੂੰਹ ਪਵਿੱਤਰ? ਕਹਿੰਦਾ ਹਾਂ ਹੋ ਗਿਆ ਤੇਰਾ ਮੁੱਖ ਪਵਿੱਤਰ। ਜਿਮੀਦਾਰ ਨੇ ਓਥੇ ਕੋਲ ਆ ਕੇ ਉਂਜਲ ਭਰਿਆ, ਮੂੰਹ ਵਿਚ ਪਾਣੀ ਭਰ ਲਿਆ, ਭਰ ਕੇ ਪੰਡਤ ਜੀ ਉਤੇ ਕੁਰਲੀ ਕਰ ਦਿਤੀ। ਕਹਿਣ ਲੱਗਿਆ, "ਅਰੇ ਦੁਸ਼ਟ, ਇਹ ਕੀ ਕਰਦਾ ਹੈਂ?" ਮੈਨੂੰ ਕੁਰਲੀ ਕਰਕੇ ਅਪਵਿੱਤਰ ਕਰ ਦਿਤਾ।

ਕਿਸਾਨ ਨੇ ਕਿਹਾ ਕਿ ਤੁਸੀਂ ਤਾਂ ਕਹਿੰਦੇ ਸੀ, ਮੁੱਖ ਪਵਿੱਤਰ ਹੋ ਗਿਆ। ਹੁਣ ਤੁਸੀਂ ਦੁਸ਼ਟ ਦੱਸਦੇ ਹੋ।।

ਜ਼ਿਮੀਦਾਰ ਨੇ ਕਿਹਾ, ਤੇਰੇ ਉਪਰ ਸ਼ੁਧ ਪਾਣੀ ਸ਼ੁਧ ਹੋਏ ਮੂੰਹ ਵਿਚੋਂ ਕੁਰਲੀ ਦੇ ਰੂਪ ਵਿਚ ਪਿਆ ਹੈ, ਤੂੰ ਕਿਉਂ ਗੁੱਸੇ ਹੁੰਦਾ ਹੈਂ। ਸੋ 'ਸੁਧ ਕਹਾ ਹੋਇ ਕਾਚੀ ਭੀਤਿ॥' ਇਹ ਸ਼ੁੱਧ ਨਹੀਂ ਹੋਇਆ ਕਰਦਾ ਕਦੇ ਵੀ। ਸੋ ਇਸ ਨੂੰ ਸ਼ੁੱਧ ਕਰਨ ਵਾਸਤੇ, ਨੇਤੀ, ਧੋਤੀ ਦੋ ਤਰੀਕੇ ਹਨ। ਉਸ ਤੋਂ ਬਾਅਦ ਕਪਾਲੀ ਹੋਇਆ ਕਰਦੀ ਹੈ - ਪ੍ਰਾਣਾਂ ਨੂੰ ਅੰਦਰ ਇਉਂ ਖਿੱਚਣਾ ਤੇ ਛੱਡਣਾ ਜਿਵੇਂ ਧੌਂਕਣੀ ਹੁੰਦੀ ਹੈ - ਅੰਦਰ ਬਾਹਰ, ਜ਼ੋਰ-ਜ਼ੋਰ ਨਾਲ ਕਰਨਾ। ਜ਼ੋਰ-ਜ਼ੋਰ ਦੀ ਸਾਹ ਖਿੱਚਣਾ, ਜ਼ੋਰ-ਜ਼ੋਰ ਦੀ ਛਡਣਾ। ਇਸ ਤੋਂ ਬਾਅਦ ਭਾਠੀ ਹੁੰਦੀ ਹੈ, ਨਿਊਲੀ ਹੁੰਦੀ ਹੈ, ਤ੍ਰਾਟਕ ਹੁੰਦਾ ਹੈ, ਬਸਤੀ ਹੁੰਦੀ ਹੈ। ਇਹ ਪੰਦਰਾਂ ਹਨ। ਭਾਠੀ ਹੁੰਦੀ ਹੈ ਜੀਭ ਨੂੰ ਲੰਬੀ ਕਰਕੇ ਨੱਕ ਦੀ ਜੜ੍ਹ ਤੱਕ ਲੰਬੀ ਕਰ ਲੈਣੀ। ਪ੍ਰਾਣਾਂ ਨੂੰ ਦਸਵੇਂ ਦੁਆਰ ਵਲ ਨੂੰ ਖਿਚਣਾ। ਭਾਠੀ ਦੀ ਕ੍ਰਿਆ ਰਾਹੀਂ ਲੰਬੀ ਕੀਤੀ ਹੋਈ ਜੀਭ ਨੂੰ ਗਲੇ ਵਿਚ ਲਿਜਾ ਕੇ ਸੁਆਸ ਵਾਲੀ ਨਾੜੀ ਨੂੰ ਬੰਦ ਕਰਕੇ ਉਪਰ ਗਏ ਹੋਏ ਸੁਆਸ ਨੂੰ ਰੋਕ ਲੈਣਾ ਅਤੇ ਹੇਠਾਂ ਨਾ ਉਤਰਨ ਦੇਣਾ। ਫੇਰ ਭੁਜੰਗਾ ਨਾੜੀ ਦਾ ਪ੍ਰਾਣਾਯਾਮ ਦੇ ਬਲ ਨਾਲ ਮੂੰਹ ਖੋਲ੍ਹ ਦੇਣਾ ਅਤੇ ਕੁੰਡਲਨੀ ਜਗਾ ਦੇਣੀ। ਕੁੰਡਲਨੀ ਨੂੰ ਜਗਾ ਕੇ ਫੇਰ ਸੁਖਮਨਾ ਨਾੜੀ ਰਾਹੀਂ ਰੀੜ੍ਹ ਦੀ ਹੱਡੀ 'ਚੋਂ ਉੱਪਰ ਸੁਆਸ ਚਾੜ੍ਹਨੇ। ਛੇ ਚੱਕਰ ਹਨ ਮੂਲਾਧਾਰ ਚੱਕਰ ਤੋਂ ਲੈ ਕੇ ਆਗਿਆ ਚੱਕਰ ਤੱਕ। ਫੇਰ ਸਾਹ ਦੇ ਬਲ ਨਾਲ ਕੁੰਡਲਨੀ ਉੱਪਰ ਚਾੜ੍ਹਦੇ ਨੇ। ਜੇ ਕੁੰਡਲਨੀ ਸ਼ਕਤੀ ਦਾ ਜਾਗਰਨ ਕਿਸੇ ਅਨੁਭਵੀ ਗੁਰੂ (Teacher) ਦੀ ਅਗਵਾਈ ਤੋਂ ਬਿਨਾਂ ਕੀਤਾ ਗਲਤ ਹੋ ਜਾਵੇ ਤਾਂ ਸਰੀਰ ਰੋਗੀ, ਕੁਸ਼ਟੀ ਹੋ ਜਾਂਦਾ ਹੈ, ਫਟ ਜਾਂਦਾ ਹੈ, ਫੋੜੇ ਨਿਕਲ ਆਉਂਦੇ ਹਨ ਫੇਰ ਆਦਮੀ ਬਹੁਤ ਦੁਖੀ ਹੁੰਦਾ ਹੈ, ਡਾਕਟਰਾਂ ਤੋਂ ਇਸ ਚੀਜ਼ ਦਾ ਇਲਾਜ ਨਹੀਂ ਹੋਇਆ ਕਰਦਾ। ਇਹ ਕ੍ਰਿਆ ਬਹੁਤ ਸੰਖੇਪ ਰੂਪ ਵਿਚ ਦੱਸੀ ਹੈ।

ਸੋ ਇਸ ਤਰ੍ਹਾਂ ਦੇ ਨਾਲ ਦੂਸਰੇ ਹੁੰਦੇ ਨੇ 'ਖਟ ਕਰਮ - ਸੰਧਿਆ, ਜਪ, ਹੋਮ, ਇਸ਼ਨਾਨ, ਵੇਦ, ਅਰਚਾ, ਪੂਜਾ। ਹੱਠ ਯੋਗ ਦੇ ਸਾਰੇ ਸਾਧਨ ਘਰ ਤੋਂ, ਅਬਾਦੀਆਂ ਤੋਂ ਦੂਰ ਦੁਰੇਡੇ ਰਹਿ ਕੇ ਹੀ ਹੁੰਦੇ ਹਨ, ਇਨ੍ਹਾਂ ਵਿਚ ਸਫਲਤਾ ਪ੍ਰਾਪਤ ਕਰਨ ਲਈ ਬਹੁਤ ਸਮੇਂ ਦੀ, ਪੂਰਨ ਵੇਹਲ ਦੀ, ਚਿੰਤਾ ਰਹਿਤ ਵਾਤਾਵਰਣ ਦੀ ਆਵਸ਼ਕਤਾ ਹੈ। ਇਹ ਘਰਾਂ ਵਿਚ ਨਹੀਂ ਹੁੰਦਾ, ਘਰ ਛੱਡਣਾ ਪੈਂਦਾ ਹੈ। ਮਹਾਰਾਜ ਕਹਿੰਦੇ, ਇਹ ਵੱਡਿਆਂ-ਵੱਡਿਆਂ ਨੇ ਕਰਕੇ ਦੇਖੇ ਨੇ, ਉਨ੍ਹਾਂ ਨੂੰ ਪਤਾ ਹੈ।

ਬਾਬਾ ਫਰੀਦ ਜੀ ਦੀ ਮਾਤਾ ਰੂਹਾਨੀ ਸੂਝ ਵਾਲੀ ਧਾਰਮਿਕ ਅੱਲਾਹ ਨੂੰ ਪਿਆਰ ਕਰਨ ਵਾਲੀ ਨੇਕ ਇਸਤ੍ਰੀ ਸੀ। ਮਾਤਾ ਨੇ ਪੰਜ ਸਾਲ ਦੀ ਉਮਰ ਵਿਚ ਫਰੀਦ ਨੂੰ ਅੱਲਾਹ ਦਾ ਨਾਮ ਜਪਣ ਲਾ ਕੇ ਧਾਰਮਿਕ ਨਿਸ਼ਚਾ ਬਣਾ ਦਿਤਾ। ਕਹਿਣ ਲੱਗੀ, "ਫਰੀਦਾ! ਤੱਸਵੀ ਫੇਰਿਆ ਕਰ, ਅੱਲਾ ਦਾ ਨਾਉਂ ਲਿਆ ਕਰ।" ਕਹਿਣ ਲੱਗਿਆ, "ਮਾਤਾ! ਅੱਲਾ ਕੀ ਦਿੰਦੈ?" ਬੱਚਾ ਹੈ, ਬੱਚੇ ਨੂੰ ਕੋਈ ਗੱਲ ਸਾਮ੍ਹਣੇ ਹੋਣੀ ਚਾਹੀਦੀ ਹੈ। ਉਹ ਸ਼ੱਕਰ ਖਾਂਦਾ ਹੁੰਦਾ ਸੀ। ਕਹਿੰਦੀ, ਅੱਲਾ ਸ਼ੱਕਰ ਦਿੰਦਾ ਹੁੰਦਾ ਹੈ। ਕਹਿੰਦਾ, ਫੇਰ ਤਾਂ ਮੈਂ ਮਾਲਾ ਜ਼ਰੂਰ ਫੇਰਿਆ ਕਰੂੰ। ਉਸ ਨੇ ਮਾਲਾ ਲੈ ਲੈਣੀ, ਮਾਲਾ ਫੇਰਨ ਪਿਛੋਂ ਜਦ ਆਪਣਾ ਮੁਸੱਲਾ ਚੁਕਣਾ, ਆਸਣ ਚੁਕਣਾ ਤਾਂ ਹੇਠਾਂ ਮਾਤਾ ਨੇ ਚੁੱਪ ਕਰਕੇ ਸ਼ੱਕਰ ਦੀ ਪੁੜੀ ਰੱਖੀ ਹੁੰਦੀ ਸੀ ਫਰੀਦ ਨੇ ਉਹ ਚੁਕ ਕੇ ਖਾ ਲੈਣੀ। ਇਕ ਵਾਰੀ ਐਸਾ ਹੋਇਆ ਕਿ ਮਾਤਾ ਆਪ ਕਿਤੇ ਚਲੀ ਗਈ। ਭਜਨ ਕਰਨ ਦਾ ਸਮਾਂ ਹੋ ਗਿਆ ਤੇ ਇਹ ਖੂੰਡੀ ਲੈ ਕੇ ਕਿੱਲੀ ਦੇ ਨਾਲੋਂ ਮਾਲਾ ਲਾਹ ਕੇ ਬਹਿ ਗਿਆ, ਆਸਣ ਚੁੱਕ ਲਿਆ ਸੰਦੂਕ ਤੋਂ, ਤੇ ਬੈਠ ਗਿਆ, ਮਾਲਾ ਫੇਰੀ। ਉਸ ਤੋਂ ਬਾਅਦ ਮਾਤਾ ਨੂੰ ਫਿਕਰ ਹੋਇਆ ਕਿ ਅੱਜ ਫਰੀਦ ਕੀ ਕਰੇਗਾ? ਜੇ ਸ਼ੱਕਰ ਨਾ ਨਿਕਲੀ, ਮੈਂ ਕਿਹੜਾ ਬਹਾਨਾ ਬਣਾਵਾਂਗੀ? ਮਾਤਾ ਵਾਪਿਸ

ਆ ਗਈ। ਕਹਿਣ ਲੱਗੀ, "ਫਰੀਦ! ਤਸਵੀ ਫੇਰੀ?"

ਕਹਿੰਦਾ, "ਹਾਂ ਮਾਤਾ।"

"ਸ਼ੱਕਰ ਮਿਲੀ?" ਡਰਦੀ-ਡਰਦੀ ਨੇ ਪੁੱਛਿਆ।

ਕਹਿੰਦਾ, "ਮਾਤਾ! ਆ ਦਿਖਾਵਾਂ।" ਉੱਗਲੀ ਫੜ ਕੇ ਲੈ ਗਿਆ। ਭਾਂਡੇ ਭਰੇ ਪਏ ਨੇ ਸ਼ੱਕਰ ਨਾਲ।

ਮਾਤਾ ਕਹਿਣ ਲੱਗੀ, "ਆਹ ਕਿਥੋਂ ਆ ਗਈ?"

ਫਰੀਦ ਨੇ ਕਿਹਾ, "ਅੱਜ ਤਾਂ ਖੁਦਾ ਨੇ ਬਹੁਤੀ ਹੀ ਸ਼ੱਕਰ ਦੇ ਦਿਤੀ, ਅੱਗੇ ਤਾਂ ਥੋੜ੍ਹੀ ਜਿਹੀ ਦਿੰਦਾ ਸੀ।"

ਪਤਾ ਲੱਗ ਗਿਆ ਮਾਤਾ ਨੂੰ ਕਿ ਸ਼ਬਦ ਸਿੱਧ ਕਰ ਲਿਆ ਇਸ ਨੇ। ਨਿਸ਼ਚੇ ਨਾਲ ਕੋਈ ਸ਼ਬਦ ਪੜ੍ਹ ਲਓ, ਪਰਮੇਸ਼ਰ ਦਾ ਨਾਉਂ ਲੈ ਲਓ, ਕਿਸੇ ਸ਼ਬਦ ਦਾ ਵਿਧੀ ਪੂਰਵਕ ਜਾਪ ਕਰ ਲਵੋ, ਉਹ ਸ਼ਬਦ ਬਾਰ-ਬਾਰ ਪੜ੍ਹਿਆ ਹੋਇਆ ਸਿਧ ਹੋ ਜਾਇਆ ਕਰਦਾ ਹੈ। ਫਰੀਦ ਦੀ ਮਾਤਾ ਨੇ ਫੇਰ ਪਰਤਿਆਉਣਾ ਚਾਹਿਆ। ਇਕ ਦਿਨ ਫਰੀਦ ਨੂੰ ਕਹਿਣ ਲੱਗੀ, "ਬੇਟਾ! ਅੱਜ ਆਪਣੇ ਘਰ ਰਾਸ਼ਨ ਨਹੀਂ ਹੈ, ਜਦ ਇਬਾਦਤ ਕਰਕੇ ਹਟੇਂਗਾ, ਕਹੀਂ ਅੱਲਾ ਤਾਲਾ ਨੂੰ ਕਿ ਸਾਨੂੰ ਹੁਣ ਇਕ ਡੰਗ ਦਾ ਰਾਸ਼ਨ ਦੇ ਦੇਵੇ। ਆਪ ਚਲੀ ਗਈ ਤੇ ਫਰੀਦ ਨੇ ਉਸੇ ਤਰ੍ਹਾਂ ਕੀਤਾ ਅਤੇ ਗੱਡੇ ਭਰੇ ਹੋਏ ਰਾਸ਼ਨ ਦੇ ਆ ਗਏ। ਗਾਡੀਵਾਨ ਕਹਿਣ ਲੱਗੇ, "ਫਰੀਦ ਦਾ ਇਹੀ ਘਰ ਹੈ?"

ਕਹਿੰਦੇ, "ਹਾਂ ਜੀ।"

ਫਰੀਦ ਨੇ ਕਿਹਾ, "ਕੀ ਹੈ?"

ਕਹਿੰਦੇ, "ਰਾਸ਼ਨ।

"ਅਸੀਂ ਤਾਂ ਇਕ ਡੰਗ ਦਾ ਮੰਗਿਆ ਸੀ।" ਕਹਿੰਦੇ ਨਹੀਂ, "ਤੂੰ ਇਹ ਨਹੀਂ ਕਿਹਾ ਕਿ ਬੰਦੇ ਦੇ ਇਕ ਡੰਗ ਲਈ ਰਾਸ਼ਨ ਦੇ ਦਿਓ। ਜਿੱਡਾ ਵੱਡਾ ਰੱਬ, ਓਡਾ ਵੱਡਾ ਉਸ ਦਾ ਡੰਗ ਹੈ।" ਸਾਰਾ ਹੀ ਘਰ ਭਰ ਦਿਤਾ। ਮਾਤਾ ਆਈ, ਪੁਛਣ ਲੱਗੀ,

"ਫਰੀਦਾ! ਰਾਸ਼ਨ ਮੰਗਿਆ ਖੁਦਾ ਪਾਸੋਂ?"

ਕਹਿੰਦਾ, "ਹਾਂ ਮਾਤਾ! ਅੰਦਰ ਆ ਕੇ ਦੇਖ, ਥਾਂ ਨਹੀਂ ਪੈਰ ਧਰਨ ਨੂੰ। ਬੋਰੀਆਂ, ਭਾਂਡੇ ਭਰੇ ਪਏ ਨੇ।"

ਮਾਤਾ ਨੇ ਸਮਝ ਲਿਆ ਕਿ ਇਸ ਨੂੰ ਸ਼ਬਦ ਦੀ ਸਿੱਧੀ ਹੋ ਗਈ। ਸੋ ਇਸ ਤਰ੍ਹਾਂ ਕਰਾਉਂਦੀ ਰਹੀ। ਜਦ 18 ਸਾਲ ਦਾ ਹੋਇਆ, ਵੱਡੇ-ਵੱਡੇ ਉਲਮਾ (ਵਿਦਵਾਨਾਂ) ਪਾਸ ਰਹਿ ਕੇ ਧਾਰਮਿਕ ਇਲਮ ਪ੍ਰਾਪਤ ਕਰ ਲਿਆ। ਚੰਗੇ ਪੀਰਾਂ ਦੀ ਸੰਗਤ ਵਿਚ ਉਨ੍ਹਾਂ ਦੇ ਪ੍ਰਵਚਨ ਸੁਣ ਕੇ ਵਿਦਵਾਨ ਹੋ ਗਿਆ, ਉਸ ਵੇਲੇ ਕਹਿਣ ਲੱਗੀ, ਫਰੀਦਾ! ਹਨੂਜ ਦਿੱਲੀ ਦੂਰ ਅਸਤ - ਅਜੇ ਦਿੱਲੀ ਦੂਰ ਹੈ। ਜਿਸ ਪਰਮਪਦ ਨੂੰ ਪ੍ਰਾਪਤ ਕਰਨਾ ਹੈ, ਉਹਦੇ ਵਾਸਤੇ ਤੈਨੂੰ ਤਪ ਕਰਨਾ ਪਏਗਾ।

ਸੋ ਮਾਤਾ ਨੇ ਤਪ ਕਰਨ ਵਾਸਤੇ, ਕਸ਼ਟ ਯੋਗ ਕਰਨ ਵਾਸਤੇ ਬਾਬਾ ਫਰੀਦ ਨੂੰ ਜੰਗਲਾਂ ਵਿਚ ਭੇਜ ਦਿਤਾ। ਕਹਿਣ ਲੱਗਿਆ, "ਮਾਤਾ! ਮੈਨੂੰ ਤਾਂ ਪਤਾ ਨਹੀਂ ਤਪ ਕਿਵੇਂ ਕਰੀਦਾ ਹੈ? ਮੈਨੂੰ ਕ੍ਰਿਪਾ ਕਰਕੇ ਦੱਸੋ ਤਾਂ ਸਹੀ।"

ਮਾਤਾ ਕਹਿਣ ਲੱਗੀ, "ਫਰੀਦ! ਦੇਖ ਲਈਂ, ਜੰਗਲਾਂ ਵਿਚ ਤਪੀਏ ਤਪ ਕਰਦੇ ਹੋਣਗੇ। ਮੈਂ ਤਿੰਨ ਗੱਲਾਂ ਤੈਨੂੰ ਕਹਿੰਦੀ ਹਾਂ - ਇਕ ਤਾਂ ਤੂੰ ਕਿਲੇ ਵਿਚ ਰਿਹਾ ਕਰੀਂ, ਬਾਹਰ ਨਾ ਨਿਕਲੀਂ। ਦੂਸਰਾ ਤੂੰ ਰੇਸ਼ਮੀ ਗਦੈਲਿਆਂ ਤੇ ਸੌਂਈਂ, ਤੀਸਰਾ ਤੂੰ ਨਰਮ ਪ੍ਰਸ਼ਾਦ, ਕੜਾਹ ਪ੍ਰਸ਼ਾਦ ਵਗੈਰਾ 36 ਪ੍ਰਕਾਰ ਦੇ ਭੋਜਨ ਛਕੀਂ।" ਫਰੀਦ ਦਾ ਸਿਰ ਚਕਰਾ ਗਿਆ, ਕਹਿਣ ਲੱਗਿਆ, "ਮਾਤਾ! ਮੈਂ ਤਾਂ ਕੁਛ ਵੀ ਨਹੀਂ ਸਮਝਿਆ।" ਇਕ ਪਾਸੇ ਤਾਂ ਤੂੰ ਮੈਨੂੰ ਜੰਗਲਾਂ ਵਿਚ ਭੇਜਦੀ ਹੈਂ, ਉਥੇ ਕਿਲੇ ਕਿਸ ਨੇ ਬਣਾਏ ਹਨ, ਕਿਸ ਨੇ ਓਥੇ ਰੇਸ਼ਮੀ ਗੱਦੇ ਮੈਨੂੰ ਦੇਣੇ ਹਨ, ਕਿਸ ਨੇ ਛੱਤੀ ਪ੍ਰਕਾਰ ਦੇ ਭੋਜਨ ਦੇਣੇ ਹਨ?"

ਮਾਤਾ ਕਹਿੰਦੀ, ਫਰੀਦਾ! ਜਿਨ੍ਹਾਂ ਸਾਧੂਆਂ ਸੰਤਾਂ ਵਿਚ ਤੂੰ ਜਾਣਾ ਹੈ, ਉਨ੍ਹਾਂ ਨੇ ਗੱਲ ਤੈਨੂੰ ਖੋਲ੍ਹ ਕੇ ਨਹੀਂ ਕਰਨੀ, ਉਨ੍ਹਾਂ ਨੇ ਸੰਕੇਤ ਦੇਣੇ ਹਨ, ਰਮਜ਼ ਮਾਰਨੀ ਹੈ। ਤੈਨੂੰ ਸਮਝਣੀ ਪੈਣੀ ਹੈ। ਵੱਡੀ ਗੱਲ ਖੁਲ੍ਹ ਕੇ ਨਹੀਂ ਕਰਨਗੇ, ਰਮਜ਼ ਮਾਰਨਗੇ, ਸਮਝ ਲਈਂ। ਕਿਲਾ ਮੈਂ ਕਹਿੰਦੀ ਹਾਂ ਜਿਥੇ ਸਤਿਸੰਗ ਹੁੰਦਾ ਹੋਵੇ, ਸਾਧੂ ਹੋਣ, ਓਥੇ ਰਹਿਣਾ, ਬਾਹਰ ਗਏ ਨੂੰ ਮਾਇਆ ਪੈ ਜਾਏਗੀ। ਇਕੱਲੇ ਸੰਤ ਨੂੰ ਨਹੀਂ ਮਾਇਆ ਛੱਡਦੀ, ਹੇਠਾਂ ਸੁੱਟ ਲੈਂਦੀ ਹੈ, ਸੰਗਤ ਵਿਚ ਸੰਤ ਬਚਿਆ ਰਹਿੰਦਾ ਹੈ। 36 ਪ੍ਰਕਾਰ ਦੇ ਭੋਜਨ ਤੋਂ ਭਾਵ ਹੈ ਕਿ ਜਦੋਂ ਹੱਦ ਤੋਂ ਜ਼ਿਆਦਾ ਭੁੱਖ ਲੱਗ ਜਾਏ, ਉਸ ਵੇਲੇ ਰੁੱਖੀਆਂ ਰੋਟੀਆਂ ਵੀ ਤੈਨੂੰ ਚੰਗੀਆਂ ਲੱਗਣਗੀਆਂ। 36 ਪ੍ਰਕਾਰ ਦੇ ਭੋਜਨ ਖਾਣ ਵਾਲਿਆਂ ਨੂੰ ਡਾਕਟਰਾਂ ਤੋਂ ਦਵਾਈਆਂ ਲੈਣੀਆਂ ਪੈਂਦੀਆਂ ਹਨ। ਘੀ, ਦੁੱਧ ਹਜ਼ਮ ਨਹੀਂ ਹੁੰਦਾ, ਫੇਰ ਚੂਰਨ ਦਿਓ, ਦਵਾਈ ਦਿਓ। ਤੇਰੇ ਇਹ ਹਜ਼ਮ ਵੀ ਹੋ ਜਾਏਗਾ ਤੇ ਸੁਆਦ ਵੀ ਲੱਗੇਗਾ ਤੇ ਰੇਸ਼ਮੀ ਗੱਦਿਆਂ ਤੋਂ ਭਾਵ ਇਹ ਹੈ ਕਿ ਜਿਹੜੇ ਰੇਸ਼ਮੀ ਗਦੈਲਿਆਂ ਤੇ ਸੌਂਦੇ ਨੇ ਉਨ੍ਹਾਂ ਨੂੰ ਪੁਛੋ ਕਿ ਨੀਂਦ ਆਉਂਦੀ ਹੈ? ਕਹਿੰਦੇ ਨੇ, ਡਾਕਟਰ ਜੀ, ਮੈਨੂੰ ਕੋਈ ਗੋਲੀ ਦਿਓ - ਕੰਪੋਜ਼ ਦੀ, ਮੈਨੂੰ ਨੀਂਦ ਆ ਜਾਏ। ਭਜਨ ਕਰਨ ਵਾਲਿਆਂ ਨੂੰ ਜਦ ਹੱਦ ਤੋਂ ਜ਼ਿਆਦਾ ਨੀਂਦ ਆਵੇ ਤਾਂ ਉਹ ਧਰਤੀ ਤੇ, ਡਲ੍ਹਿਆਂ ਤੇ ਪੈ ਜਾਏ, ਰੋੜਾਂ ਤੇ ਪੈ ਜਾਏ ਉਨ੍ਹਾਂ ਲਈ ਇਹ ਗਦੈਲੇ ਹੀ ਹੁੰਦੇ ਹਨ।

ਸੋ ਮਾਤਾ ਨੇ ਬਾਬਾ ਫਰੀਦ ਜੀ ਨੂੰ ਤਪ ਕਰਨ ਲਈ ਭੇਜ ਦਿਤਾ। ਆਪ ਤਪ ਹਠ (ਜ਼ੁਹਦ) ਵਿਚ ਬਹੁਤ ਸਾਧਨ ਕਰਦੇ, ਬੇਅੰਤ ਕਿਸਮ ਦੇ ਸਾਧਨ ਕਰਦੇ। ਖੜ੍ਹੇ ਰਹਿੰਦੇ ਤਾਂ ਕਈ-ਕਈ ਦਿਨ ਖੜ੍ਹੇ ਹੀ ਰਹਿੰਦੇ। ਖੂਹ ਵਿਚ ਲਟਕਦੇ ਤਾਂ ਲਟਕੇ ਹੀ ਰਹਿੰਦੇ ਕਿਉਂਕਿ ਹਠ ਯੋਗ ਕਰ ਰਹੇ ਸਨ। ਆਸਾ ਇਹ ਰੱਖੀ ਬੈਠੇ ਸਨ ਕਿ ਮੈਨੂੰ ਪ੍ਰਭੂ ਮਿਲ ਜਾਵੇ। ਇਕ ਦਿਨ ਜੰਗਲ ਵਿਚ ਖੜ੍ਹੇ ਨੇ ਤੇ ਸਵੇਰੇ-ਸਵੇਰੇ ਓਥੇ ਇਕ ਲੁਹਾਰ

ਆਇਆ। ਸਿਰ ਤੇ ਘੜਾ ਹੈ ਤੇ ਮੋਢੇ ਤੇ ਕੁਹਾੜਾ ਰੱਖਿਆ ਹੋਇਆ ਹੈ, ਪਹੁ ਫੁਟਾਲੇ ਦਾ ਸਮਾਂ ਹੈ, ਧੁੰਧ ਛਾਈ ਹੋਈ ਹੈ, ਸਾਫ ਦਿਸਦਾ ਨਹੀਂ ਹੈ, ਤੇ ਫਰੀਦ ਖੜ੍ਹਾ ਹੈ ਇਕ ਦਰਖਤ ਦੇ ਕੋਲ। ਲੁਹਾਰ ਨੇ ਸਮਝਿਆ ਕਿ ਆਹ ਦਰਖਤ ਸੁੱਕਿਆ ਹੋਇਆ ਹੈ, ਏਹੀ ਵੱਢ ਲੈਂਦੇ ਹਾਂ। ਇਹ ਦੇਖਣ ਵਾਸਤੇ ਕਿ ਇਹ ਦਰੱਖਤ ਸੁੱਕਾ ਹੈ ਕਿ ਗਿੱਲਾ ਹੈ, ਉਸ ਨੇ ਕੁਹਾੜੇ ਦਾ ਪੀਨ ਮਾਰਿਆ। ਪੀਨ ਮਾਰਨ ਤੇ ਬਾਬਾ ਫਰੀਦ ਦੀ ਜੋ ਲਿਵ ਲੱਗੀ ਹੋਈ ਸੀ, ਧਿਆਨ ਲੱਗਿਆ ਹੋਇਆ ਸੀ ਇਕ ਪਾਸੇ, ਉਹ ਟੁੱਟ ਗਿਆ। ਟਸ ਨਹੀਂ ਕਰੀ, ਕੋਈ ਬਦ-ਦੁਆ ਨਹੀਂ ਦਿਤੀ। ਸਮਝ ਗਿਆ ਕਿ ਇਹ ਵੀ ਕੁਛ ਟੋਲ੍ਹਦਾ ਫਿਰਦਾ ਹੈ ਤੇ ਮੈਂ ਵੀ ਟੋਲ੍ਹਦਾ ਫਿਰਦਾ ਹਾਂ। ਟੋਲ੍ਹ ਸਾਡੀ ਦੋਹਾਂ ਦੀ ਬਰਾਬਰ ਹੈ ਲੇਕਿਨ ਇਸ ਦੀ ਟੋਲ੍ਹ ਤੇ ਮੇਰੀ ਟੋਲ੍ਹ ਵਿਚ ਫਰਕ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਹਨ –

***ਧਾਰਨਾ – ਕਿਤੇ ਮਾਰ ਨ ਗਵਾਈਂ ਮੇਰੇ ਵੀਰਨਾਂ,***
***ਤੈਨੂੰ ਭਾਲ ਕੋਲਿਆਂ ਦੀ। – 2, 2.***
***ਮੇਰੇ ਪਿਆਰੇ, ਤੈਨੂੰ ਭਾਲ ਕੋਲਿਆਂ ਦੀ –2, 2.***
***ਕਿਤੇ ਮਾਰ ਨ ਮੁਕਾਈਂ ਮੇਰੇ ਵੀਰਨਾਂ,.... –2.***

***ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ॥***
***ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ॥***

***ਪੰਨਾ – 1380***

ਕਹਿਣ ਲੱਗੇ, ਪ੍ਰੇਮੀਆਂ! ਤੂੰ ਵੀ ਕੁਛ ਭਾਲਦਾ ਫਿਰਦਾ ਹੈਂ, ਮੈਂ ਵੀ ਕੁਛ ਭਾਲਦਾ ਫਿਰਦਾ ਹਾਂ। ਸੋ ਇਸ ਤਰ੍ਹਾਂ ਦੀ ਕਠਿਨ ਤਪੱਸਿਆ ਬਾਬਾ ਫਰੀਦ ਕਰਦਾ ਹੈ, ਖਾਣਾ ਪੀਣਾ ਛੱਡਿਆ ਹੋਇਆ ਹੈ। ਉਸ ਵੇਲੇ ਦੇ ਬਾਬਾ ਫਰੀਦ ਜੀ ਦੇ ਸਲੋਕ ਹਨ –

***ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥***
***ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ॥***

***ਪੰਨਾ – 1379***

ਐਸਾ ਨਹੀਂ ਸਮਝਣਾ ਚਾਹੀਦਾ ਕਿ ਤਤਿਕਸ਼ਾ ਕੋਈ ਵਾਧੂ ਕ੍ਰਿਆ ਹੈ, ਤਪ ਤਿਆਗ ਜਗਿਆਸੂ ਲਈ ਆਵੱਸ਼ਕ ਹੈ। ਪਰ ਸੰਜਮ ਨਾਲ ਕਰਨਾ ਜ਼ਰੂਰੀ ਹੈ। ਤਤਿਕਸ਼ਾ ਤੋਂ ਬਿਨਾਂ ਜਗਿਆਸੂ ਆਲਸੀ ਹੋ ਜਾਂਦਾ ਹੈ। ਲੇਕਿਨ ਮਹਾਰਾਜ ਇਹ ਦੱਸਦੇ ਹਨ ਕਿ ਜੇ ਜਗਿਆਸੂ ਨਿਰਾ ਤਪ ਤੇ ਹੀ ਰਹੇ, ਫੇਰ ਗੱਲ ਗਲਤ ਹੈ। ਤਪ ਵੀ ਹੋਣਾ ਚਾਹੀਦਾ ਹੈ। ਅੰਮ੍ਰਿਤ ਵੇਲੇ ਜਾਗਦਾ ਹੈ, ਉਹ ਤਪ ਨਹੀਂ ਹੈ? ਜਦੋਂ ਸਾਰੇ ਸੁੱਤੇ ਪਏ ਨੇ, ਉਹ ਉੱਠ ਕੇ ਬੈਠਾ ਹੁੰਦਾ ਹੈ। ਠੰਢੇ ਪਾਣੀ ਵਿਚ ਇਸ਼ਨਾਨ ਕਰਦਾ ਹੈ ਜਦੋਂ ਸਾਰੇ ਠੁਰ-ਠੁਰ ਕਰਦੇ ਹੁੰਦੇ ਨੇ; ਇਹ ਭੀ ਤਪ ਹੈ। ਨਹੀਂ ਤਾਂ ਆਦਮੀ ਸੁਸਤ ਹੋ ਜਾਇਆ ਕਰਦਾ ਹੈ। ਖਾਣਾ-ਪੀਣਾ ਵੀ ਜਿਹੜਾ ਹੈ ਇਹ ਸਿਹਤ ਦੇ ਮੁਤਾਬਿਕ ਹੋਣਾ ਚਾਹੀਦਾ ਹੈ। ਜਿਸ ਦੇਹੀ ਦੇ ਨਾਲ ਪ੍ਰਭੂ ਪ੍ਰਾਪਤੀ ਕਰਨੀ ਹੈ ਉਸ ਨੂੰ ਖੁਰਾਕ ਦਿਓ, ਭੁੱਖੀ ਨਾ ਰੱਖੋ। ਪਰ ਉਸ ਵੇਲੇ ਜਿਹੜੇ ਵੈਰਾਗੀ ਪੁਰਸ਼ ਹੁੰਦੇ ਹਨ ਉਨ੍ਹਾਂ ਦੀ ਬਿਰਤੀ ਆਪਣੀ ਹੁੰਦੀ ਹੈ। ਅੰਦਰ ਸ਼ੌਕ ਹੋਣ ਕਰਕੇ ਬਹੁਤੀ ਤਤਿਖਸ਼ਾ ਵਿਚ ਬਿਰਤੀ ਰਖਦੇ ਹਨ।

ਸੋ ਬਾਬਾ ਫਰੀਦ ਜੀ ਨੇ ਤਪ ਸਾਧਦਿਆਂ ਨਿਤ ਦਾ ਖਾਣਾ ਪੀਣਾ ਛੱਡ ਦਿਤਾ। ਇਸ ਤਰ੍ਹਾਂ ਦੇ ਨਾਲ ਸਰੀਰ ਸੁੱਕ ਗਿਆ। ਫਰੀਦ ਜੀ ਨੇ ਖਿਆਲ ਕੀਤਾ ਕਿ ਮਾਂ ਨੂੰ ਮਿਲ ਆਈਏ, ਬਾਰ੍ਹਾਂ ਸਾਲ ਲੰਘ ਗਏ ਤੇ ਜਦੋਂ ਘਰ ਨੂੰ ਵਾਪਿਸ ਜਾ ਰਿਹਾ ਸੀ ਤੇ ਜਦੋਂ ਇਕ ਜੰਗਲ, ਬਸਤੀ ਤੋਂ ਥੋੜ੍ਹਾ ਪਿਛੇ ਰਹਿ ਗਿਆ, ਉਸ ਵੇਲੇ ਖਿਆਲ ਆਇਆ ਕਿ ਦੇਖੀਏ, ਕੁਛ ਸ਼ਕਤੀ ਮੇਰੇ ਵਿਚ ਆ ਵੀ ਗਈ ਕਿ ਨਹੀਂ? ਦਰਖਤ ਥੱਲੇ ਬੈਠਾ ਸੀ। ਸੰਘਣਾ ਦਰਖਤ ਸੀ, ਬਹੁਤ ਸਾਰੀਆਂ ਚਿੜੀਆਂ ਦੁਪਹਿਰ ਦੇ ਸਮੇਂ ਆਰਾਮ ਕਰ ਰਹੀਆਂ ਸਨ ਲੇਕਿਨ ਆਪਣੀ ਖੁਸ਼ੀ ਵਿਚ, ਕੁਛ ਆਪਣੀ ਬੋਲੀ ਵਿਚ ਗਾ ਰਹੀਆਂ ਸਨ। ਤਪ ਕਰਨ ਵਾਲੇ ਦੇ ਮਨ ਵਿਚ ਕ੍ਰੋਧ ਵਧ ਜਾਂਦਾ ਹੈ, ਨਾਮ ਜਪਣ ਵਾਲੇ ਦੇ ਮਨ ਵਿਚ ਪਿਆਰ ਵਧ ਜਾਂਦਾ ਹੈ। ਦੋਹਾਂ ਦਾ ਉਲਟਾ ਅਸਰ ਹੁੰਦਾ ਹੈ। ਉਹ ਸਰਾਪ ਦਿੰਦਾ ਹੈ, ਉਹ ਸਭ ਦਾ ਭਲਾ ਚਾਹੁੰਦਾ ਹੈ, ਵਰ ਦਿੰਦਾ ਹੈ। ਤਪੀਏ ਫਰੀਦ ਨੂੰ ਚਿੜੀਆਂ ਚੀਂ-ਚੀਂ ਕਰਦੀਆਂ ਚੰਗੀਆਂ ਨਹੀਂ ਲੱਗੀਆਂ। ਦਰਵੇਸ਼ ਦਾ ਜੋ ਮਨ ਸੀ, ਉਹ ਕ੍ਰੋਧ ਵਿਚ ਆ ਗਿਆ, ਨਾਮੁਆਫਕਤਾ ਮਹਿਸੂਸ ਕਰੀ। ਉੱਪਰ ਨੂੰ ਦੇਖਿਆ, ਕਹਿੰਦਾ, ਮਰ ਜਾਓ ਚਿੜੀਓ। ਧੜੰਮ ਕਰਕੇ ਸਾਰੀਆਂ ਹੀ ਮਰ ਗਈਆਂ ਤੇ ਧਰਤੀ ਤੇ ਡਿਗ ਪਈਆਂ। ਦੇਖਦਾ ਹੈ ਕਿ ਇਹ ਤਾਂ ਮੈਂ ਮਾੜਾ ਕੰਮ ਕਰਿਆ ਹੈ। ਜ਼ਿੰਦਗੀ ਅੱਲਾਹ ਦਿੰਦਾ ਹੈ, ਅੱਲਾਹ ਲੈਂਦਾ ਹੈ, ਇਹ ਮੈਂ ਕੀ ਕੰਮ ਕੀਤਾ? ਪਛਤਾਵਾ ਆ ਗਿਆ, ਕਹਿੰਦਾ "ਅੱਛਾ, ਜੀ ਪਵੋ ਚਿੜੀਓ।" ਉਹ ਜਿਉਂਦੀਆਂ ਹੋ ਗਈਆਂ। ਮਨ ਵਿਚ ਬਹੁਤ ਖੁਸ਼ੀ ਹੋਈ ਕਿ ਮੇਰੇ ਵਿਚ ਕਰਾਮਾਤ ਕਰਨ ਦੀ ਸ਼ਕਤੀ ਆ ਗਈ। ਮੈਂ ਮਾਰ ਵੀ ਸਕਦਾ ਹਾਂ ਤੇ ਜਿਉਂਦਾ ਵੀ ਕਰ ਸਕਦਾ ਹਾਂ।

ਚਲਦਾ ਚਲਦਾ ਜੰਗਲ ਤੋਂ ਬਾਹਰ ਆ ਗਿਆ, ਪਾਣੀ ਦੀ ਬਹੁਤ ਪਿਆਸ ਲੱਗੀ। ਖੂਹ ਦੀ ਮੌਣ ਉਤੇ ਇਕ 22 ਸਾਲ ਦੀ ਬੀਬੀ ਡੋਲ ਕੱਢਦੀ ਹੈ ਅਤੇ ਪਾਣੀ ਡੋਲ੍ਹ ਦਿੰਦੀ ਹੈ, ਡੋਲ ਕੱਢਦੀ ਹੈ, ਡੋਲ੍ਹ ਦਿੰਦੀ ਹੈ। ਇਸ ਨੇ ਕਿਹਾ, ਬੀਬਾ ਪਾਣੀ ਪਿਲਾਓ, ਬੀਬਾ ਦਰਵੇਸ਼ ਨੂੰ ਜਲ ਪਿਲਾਓ। ਕੁਛ ਅਭਿਮਾਨ ਹੈ ਮਨ ਵਿਚ ਕਿ ਮੈਂ ਤਪੱਸਵੀ ਹਾਂ, ਮੇਰਾ ਸਤਿਕਾਰ ਹੋਣਾ ਚਾਹੀਦਾ ਹੈ, ਮੇਰੇ ਵਿਚ ਤਾਕਤ ਹੈ – ਮਾਰਨ ਜੀਵਾਉਣ ਦੀ। ਲੜਕੀ ਨੇ ਪਰਵਾਹ ਨਾ ਕਰੀ। ਖੜ੍ਹਾ ਦੇਖਦਾ ਹੈ, ਐਨੇ ਨੂੰ ਕੋਈ ਅਣਜਾਣ ਬੰਦਾ ਆਇਆ, ਉਸ ਬੀਬੀ ਨੇ ਉਸ ਨੂੰ ਪਾਣੀ ਪਿਲਾ ਦਿਤਾ। ਫਰੀਦ ਨੇ ਫੇਰ ਕਿਹਾ, "ਬੀਬਾ! ਦਰਵੇਸ਼ ਪਿਆਸਾ ਖੜ੍ਹਾ ਹੈ, ਪਾਣੀ ਜਲਦੀ ਪਿਲਾਓ।" ਰੋਅਬ ਹੈ ਗੱਲ ਕਰਨ ਵਿਚ। ਲੜਕੀ ਸੁਣ ਕੇ ਕਹਿਣ ਲੱਗੀ, "ਬਾਬਾ! ਇਹ ਚਿੜੀਆਂ ਨਹੀਂ ਜਿਨ੍ਹਾਂ ਨੂੰ ਤੂੰ ਮਾਰ ਦਏਂਗਾ। ਜਿਉਂਦੀਆਂ ਕਰ ਦਏਂਗਾ।" ਜਦੋਂ ਇਹ ਬਚਨ ਉਸ ਲੜਕੀ ਦੇ ਮੂੰਹੋਂ ਸੁਣਿਆ ਤਾਂ ਸਰਰ ਕਰਕੇ ਸਾਰੇ ਸਰੀਰ ਦੇ ਅੰਦਰ ਇਕ ਲਹਿਰ ਜਿਹੀ ਮਹਿਸੂਸ ਹੋਈ ਕਿ ਹੈਂ, ਇਹ ਪਾਣੀ ਏਥੇ ਭਰਦੀ ਹੈ, ਮੈਂ ਦਸ ਮੀਲ ਪਿੱਛੇ ਇਹ ਕੰਮ ਕਰਿਆ ਹੈ, ਇਸ ਨੂੰ ਕਿਵੇਂ ਪਤਾ ਲਗ

(ਬਾਕੀ ਪੰਨਾ 17 ਤੇ)

# ਸਮਰਪਣ – ਪਰਮ ਸੁੱਖ

*ਸੰਤ ਕਲਿਆਣਦਾਸ ਸਿੰਘ ਜੀ*
*ਸ੍ਰੀ ਅਨੰਦਪੁਰ ਸਾਹਿਬ*

ਗੁਰੂ ਨਾਨਕ ਮਾਰਗ ਸਿਮਰਨ ਤੇ ਸਮਰਪਣ ਹੈ।

'ਅਹੰਬ੍ਰਹਮ ਅਸਮੀ' ਮੈਂ ਬ੍ਰਹਮ ਹੂੰ, ਵੇਦਾਂਤ ਅਤੇ ਹੱਠ ਯੋਗ (ਪ੍ਰਾਣਾਯਾਮ) ਨਾਲ ਗੁਰਮਤਿ ਸਹਿਮਤ ਨਹੀਂ। ਇਸ ਵੇਦ ਵਾਕ ਅਨੁਸਾਰ ਐਸੀ ਨਿਸ਼ਠਾ ਦਾ ਸਿੱਧਾ ਪਰਿਪੱਕ ਹੋਣਾ ਅਸੰਭਵ ਨਹੀਂ ਤਾਂ ਮਹਾਂ ਕਠਿਨ ਅਵੱਸ਼ ਹੈ।

'ਹੱਠ ਯੋਗ' (ਪ੍ਰਾਣਾਯਾਮ) : ਸਮੇਂ ਅਨੁਸਾਰ ਜੀਵਕਾ ਨਮਿਤ ਘੋਰ ਪਰਿਸ਼੍ਰਮ ਕਰਦਿਆਂ ਹੋਇਆਂ ਸਥੂਲ ਅਹਾਰ ਖਾ ਕੇ ਹੱਠ ਯੋਗ ਸਾਧਨਾ ਵੀ ਅਸੰਭਵ ਹੈ। ਹੱਠ ਯੋਗ ਦੁਆਰਾ ਜੋ ਕੋਈ ਵਿਰਲਾ ਸਾਧੂ (ਗ੍ਰਹਿਸਥੀ ਤਾਂ ਉਕਾ ਨਹੀਂ) ਸਮਾਧੀ ਅਵਸਥਾ ਪ੍ਰਾਪਤ ਕਰ ਵੀ ਲਵੇ, ਕੁੰਡਲਨੀ ਜਾਗ੍ਰਤ ਕਰ ਲਵੇ ਤਾਂ ਬਿਨਾਂ ਪ੍ਰੇਮਾ ਭਗਤੀ ਤੋਂ ਚੌਵੀ ਘੰਟੇ ਪ੍ਰੇਮ ਰਸ ਪਾਨ ਨਹੀਂ ਕਰ ਸਕਦਾ। ਜਦੋਂ ਤਕ ਸਮਾਧੀ ਵਿਚ ਰਹੇਗਾ ਤਾਂ ਅਫੁਰ ਰਹੇਗਾ, ਸਮਾਧੀ ਟੁੱਟੀ ਤੇ 'ਵਿਰਸ' ਹੋ ਜਾਵੇਗਾ। ਨਾਮ ਸਿਮਰਨ ਤੇ ਪ੍ਰੇਮਾ ਭਗਤੀ ਕਰਕੇ ਜੋ ਸਮਰਪਿਤ ਹੋ ਗਿਆ ਹੈ, ਉਹ ਆਠੋਂ ਜਾਮ 'ਸਰਸ' ਰਹਿੰਦਾ ਹੈ ਪਰਮ ਸੁੱਖ ਵਿਚ ਰਹਿੰਦਾ ਹੈ।

ਗੁਰਮਤਿ ਨੰਗਾ ਗਿਆਨ ਸਵੀਕਾਰ ਨਹੀਂ ਕਰਦੀ, ਸਗੋਂ ਅੰਦਰ ਗਿਆਨ ਆਤਮਾ ਸਰਵ ਵਿਆਪੀ, ਬਾਹਰ ਪ੍ਰਗਟ ਭਗਤੀ ਤੇ ਸ਼ਰਧਾ ਨਿਮਰਤਾ ਤੇ ਸੇਵਾ ਦੀ ਦਿੱਖ, ਗੁਰੂ ਤੇ ਸਿੱਖ ਦੀ ਦ੍ਵੈਤ ਦ੍ਰਿਸ਼ਟ ਆਵੇ ਅਤੇ ਅੰਦਰ ਸ਼ਬਦ ਸੁਰਤਿ ਨਾਲ ਗੁਰੂ ਨਾਲ ਇਕਮਿਕ ਹੋਵੇ, ਅਦ੍ਵੈਤ ਸਮਰਪਿਤ ਹੋ ਜਾਵੇ। ਗੁਰਮਤਿ ਸਿੱਖਾਂ ਦਾ ਮਨ ਨੀਵਾਂ ਤੇ ਮਤਿ ਉਚੀ' ਸਵੀਕਾਰ ਕਰਦੀ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਾਨ੍ਹੇ ਦੀ ਬਾਣੀ –

***ਮੈਂ ਓਹੀ ਰੇ ਮੈਂ ਓਹੀ ਰੇ। ਜਿਨ ਸਗਲੀ ਗੋਪੀ ਮੋਹੀ ਰੇ।***

ਰੱਦ ਕਰ ਦਿਤੀ ਸੀ। ਮਹਾਰਾਜ ਨੇ ਕਿਹਾ ਕਾਨ੍ਹਾ ਤੇਰਾ ਬਿਸ਼ਨਪਦਾ ਯਥਾਰਥ ਵੇਦਾਂਤ ਵਾਕ ਅਨੁਸਾਰ ਬ੍ਰਹਮ ਗਿਆਨ ਦਾ ਲਖਾਇਕ ਹੈ। ਇਹ ਨਿਰੋਲ ਘੀ ਦੀ ਤਰ੍ਹਾਂ ਹੈ। ਜਿਸ ਤਰ੍ਹਾਂ ਨਿਰੋਲ ਘੀ ਭਾਵੇਂ ਅੰਮ੍ਰਿਤ ਸਮਾਨ ਹੈ, ਸ਼ੁਧ ਪੌਸ਼ਟਿਕ ਹੈ। ਇਹ ਹਰ ਇਕ ਨੂੰ ਮੁਆਫਿਕ ਨਹੀਂ ਆ ਸਕਦਾ, ਜੇ ਨਿਰੋਲ ਘੀ ਕਫੀ ਪੁਰਸ਼ (ਬਲਗਮ ਵਾਲਾ) ਖਾਵੇਗਾ ਤਾਂ ਛਾਤੀ ਜਾਮ ਹੋ ਜਾਵੇਗੀ ਖੰਘ ਬਲਗਮ ਦਮਾ ਹੋ ਜਾਵੇਗਾ, ਜੇ ਪਿੱਤ (ਗਰਮੀ) ਪ੍ਰਕ੍ਰਿਤੀ ਵਾਲਾ ਖਾਵੇਗਾ ਤਾਂ ਮਰੋੜੇ ਲੱਗ ਜਾਣਗੇ, ਅੱਛਾ ਪਦਾਰਥ ਹੋਣ ਦੇ ਬਾਵਜੂਦ ਹਾਨੀ ਕਰ ਜਾਵੇਗਾ। ਅਗਰ ਇਸ ਵਿਚ ਮਿਸ਼ਰੀ, ਬੂਰਾ ਜਾਂ ਸ਼ੱਕਰ ਮਿਲਾ ਦਿਤੀ ਜਾਵੇ ਤਾਂ ਕਫੀ ਨੂੰ ਵੀ ਮੁਆਫਕ ਆ ਜਾਵੇਗਾ ਅਤੇ ਪਿੱਤ ਪ੍ਰਕ੍ਰਿਤੀ ਵਾਲੇ ਨੂੰ ਵੀ। ਭਾਵ ਨਿਰਾ 'ਅਹੰਬ੍ਰਹਮਅਸਮੀ' ਘੀ ਖਾਲਿਸ ਹੈ, ਭਗਤੀ ਸ਼ਰਧਾ, ਦਾਸਤਾ, ਦੀ ਮਿਸ਼ਰੀ, ਬੂਰਾ, ਸ਼ੱਕਰ ਮਿਲਾ ਦਿਤੀ ਜਾਵੇ ਤਾਂ 'ਕਫੀ' ਹੰਕਾਰੀ ਨੂੰ ਹੰਕਾਰ ਨਹੀਂ ਹੋਵੇਗਾ ਅਤੇ ਪਿਤੀ ਵਿਸ਼ਈ ਨਹੀਂ ਹੋ ਸਕੇਗਾ। ਕਲਜੁੱਗ ਦਾ ਸਮਾਂ ਹੈ ਸਾਡੇ ਸਿੱਖ ਤੇਰੀ ਬਾਣੀ ਪੜ੍ਹ ਸੁਣ ਕੇ ਵਿਸ਼ਈ ਤੇ ਹੰਕਾਰੀ ਹੋ ਜਾਣਗੇ। ਮੈਂ ਤਾਂ ਬ੍ਰਹਮ ਹੀ ਹਾਂ, ਮੈਨੂੰ ਸਾਧਨਾ ਦੀ ਕੀ ਲੋੜ ਹੈ ਭ੍ਰਸ਼ਟ ਹੋ ਜਾਣਗੇ, ਨਾਮ ਭਗਤੀ ਹੀਣ ਹੋ ਕੇ, ਕਰਮ ਹੀਣ, ਪੁਰਸ਼ਾਰਥਹੀਣ ਹੋ ਕੇ ਪਤਿਤ ਹੋ ਜਾਣਗੇ। ਇੰਦ੍ਰੀਆਂ ਆਪਣੇ ਭੋਗ ਭੋਗਦੀਆਂ ਹਨ, ਸੰਜਮਹੀਣ ਹੋ ਕੇ ਵਿਸ਼ਈ ਭੋਗੀ ਤੇ ਲੰਪਟ ਹੋ ਜਾਣਗੇ, ਸੋ ਤੇਰੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਣ ਯੋਗ ਨਹੀਂ ਹੈ। ਸਾਡੇ ਸਿੱਖਾਂ ਨੂੰ ਹਾਨੀਕਾਰਕ ਹੈ।

ਕਿਸੇ ਦੀ ਗਊ ਬੀਮਾਰ ਹੋ ਗਈ ਉਹ ਡੰਗਰ ਡਾਕਟਰ ਪਾਸ ਗਿਆ ਅਤੇ ਆਪਣੀ ਗਊ ਦਾ ਰੋਗ ਦੱਸਿਆ। ਡਾਕਟਰ ਨੇ ਦਵਾ ਤਜਵੀਜ਼ ਕੀਤੀ, ਕਿਹਾ ਏਕ ਛਟਾਂਕ ਮੱਖਣ ਵਿਚ ਇਕ ਪਾ ਹਾਲਿਉਂ ਮਿਲਾ ਕੇ ਸੱਤ ਦਿਨ ਨਿੱਤ ਇਕ ਵਾਰ ਦੇ, ਤੇਰੀ ਗਊ ਠੀਕ ਹੋ ਜਾਵੇਗੀ।

ਜ਼ਿੰਮੀਦਾਰ ਨੇ ਘਰ ਆ ਕੇ ਸੋਚਿਆ ਮੇਰੀ ਗਊ ਪੰਜ ਸੇਰ ਦੁੱਧ ਰੋਜ਼ ਦਿੰਦੀ ਹੈ ਅਤੇ ਉਸ ਵਿਚੋਂ ਏਕ ਛਟਾਂਕ ਮੱਖਣ ਰੋਜ਼ ਨਿਕਲਦਾ ਹੈ, ਜੇ ਮੈਂ ਦੁੱਧ ਚੋਵਾਂਗਾ ਤਾਂ ਕੁਝ ਵਿਚੋਂ ਵਰਤਿਆ ਜਾਵੇਗਾ, ਫੇਰ ਮੱਖਣ ਘਟ ਜਾਵੇਗਾ, ਆਪਾਂ ਇਉਂ ਕਰੀਏ ਕਿ ਮੱਖਣ ਤਾਂ ਗਊ ਵਿਚ ਹੈਗਾ ਹੀ, ਪਾ ਭਰ ਹਾਲਿਉਂ ਕੁੱਟ ਕੇ ਗਊ ਨੂੰ ਦੇ ਦੇਈਏ।

ਸੋ ਉਸ ਨੇ ਗਊ ਚੋਣੀ ਬੰਦ ਕਰ ਦਿਤੀ ਅਤੇ ਪਾ ਹਾਲਿਉਂ ਕੁੱਟ ਕੇ ਦੇਣੀ ਸ਼ੁਰੂ ਕਰ ਦਿਤੀ। ਗਊ ਨੂੰ ਕੁਝ ਤਾਂ ਦੁੱਧ ਚੜ੍ਹ ਗਿਆ ਅਤੇ ਕੁਝ ਹਾਲਿਉਂ ਦੀ ਖੁਸ਼ਕ ਗਰਮੀ ਹੋ ਗਈ। ਗਊ ਸਗੋਂ ਬੀਮਾਰ ਹੋ ਗਈ। ਉਸ ਜ਼ਿੰਮੀਦਾਰ ਨੇ ਡਾਕਟਰ ਨੂੰ ਕਿਹਾ ਕਿ ਤੇਰੀ ਦੱਸੀ ਹੋਈ ਦਵਾਈ ਦਾ ਪ੍ਰਯੋਗ ਕਰਕੇ ਮੇਰੀ ਗਊ ਜ਼ਿਆਦਾ ਬੀਮਾਰ ਹੋ ਗਈ ਹੈ। ਡਾਕਟਰ ਨੇ ਕਿਹਾ ਕਿ ਤੈਨੂੰ ਕਿਹਾ ਸੀ ਕਿ ਮੱਖਣ ਵਿਚ ਹਾਲਿਓਂ ਪਾ ਕੇ ਦਿਆ ਕਰ, ਤੂੰ ਕਿਵੇਂ ਦਵਾਈ ਦਿਤੀ?

ਜ਼ਿੰਮੀਦਾਰ ਬੋਲਿਆ ਛਟਾਂਕ ਮੱਖਣ ਤਾਂ ਗਊ ਦੇ ਵਿਚੇ ਹੈ, ਪਾ ਹਾਲਿਉਂ ਕੁੱਟ ਕੇ ਦਿੰਦਾ ਰਿਹਾ ਹਾਂ, ਡਾ. ਨੇ ਪੁਛਿਆ ਗਊ ਦੇ ਵਿਚ ਦਾ ਕੀ ਮਤਲਬ। ਜ਼ਿੰਮੀਦਾਰ ਬੋਲਿਆ ਜੀ ਮੇਰੀ ਗਊ ਪੰਜ ਕਿਲੋ ਦੁੱਧ ਦਿੰਦੀ ਹੈ, ਉਸ 'ਚੋਂ ਛਟਾਂਕ ਮੱਖਣ ਨਿਕਲਦਾ ਸੀ, ਮੈਂ ਗਊ ਚੋਣੀ ਬੰਦ ਕਰ ਦਿਤੀ ਕਿ ਮੱਖਣ ਗਊ ਵਿਚ ਹੀ ਰਹਿਣ ਦਿਤਾ ਤੇ ਹਾਲਿਉ ਕੁੱਟ ਕੇ ਦਿੰਦਾ ਰਿਹਾ ਹਾਂ ਕਿ ਆਪੇ ਰਲ ਜਾਵੇਗੀ।

ਡਾਕਟਰ ਨੇ ਮੱਥੇ ਤੇ ਹੱਥ ਮਾਰਿਆ, ਵਾਹ ਭਈ ਅਕਲਮੰਦਾ! ਓਏ ਕਾਹਿਲ (ਸੁਸਤ), ਪਹਿਲਾਂ ਦੁੱਧ 'ਚੋਂ, ਤੱਤਾ ਧਰ, ਗੁਆਂਢਣ ਤੋਂ ਜਾਗ ਲਿਆ ਕੇ ਜਮਾ, ਦਹੀਂ ਬਣਾ ਕੇ ਰਿੜ੍ਹਕ ਫੇਰ ਲੱਸੀ ਵੱਖਰੀ ਕਰਕੇ ਮੱਖਣ ਕੱਢ, ਮੱਖਣ ਵਿਚੇ ਰੱਖ ਕੇ ਗਊ ਦਾ ਭੱਠਾ ਬਿਠਾ ਦਿਤਾ। ਭਾਵ ਮਨ ਰੂਪੀ ਦੁੱਧ ਨੂੰ

ਸਾਧਨਾ ਰੂਪੀ ਤੱਤਾ ਕਰਕੇ ਧਿਆਨ ਰੂਪੀ ਜਾਗ ਲਾਉਣ ਵਾਸਤੇ ਗੁਰੂ ਰੂਪੀ ਗੁਆਂਢਣ (ਗੁਰਮੁਖ) ਤੋਂ ਸ਼ਬਦ ਸਿਮਰਨ ਦੀ ਜਾਂਚ ਰੂਪੀ ਚੁੱਲੀ ਲੱਸੀ ਦੀ ਜਾਗ ਲੈ ਕੇ ਨਾਮ ਧਿਆਨ ਅਭਿਆਸ ਵਿਚ ਬ੍ਰਿਤੀ ਟਿਕਾਵੇ। ਜਦੋਂ ਬ੍ਰਿਤੀ ਟਿਕ ਜਾਵੇ, ਦਹੀਂ ਬਣ ਜਾਵੇ ਤਾਂ ਸੁਆਸ ਸੁਆਸ ਸਿਮਰਨ ਦਾ ਮਧਾਣਾ ਪਾਵੇ। ਮੁਸ਼ੱਕਤ ਕਰੇ (ਸਮਾਂ ਲੱਗੇਗਾ) ਫੇਰ ਦੇਹ ਅਧਿਆਸ ਦੀ ਲੱਸੀ ਤੋਂ ਵਖਰਾ ਕਰਕੇ ਮੱਖਣ ਹਾਸਲ ਕਰੇ। ਜਿਸ ਨੂੰ ਸੰਤ ਜਨ ਬੜੇ ਚਾਅ ਨਾਲ ਖਾਂਦੇ ਹਨ।

***ਸੰਤਹੁ ਮਾਖਨੁ ਖਾਇਆ ਛਾਛਿ ਪੀਐ ਸੰਸਾਰੁ॥***

***ਪੰਨਾ – 1365***

ਸੋ ਭਾਈ ਕਾਨ੍ਹਿਆ ਤੇਰਾ 'ਅਹੰ ਬ੍ਰਹਮਅਸਮੀ' ਬ੍ਰਹਮ ਤਾਂ ਵਿਚੇ ਹੀ ਹੈ, ਕੁਝ ਕਰਨ ਦੀ ਕੀ ਲੋੜ ਹੈ। ਸਾਡੇ ਸਿੱਖ ਪੁਰਸ਼ਾਰਥਹੀਣ ਹੋ ਜਾਣਗੇ। ਆਪ ਦੀ ਬਾਣੀ ਆਪਣੇ ਕੋਲ ਰੱਖ, ਅਸੀਂ ਨਹੀਂ ਚੜ੍ਹਾਉਣੀ।

ਬਾਣੀ ਨੇ ਭਗਤੀ ਨਾਲ ਸੁਮੇਲ ਕਰਕੇ ਦ੍ਵੈਤ ਦਾ ਨਾਸ ਕੀਤਾ ਅਤੇ ਅਦ੍ਵੈਤ ਏਕਤਾ ਦਰਸਾਈ ਹੈ। ਜਿਵੇਂ –

***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥***
***ਅਨਲ ਅਗਮ ਜੈਸੇ ਲਹਿਰ ਮਇ ਓਦਧਿ***
***ਜਲ ਕੇਵਲ ਜਲ ਮਾਂਹੀ॥ ਪੰਨਾ – 657***

***ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ।।***
***ਕਨਕ ਕਟਿ ਜਲ ਤਰੰਗ ਜੈਸਾ॥ ਪੰਨਾ – 93***

ਤੇਰੇ ਵਿਚ ਅਤੇ ਮੇਰੇ ਵਿਚ ਕੀ ਫਰਕ ਹੈ। ਕਨਕ – ਕਟਿਕ ਜੈਸਾ, ਸੋਨੇ ਅਤੇ ਗਹਿਣੇ ਜੈਸਾ, ਕੁਝ ਵੀ ਫਰਕ ਨਹੀਂ, ਤੂੰ ਵੀ ਸੋਨਾ ਮੈਂ ਵੀ ਸੋਨਾ, ਭਗਵਾਨ ਵਾਚ –

ਤੇਰੇ ਵਿਚ ਟਾਂਕਾ (ਖੋਟ) ਰਲ ਗਿਆ ਤੂੰ ਦੇਹਧਾਰੀ, ਵਜੂਦ ਵਾਲਾ ਵਖਰੀ ਨਾਮ ਸੰਗਿਆ ਧਾਰਨ ਕਰ ਲਈ, ਮੁੰਦੀ, ਹਾਰ, ਕੜਾ ਬਣ ਗਿਆ, ਦੇਹ ਅਧਿਆਸੀ ਹੋ ਗਿਆ।

ਜਲ ਤਰੰਗ ਜੈਸਾ – ਤੂੰ ਵੀ ਜਲ ਮੈਂ ਤਰੰਗ ਵੀ ਜਲ–

ਭਗਵਾਨ ਵਾਚ –

ਤੂੰ ਨਾਮ, ਰੂਪ ਧਾਰਨ ਕਰ ਲਿਆ, ਨਾਮ 'ਤਰੰਗ' ਤੇ ਰੂਪ ਇਕ ਉਚੀ ਬਣਤਰ –

ਜੇ ਮੈਂ ਗਹਿਣਾ ਢਲ ਜਾਵਾਂ, ਤਰੰਗ ਮਿਟ ਜਾਵਾਂ, ਨਾਮ, ਰੂਪ, ਮਿਟਾ ਦੇਵਾਂ, ਸਮਰਪਿਤ ਹੋ ਜਾਵਾਂ, ਤੇਰੇ ਵਿਚ ਰਲ ਜਾਵਾਂ ਤਾਂ ਫੇਰ ਮੋਹੀ ਤੋਹੀ ਅੰਤਰ ਕੈਸਾ? ਕੁਝ ਵੀ ਨਹੀਂ।

ਵੇਦਾਂਤ ਤੂੰ ਨੂੰ ਮਿਟਾ ਕੇ ਕੇਵਲ 'ਮੈਂ' ਇਕ ਰਹਿ ਗਿਆ, ਤੂੰ ਹੈ ਹੀ ਨਹੀਂ, ਕੇਵਲ ਮੈਂ ਹਾਂ, ਸਭਿ ਮੈਂ ਹਾਂ ਮੇਰੇ ਬਿਨਾਂ ਹੋਰ ਦੂਜਾ ਕੋਈ ਨਹੀਂ, ਦੂਈ ਦ੍ਵੈਤ ਨੂੰ ਇਕ ਕਰਦਾ ਹੈ।

ਗੁਰਮਤਿ 'ਮੈਂ' ਨੂੰ ਮਿਟਾ ਕੇ ਅਹੰ ਰਹਿਤ, ਕੇਵਲ 'ਤੂੰ' ਨੂੰ ਦ੍ਰਿੜਾਉਂਦੀ ਹੈ, ਕੇਵਲ ਤੂੰ ਹੈਂ, ਤੇਰੇ ਬਿਨਾਂ ਹੋਰ ਕੁਝ ਨਹੀਂ ਦੂਜਾ ਕੋਈ ਨਹੀਂ, ਤੂੰ ਨੂੰ ਸਮਰਪਿਤ ਹੋ ਕੇ ਦ੍ਵੈਤ ਦਾ ਵਿਨਾਸ਼ ਕਰਕੇ ਅਦ੍ਵੈਤ ਏਕਤਾ ਨੂੰ ਪ੍ਰਾਪਤ ਕਰਾਉਂਦੀ ਹੈ।

***ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ॥***
***ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ॥***

***ਪੰਨਾ – 1375***

ਸਾਗਰ ਆ ਕੇ ਬੂੰਦ ਵਿਚ ਸਮਾਵੇਗਾ, ਜਾਂ ਫਿਰ ਬੂੰਦ ਸਾਗਰ ਵਿਚ ਸਮਾਵੇਗੀ। ਸਾਗਰ ਵਿਚ ਬੂੰਦ ਦਾ ਸਮਾਣਾ ਸਹਿਜ ਹੈ, ਯੋਗਜ ਹੈ, ਸੰਭਵ ਹੈ। ਸਮੁੰਦਰ ਦਾ ਬੂੰਦ ਵਿਚ ਸਮਾਣਾ ਕਠਿਨ ਹੈ, ਅਯੋਗਜ ਹੈ, ਕੁੱਛ ਅਸੰਭਵ ਲਗਦਾ ਹੈ। ਮੈਂ ਦਾ ਤੂੰ ਵਿਚ ਸਮਾਉਣਾ ਬੂੰਦ ਦਾ ਸਾਗਰ ਵਿਚ ਗਿਰਨਾ ਹੈ, ਤੂੰ ਦਾ ਮੈਂ ਵਿਚ ਵਿਲੀਨ ਹੋਣਾ ਬੂੰਦ ਵਿਚ ਸਾਗਰ ਦਾ ਸਮਾਉਣਾ ਹੈ। ਕਠਿਨ ਹੈ ਨਾਜਾਇਜ਼ ਹੈ, ਬੇਅਦਬੀ ਹੈ, ਗੁਰਮਤਿ ਦੇ ਅਨੁਕੂਲ ਨਹੀਂ ਹੈ।

ਸਿਮਰਨ ਕਰਦਿਆਂ ਕਰਦਿਆਂ ਸਮਰਪਣ ਹੋ ਕੇ ਦੇਹ ਅਧਿਆਸ ਮਿਟ ਜਾਂਦਾ ਹੈ, ਦੇਹ ਨੂੰ ਦ੍ਰਿਸ਼ ਅਤੇ ਆਪ ਨੂੰ ਦ੍ਰਿਸ਼ਟਾ ਅਨੁਭਵ ਕਰਨ ਲਗ ਜਾਂਦਾ ਹੈ। ਆਪ ਨੂੰ ਆਤਮਾ, ਸਾਕਸ਼ੀ ਸਮਝਣ ਲਗ ਜਾਂਦਾ ਹੈ।

ਕਈ ਵਾਰ ਗੁਰਮੁਖ ਮਹਾਂਪੁਰਖ ਆਪਣੀ ਪਰਖ ਆਪ ਵੀ ਕਰਦੇ ਹਨ। ਗਰਮੀਆਂ ਦੇ ਦਿਨ ਸਨ, ਸੰਤ ਮਹਾਰਾਜ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲੇ ਦੁਪਹਿਰੇ ਆਪਣੇ ਕਮਰੇ ਵਿਚ ਆਰਾਮ ਕਰ ਰਹੇ ਸਨ, ਸੇਵਾਦਾਰ ਸਿੰਘ ਬਾਹਰ ਬੈਠੇ ਸਨ, ਸੰਤਾਂ ਨੇ ਲੰਗਰ 'ਚੋਂ ਕੋਲੇ ਦੀ ਅੱਗ ਮੰਗਾਈ ਅਤੇ ਧੂਪ ਵੀ ਮੰਗਾਈ, ਸੇਵਾਦਾਰ ਨੇ ਲਿਆ ਦਿਤੀ ਅਤੇ ਬਾਹਰ ਪਹਿਰੇ ਤੇ ਬਹਿ ਗਿਆ।

ਕੁਝ ਦੇਰ ਬਾਅਦ ਧੂਪ ਸੁਗੰਧੀ ਦੀ ਬਜਾਏ ਚਮੜੀ ਜਲਣ ਵਰਗਾ ਮੁਸ਼ਕ ਆਇਆ, ਸੇਵਾਦਾਰ ਕੁਝ ਦੇਰ ਤਾਂ ਸੋਚਦਾ ਰਿਹਾ, ਫੇਰ ਸੰਤਾਂ ਦੇ ਕਮਰੇ ਵਿਚ ਗਿਆ ਤੇ ਕੀ ਵੇਖਦਾ ਹੈ। ਸੰਤਾਂ ਨੇ ਭਖਦਾ ਕੋਇਲਾ ਆਪਣੇ ਪੱਟ ਤੇ ਰੱਖਿਆ ਹੈ ਅਤੇ ਅਡੋਲ ਲੰਮੇ ਪਏ ਹਨ ਅਤੇ ਮਾਸ ਚਿਰੜ ਚਿਰੜ ਜਲ ਰਿਹਾ ਹੈ।

ਸੇਵਾਦਾਰ ਨੇ ਝੱਟ ਤੋਲੀਏ ਨਾਲ ਕੋਲਾ ਪਕੜ ਕੇ ਬੜੇ ਜ਼ੋਰ ਨਾਲ ਖਿੱਚ ਕੇ ਬਾਹਰ ਕੱਢਿਆ ਅਤੇ ਬੇਨਤੀ ਕੀਤੀ ਮਹਾਰਾਜ! ਇਹ ਕੀ ਕੌਤਕ ਵਰਤਾਇਆ ਸੀ।

ਸੰਤ ਬਾਬਾ ਜੀ ਬੋਲੇ ਅਸੀਂ ਵੇਖ ਰਹੇ ਸਾਂ ਕਿ ਇਸ ਨੂੰ ਆਤਮ ਸਰੂਪ ਦੀ ਲਖਤਾ ਹੋ ਗਈ ਹੈ ਕਿ ਨਹੀਂ, ਕੀ ਇਹ ਦੇਹ ਅਧਿਆਸ ਵਿਚ ਹੀ ਫਸਿਆ ਹੋਇਆ ਹੈ ਕਿ ਉਪਰ ਉਠ ਗਿਆ ਹੈ।

ਸਾਕਸ਼ੀ ਭਾਵ ਭੀ, ਮੈਂ ਆਤਮਾ ਹੂੰ, ਦੇਰ ਨਹੀਂ, ਵੇਦਾਂਤ ਦੀ ਤਰ੍ਹਾਂ ਬਿਨਾਂ ਸਿਮਰਨ ਤੇ ਸਮਰਪਣ ਤੋਂ ਬਿਰਤੀ ਪਰਪੱਕ ਕਰਕੇ ਅਵਸਥਾ ਬਣਾਉਣੀ, ਇਹ ਮਤ ਬਿਹਾਰ ਵਿਚ ਰਾਮ ਮੂਰਤੀ ਹੋਏ ਹਨ, ਉਨ੍ਹਾਂ ਦਾ ਚਲਾਇਆ ਹੋਇਆ ਸੀ, ਇਹਦੇ ਵਿਚ ਵੀ ਸਫਲਤਾ ਘੱਟ ਤੇ ਕਠਿਨੀ ਹੈ, ਤਿਲ੍ਹਕਣਬਾਜੀ ਹੈ, ਇਸ ਨਾਲ ਵੀ ਗੁਰਮਤਿ ਸਹਿਮਤ ਨਹੀਂ, ਗੁਰੂ ਨਾਨਕ ਦਾ ਸਹਿਜ ਜੋਗ, ਖਾਂਦਿਆਂ ਪੀਂਦਿਆਂ, ਹਸਦਿਆਂ, ਖੇਲ੍ਹਦਿਆਂ ਸੁਆਸ ਸੁਆਸ ਸਿਮਰਨ ਕਰਕੇ ਉਚੀਆਂ ਅਵਸਥਾਵਾਂ ਬਖਸ਼ਿਸ਼ ਕਰਦਾ ਹੈ।

*ਨਾਨਕ ਸਤਿਗੁਰਿ ਭੇਟੀਐ ਪੂਰੀ ਹੋਵੈ ਜੁਗਤਿ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥*
*ਪੰਨਾ - 522*

ਗੁਰੂ ਨਾਨਕ ਮਾਰਗ ਗਾਡੀ ਰਾਹ ਹੈ ਜਿਵੇਂ ਗਡਵਾਨ ਗੱਡੇ ਨੂੰ ਬੱਲਦਾਂ ਨੂੰ ਜੋੜ ਕੇ ਗੱਡੇ ਤੇ ਸੌਂ ਜਾਂਦਾ ਹੈ, ਬੈਲ ਆਪੇ ਘਰ ਲੈ ਜਾਂਦੇ ਹਨ, ਅੰਧੇਰਾ ਹੋਵੇ ਚਾਹੇ ਗਡਵਾਨ ਰਾਹ ਭਟਕ ਗਿਆ ਹੋਵੇ, ਬੈਲ ਆਪੇ ਮਾਰਗ ਤੇ ਲੈ ਚਲਦੇ ਹਨ, ਭੁਲਦੇ ਨਹੀਂ। ਉਸੇ ਤਰ੍ਹਾਂ ਅੱਖਾਂ ਮੀਚ ਕੇ ਗਡਵਾਨ ਦੀ ਤਰ੍ਹਾਂ ਸ੍ਵਾਸਾਂ ਨਾਲ ਊਠਤ ਬੈਠਤ ਨਾਮ ਜਪਦੇ ਰਹਿਣ ਨਾਲ ਆਪਣੇ ਆਪ ਸ਼ਬਦ ਰੂਪੀ ਬੈਲ ਆਪਣੇ ਨਿਜੀ ਸਰੂਪ ਰੂਪੀ ਘਰ ਲੈ ਜਾਂਦੇ ਹਨ, ਕੋਈ ਭੁੱਲ ਤੇ ਬਿਖਮਤਾ ਨਹੀਂ, ਕਿਉਂਕਿ ਇਸ ਵਿਚ ਗੁਰੂ ਨੂੰ ਸਮਰਪਣ ਹੈ ਸਹਿਜੇ ਹੀ ਦੇਹ ਅਧਿਆਸ ਹਟ ਕੇ ਸ਼ਾਕਸ਼ੀ ਭਾਵ ਪੱਕ ਜਾਂਦਾ ਹੈ।

ਬਾਬਾ ਦੀਪ ਸਿੰਘ ਸਾਕਸ਼ੀ ਭਾਵ ਨੂੰ ਪ੍ਰਾਪਤ ਸਨ, ਬਾਬਾ ਦੀਪ ਸਿੰਘ ਨੇ ਆਪਣੀ ਦੇਹ ਨੂੰ ਦ੍ਰਿਸ਼ ਜਾਣ ਕੇ ਤਲੀ ਤੇ ਸੀਸ ਰਖਾਇਆ ਤੇ ਯੁੱਧ ਕਰਾਇਆ, ਆਪ ਦ੍ਰਿਸ਼ਟਾ ਬਣੇ ਰਹੇ, ਦੇਹ ਤੋਂ ਯੁੱਧ ਕਰਾਇਆ।

ਭਾਈ ਮਤੀਦਾਸ ਨੇ ਦ੍ਰਿਸ਼ਟਾ ਬਣ ਕੇ ਆਪਣੀ ਦੇਹ ਦੋ ਫਾੜ ਹੁੰਦੀ ਵੇਖੀ, ਇਸੇ ਤਰ੍ਹਾਂ ਹੀ ਭਾਈ ਸਤੀਦਾਸ ਨੇ ਰੂਈਂ ਨਾਲ ਦੇਹ ਸੜਦੀ ਵੇਖੀ ਤੇ ਭਾਈ ਦਇਆਲੇ ਨੇ ਸਰੀਰ ਉਬਲਦਾ ਵੇਖਿਆ, ਭਾਈ ਤਾਰੂ ਸਿੰਘ ਨੇ ਭਾਈ ਤਾਰੂ ਸਿੰਘ ਦੀ ਖੋਪਰੀ ਲਹਿੰਦੀ ਵੇਖੀ, ਅਣਗਿਣਤ ਸਿੰਘਾਂ ਸਿੰਘਣੀਆਂ ਨੇ ਸਮਰਪਣ ਹੋ ਕੇ ਦੇਹ ਅਧਿਆਸ ਤੋਂ ਉਪਰ ਉਠ, ਸਾਕਸ਼ੀ ਭਾਵ ਨੂੰ ਪ੍ਰਾਪਤ ਹੋ ਕੇ ਸ਼ਹੀਦੀਆਂ ਪਾਈਆਂ, ਇਹ ਸਭ ਸਿਮਰਨ ਦੇ ਸਹਿਜ ਯੋਗ ਦੀ ਕ੍ਰਿਪਾ ਸੀ।

ਹੁਣ ਵੀ ਬਹੁਤ ਸਿੰਘ, ਸਿੰਘਣੀਆਂ, ਗੁਰਮੁਖ ਸੰਤ ਇਸ ਅਵਸਥਾ ਨੂੰ ਪ੍ਰਾਪਤ ਹਨ, ਗੁਪਤ ਰਹਿ ਕੇ ਸੁੱਖ, ਪਰਮ ਸੁੱਖ ਮਾਣ ਰਹੇ ਹਨ ਜੋ ਕਿ ਕਿਸੇ ਯੋਗੀ ਵੇਦਾਂਤੀ ਨੂੰ ਪ੍ਰਾਪਤ ਨਹੀਂ, ਗੁਰੂ ਨਾਨਕ ਦਾ ਕੋਸ਼ (ਖਜ਼ਾਨਾ) ਅਣਗਿਣਤ ਹੀਰੇ ਮੋਤੀਆਂ ਲਾਲ ਜਵਾਹਰਾਤਾਂ ਨਾਲ ਭਰਪੂਰ ਹੈ।

ਪਿਛਲੇ ਯੁੱਗਾਂ ਵਿਚ ਵੀ ਕੁਝ ਮਹਾਂਪੁਰਖ ਦੇਹ ਅਧਿਆਸ ਤੋਂ ਉਪਰ ਉਠੇ ਸਨ, ਦਬੀਚ ਰਿਸ਼ੀ ਜਿਸ ਨੇ ਇੰਦਰ ਨੂੰ ਬਜਰ ਬਣਾਉਣ ਵਾਸਤੇ ਹੱਡੀਆਂ ਦਿਤੀਆਂ, ਆਪਣਾ ਮਾਸ ਗਊਆਂ ਤੋਂ ਚਟਾਇਆ।

ਭੀਸ਼ਮ ਪਿਤਾਮਾ ਜਿਸ ਨੇ ਕ੍ਰਿਸ਼ਨ ਦਰਸ਼ਨਾਂ ਲਈ 18 ਦਿਨ ਤਕ ਇਕ ਸੌ ਇਕ ਬਾਣਾਂ ਦੀ ਸੇਜ ਉਤੇ ਰਣ ਭੂਮੀ ਵਿਚ ਆਪਣੇ ਪ੍ਰਾਣ ਰੋਕ ਕੇ ਰੱਖੇ ਜਦੋਂ ਕਿ ਉਸ ਨੂੰ ਵਰਦਾਨ ਸੀ ਕਿ ਜਦੋਂ ਵੀ ਚਾਹੇ ਸ੍ਵੈਇੱਛਾ ਨਾਲ ਸਰੀਰ ਛੱਡ ਸਕਦਾ ਸੀ।

ਹੁਣ ਜੇ ਢੂੰਡਣ ਜਾਈਏ ਤਾਂ ਸਭ ਤੋਂ ਵੱਧ ਅਮੀਰ ਗੁਰੂ ਨਾਨਕ ਦਾ ਘਰ ਹੈ, ਜਿਸ ਵਿਚ ਜਗਿਆਸੂ ਹਸਦਿਆਂ ਹਸਦਿਆਂ ਦੇਹ ਨੂੰ ਦ੍ਰਿਸ਼ ਸਮਝ ਕੇ ਸਹਿਜ ਹੀ ਪਰ੍ਹੇ ਹੋ ਸਕਦੇ ਹਨ ਅਤੇ ਦੇਹ ਅਧਿਆਸ ਤੋਂ ਉਪਰ ਸਾਕਸ਼ੀ ਭਾਵ ਨੂੰ ਪ੍ਰਾਪਤ ਹਨ।

**'ਚਲਦਾ'**

L L L L L L

(ਪੰਨਾ 24 ਦੀ ਬਾਕੀ)

ਗਿਆ? ਭੁੱਲ ਗਿਆ ਸਭ ਕੁਛ, ਪਿਆਸ ਖਤਮ ਹੋ ਗਈ। ਇਕੋ ਲਾਲਸਾ ਰਹਿ ਗਈ ਕਿ ਮੈਨੂੰ ਨਹੀਂ ਪਤਾ ਲਗਦਾ ਕਿ ਇਹ ਪਾਣੀ ਕਿਉਂ ਡੋਲ੍ਹਦੀ ਹੈ। ਫੇਰ ਮੇਰੇ ਨਾਲੋਂ ਤਾਂ ਇਹ ਬਹੁਤਾ ਵੱਡੀ ਹੋਈ। ਬੈਠ ਗਿਆ, ਉਹ ਬੀਬੀ ਹੌਲੀ-ਹੌਲੀ ਪਾਣੀ ਡੋਲ੍ਹਦੀ ਗਈ ਤੇ ਫੇਰ ਆਵਾਜ਼ ਮਾਰੀ, ਆਓ ਦਰਵੇਸ਼ ਸਾਂਈ, ਹੁਣ ਜਲ ਪੀਓ।

ਫਰੀਦ ਕਹਿਣ ਲੱਗਿਆ, "ਬੀਬੀ! ਮੇਰੀ ਪਿਆਸ ਬੁਝ ਚੁੱਕੀ ਹੈ, ਮੈਨੂੰ ਹੁਣ ਪਾਣੀ ਦੀ ਲੋੜ ਨਹੀਂ। ਮੈਨੂੰ ਪਹਿਲਾਂ ਇਉਂ ਦੱਸ, ਤੈਨੂੰ ਕਿਵੇਂ ਪਤਾ ਲੱਗਿਆ ਕਿ ਮੈਂ ਚਿੜੀਆਂ ਮਾਰੀਆਂ ਸਨ ਤੇ ਜਿਊਂਦੀਆਂ ਕੀਤੀਆਂ ਹਨ?"

ਬੀਬੀ ਕਹਿਣ ਲੱਗੀ, "ਬਾਬਾ! ਅਸੀਂ ਇਸਤਰੀਆਂ ਹਾਂ। ਅਸੀਂ ਤੇਰੇ ਵਾਂਗੂੰ ਜਪ ਤਪ ਨਹੀਂ ਕਰ ਸਕਦੀਆਂ। ਘਰੋਂ ਬਾਹਰ ਨਹੀਂ ਜਾ ਸਕਦੀਆਂ, ਵਿਆਹੀਆਂ ਹੋਈਆਂ ਹਾਂ, ਘਰ ਵਿਚ ਰਹਿਣਾ ਹੈ, ਪਰ ਸਾਨੂੰ ਮਹਾਂਪੁਰਸ਼ਾਂ ਨੇ ਇਹ ਦੱਸਿਆ ਹੈ ਕਿ ਜੇ ਪਤੀ ਨੂੰ ਪਰਮੇਸ਼ਰ ਰੂਪ ਕਰਕੇ ਮੰਨੋ, ਪਰਮੇਸ਼ਰ ਭਾਵਨਾ ਵਿਚ ਰਹੇ, ਉਸ ਦੀ ਤਨੋ, ਮਨੋ ਸੇਵਾ ਕਰੋ ਤਾਂ ਉਸ ਦੇ ਵਿਚ ਸ਼ਕਤੀਆਂ ਆ ਜਾਂਦੀਆਂ ਹਨ, ਸੋਝੀ ਆ ਜਾਂਦੀ ਹੈ। ਜਦ ਤੋਂ ਮੇਰਾ ਵਿਆਹ ਹੋਇਆ ਹੈ, ਆਪਣੇ ਪਤੀ ਨੂੰ ਪਰਮੇਸ਼ਰ ਰੂਪ ਕਰਕੇ ਮੰਨਦੀ ਹਾਂ। ਉਹ ਵੀ ਪ੍ਰਭੂ ਦੇ ਪਿਆਰੇ ਹਨ, ਅੰਮ੍ਰਿਤ ਵੇਲੇ ਜਾਗਦੇ ਹਨ, ਜਾਗ ਕੇ ਸਿਮਰਨ ਵਿਚ ਬੈਠਦੇ ਹਨ। ਮੈਂ ਉਨ੍ਹਾਂ ਦੀ ਸੇਵਾ ਕਰਦੀ ਹਾਂ, ਸੇਵਾ ਕਰਨ ਦੇ ਨਾਲ ਮੇਰੇ ਨੇਤਰ ਖੁੱਲ੍ਹ ਗਏ ਤੇ ਮੈਨੂੰ ਤੇਰੀਆਂ ਚਿੜੀਆਂ ਵੀ ਦਿਸਦੀਆਂ ਨੇ ਤੇ ਜਿਥੇ ਮੈਂ ਪਾਣੀ ਪਹੁੰਚਾਉਂਦੀ ਹਾਂ, ਉਹ ਵੀ ਮੈਨੂੰ ਨਜ਼ਰ ਆ ਰਿਹਾ ਹੈ।"

ਕਹਿੰਦੇ, "ਬੀਬਾ, ਮੈਨੂੰ ਇਹ ਦ੍ਰਿਸ਼ਟੀ ਪ੍ਰਾਪਤ ਨਹੀਂ ਹੋਈ, ਕ੍ਰਿਪਾ ਕਰਕੇ ਮੈਨੂੰ ਦੱਸ ਕਿ ਪਾਣੀ ਕਾਹਦੇ ਵਾਸਤੇ ਡੋਲ੍ਹ ਰਹੀ ਸੀ।"

ਕਹਿੰਦੀ, "ਬਾਬਾ! ਮੇਰੀ ਭੈਣ ਮਹਾਂਪੁਰਸ਼ਾਂ ਦੇ ਸਤਿਸੰਗ ਵਿਚ ਗਈ ਹੋਈ ਹੈ, ਉਸ ਦੇ ਘਰ ਨੂੰ ਅੱਗ ਲੱਗ ਗਈ ਤੇ ਮੈਂ ਪਾਣੀ ਪਾ ਕੇ ਬੁਝਾ ਦਿਤੀ, ਜਾਹ ਦੇਖ ਆ।"

ਹੈਰਾਨ ਹੋ ਗਿਆ ਫਰੀਦ। ਉਸ ਪਿੰਡ ਵਿਚ ਪਹੁੰਚ ਕੇ ਫਰੀਦ ਜੀ ਨੇ ਨਿਰਣਾ ਕਰ ਲਿਆ, ਜਾ ਕੇ ਦੇਖਿਆ ਕਿ ਐਵੇਂ ਤਾਂ ਨਹੀਂ ਕਹਿੰਦੀ। ਪੁੱਛਿਆ ਕਿ ਕੀ ਹੋਇਆ ਸੀ? ਕਹਿੰਦੇ, ਅੱਗ ਵੀ ਆਪੇ ਲੱਗੀ ਸੀ ਤੇ ਬੁਝ ਵੀ ਆਪੇ ਗਈ। ਸਮਝ ਗਿਆ ਕਿ ਇਸ ਬੀਬੀ ਵਿਚ ਤਾਕਤ ਬਹੁਤ ਵੱਡੀ ਹੈ। ਇਸ ਨੂੰ ਪਤੀਵਰਤਾ ਦੀ ਸ਼ਕਤੀ ਕਹਿੰਦੇ ਹਨ।

**'ਚਲਦਾ'**

L L L L L L

# ਭਗਵਤ ਗੀਤਾ ਦੀ ਚਿਰ ਸਥਾਈ ਆਤਮ ਵਿਦਿਆ

## PERENNIAL PSYCHOLOGY OF THE BHAGVAD GITA

*ਮੂਲ ਲੇਖਕ - ਡਾ ਸਵਾਮੀ ਰਾਮ ਜੀ*

*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ - 51)*

19. ਹੇ ਕੁਰੂਸ੍ਰੇਸ਼ਟ! ਮੈਂ ਆਪਣੀਆਂ ਪ੍ਰਮੁੱਖ ਦਿਬਯ ਵਿਭੂਤੀਆਂ ਤੈਨੂੰ ਸੁਣਾਉਂਦਾ ਹਾਂ ਕਿਉਂਕਿ ਮੇਰੇ ਵਿਸਥਾਰ ਦਾ ਕੋਈ ਅੰਤ ਨਹੀਂ।

20. ਹੇ ਅਰਜਨ! ਮੈਂ ਸਭ ਜੀਵਾਂ ਵਿਚ ਵਸਣ ਵਾਲੀ ਆਤਮਾ ਹਾਂ ਤੇ ਸਭ ਭੂਤਾਂ ਦਾ ਆਦਿ, ਮੱਧ ਤੇ ਅੰਤ ਹਾਂ।

21. ਮੈਂ ਅਦਿਤਯ ਦੇ ਬਾਰ੍ਹਾਂ ਪੁਤਰਾਂ ਵਿਚ ਵਿਸ਼ਨੂੰ ਹਾਂ, ਅਰਥਾਤ ਬਾਮ੍ਹਣ ਅਵਤਾਰ ਪ੍ਰਕਾਸ਼ਕ ਵਸਤੂਆਂ ਵਿਚ ਸੂਰਜ ਹਾਂ, ਹਵਾਵਾਂ ਵਿਚ ਪਰੀਚ ਹਾਂ ਅਤੇ ਨਛਤਰਾਂ ਵਿਚ ਚੰਦਰਮਾ ਹੈ।

22. ਮੈਂ ਵੇਦਾਂ ਵਿਚ ਸਾਮਵੇਦ ਹਾਂ, ਦੇਵਤਿਆਂ ਵਿਚ ਇੰਦ੍ਰ ਹਾਂ, ਇੰਦ੍ਰੀਆਂ ਵਿਚ ਮਨ ਅਤੇ ਭੂਤ ਪ੍ਰਾਣੀਆਂ ਵਿਚ ਚੇਤਨਤਾ ਅਰਥਾਤ ਗਿਆਨਸ਼ਕਤ ਹਾਂ।

23. ਮੈਂ ਗਿਆਰ੍ਹਾਂ ਰੁਦਰਾ ਵਿਚ ਸ਼ੰਕਰ, ਅਤੇ ਯਖਸ਼ ਤਥਾ ਰਾਖਸ਼ਾਂ ਵਿਚ ਧਨ ਦਾ ਸੁਆਮੀ ਕੁਬੇਰ ਅਤੇ ਅੱਠ ਵਸਤੂਆਂ ਵਿਚ ਅਗਨੀ ਤੇ ਸਿਖਰ ਵਾਲੇ ਪ੍ਰਬਤਾਂ ਵਿਚ ਸੁਮੇਰ ਹਾਂ।

24. ਹੇ ਪਾਰਥ! ਪ੍ਰੋਹਤਾਂ ਵਿਚੋਂ ਮੈਨੂੰ ਦੇਵਤਿਆਂ ਦਾ ਪਰੋਹਤ ਬ੍ਰਹਸਪਤੀ ਜਾਣ, ਸੈਨਾਪਤੀਆਂ ਵਿਚ ਸੁਆਮੀ ਕਾਰਤਕ ਜਾਣ ਅਤੇ ਝੀਲਾਂ ਵਿਚ ਮੈਂ ਸਮੁੰਦਰ ਹਾਂ।

25. ਮੈਂ ਮਹਾਂਰਿਸ਼ੀਆਂ ਵਿਚ ਭ੍ਰਿਗੂ ਹਾਂ, ਵਾਕਾਂ ਵਿਚੋਂ ਇਕ ਅੱਖਰੀ (ਓਅੰਕਾਰ) ਹਾਂ ਅਤੇ ਸਭ ਪ੍ਰਕਾਰ ਦੇ ਯੱਗਾਂ ਵਿਚ ਜਪ ਯੱਗ, ਸਥਿਰ ਰਹਿਣ ਵਾਲਿਆਂ ਵਿਚੋਂ ਮੈਂ ਹਿਮਾਲਿਆ ਪਰਬਤ ਹਾਂ।

26. ਬ੍ਰਿਛਾਂ ਵਿਚੋਂ ਮੈਂ ਪਿੱਪਲ ਦਾ ਦਰਖਤ ਹਾਂ, ਦੇਵ ਰਿਸ਼ੀਆਂ ਵਿਚ ਮੈਂ ਨਾਰਦ ਹਾਂ, ਗੰਧਰਵਾਂ ਵਿਚੋਂ ਚਿਤਰਥ ਅਤੇ ਸਿੱਧਾਂ ਵਿਚ ਕਪਲਮੁਨੀ ਹਾਂ।

27. ਘੋੜਿਆਂ ਵਿਚੋਂ ਉਚ ਸ੍ਰਵਾ, ਹਾਥੀਆਂ ਵਿਚੋਂ ਐਰਾਵਤ ਅਤੇ ਮਨੁੱਖ ਵਿਚ ਰਾਜਾ ਮੈਨੂੰ ਹੀ ਜਾਣ।

28. ਹਥਿਆਰਾਂ ਵਿਚੋਂ ਮੈਂ ਬਜ੍ਰ, ਗਊਆਂ ਵਿਚੋਂ ਕਾਮਧੇਨ, ਪੈਦਾ ਕਰਨ ਵਾਲਿਆਂ ਵਿਚ ਕਾਮਦੇਵ ਤੇ ਸੱਪਾਂ ਵਿਚ ਵਾਸਕਿ ਹਾਂ।

29. ਮੈਂ ਨਾਗਾਂ ਵਿਚੋਂ ਸ਼ੇਸ਼ ਨਾਗ ਹਾਂ, ਜਲਚਰਾਂ ਵਿਚੋਂ ਵਰੁਣ, ਪਿਤਰਾਂ ਵਿਚੋਂ ਪ੍ਰਤੇਸ਼ਅਰ ਤੇ ਦੰਡ ਧਾਰੀਆਂ ਵਿਚੋਂ ਯਮਰਾਜ ਹਾਂ।

30. ਮੈਂ ਦੈਂਤਾਂ ਵਿਚੋਂ ਹਰਨਾਖਸ਼, ਗਿਣਤੀ ਕਰਨ ਵਾਲਿਆਂ ਵਿਚੋਂ ਸਮਯ, ਚੌਪਾਇਆਂ ਵਿਚੋਂ ਸ਼ੇਰ ਤੇ ਪੰਛੀਆਂ ਵਿਚੋਂ ਗਰੁੜ ਹਾਂ।

31. ਮੈਂ ਪਵਿੱਤਰ ਕਰਨ ਵਾਲਿਆਂ ਵਿਚੋਂ ਹਵਾ, ਸ਼ਸਤਰਧਾਰੀਆਂ ਵਿਚੋਂ ਰਾਮ, ਮੱਛਾਂ ਵਿਚੋਂ ਮਗਰਮੱਛ ਅਤੇ ਨਦੀਆਂ ਵਿਚੋਂ ਗੰਗਾ ਹਾਂ।

32. ਹੇ ਅਰਜਨ! ਮੈਂ ਉਤਪਤੀਆਂ ਵਿਚੋਂ ਆਦਿ, ਮੱਧ ਤੇ ਅੰਤ ਹਾਂ, ਵਿਦਿਆ ਵਿਚੋਂ ਮੈਂ ਅਧਿਆਤਮ ਵਿਦਿਆ ਹਾਂ ਅਤੇ ਵਾਦ ਕਰਨ ਵਾਲਿਆਂ ਵਿਚ ਮੈਂ ਵਾਦੀ ਹਾਂ।

33. ਅਖਰਾਂ ਵਿਚੋਂ ਮੈਂ ਆਕਾਰ ਹਾਂ, ਸਮਾਸਾਂ ਵਿਚੋਂ ਮੈਂ ਦ੍ਵੰਦ ਸਮਾਸ ਹਾਂ। ਅਬਨਾਸ਼ੀ ਕਾਲ ਮੈਂ ਹਾਂ, ਸਭ ਪਾਸੇ ਮੂੰਹ ਰੱਖਣ ਵਾਲਾ, ਕਰਮ ਫਲ ਦੇਣ ਵਾਲਾ ਮੈਂ ਹੀ ਹਾਂ।

34. ਸਭ ਦਾ ਅੰਤ ਕਰਨ ਵਾਲੀ ਮ੍ਰਿਤੂ ਮੈਂ ਹਾਂ, ਅੱਗੇ ਆਉਣ ਵਾਲਿਆਂ ਦੀ ਉਤਪਤੀ ਦਾ ਕਾਰਣ ਮੈਂ ਹਾਂ, ਇਸਤ੍ਰੀਆਂ ਵਿਚ ਮੈਂ ਕੀਰਤੀ, ਬਾਣੀ, ਸਿਮ੍ਰਤੀ ਬੁਧੀ, ਸਹਾਰਨ ਸ਼ਕਤੀ ਅਤੇ ਖਿਮਾ ਹਾਂ।

35. ਸਾਮਾਂ ਵਿਚੋਂ ਬ੍ਰਿਹਤ ਸਾਮ, ਛੰਦਾਂ ਵਿਚ ਗਾਇਤ੍ਰੀ, ਮਹੀਨਿਆਂ ਵਿਚੋਂ ਮਾਘ ਅਤੇ ਰੁਤਾਂ ਵਿਚੋਂ ਬਸੰਤ ਰੁੱਤ ਮੈਂ ਹੀ ਹਾਂ।

36. ਛਲ ਕਰਨ ਵਾਲਿਆਂ ਵਿਚ ਮੈਂ ਜੂਆ ਹਾਂ, ਤੇਜਸਵੀਆਂ ਵਿਚ ਮੈਂ ਤੇਜ ਹਾਂ, ਜਿੱਤਣ ਵਾਲਿਆਂ ਵਿਚ ਮੈਂ ਜਿੱਤ ਹਾਂ, ਨਿਸ਼ਚੇ ਕਰਨ ਵਾਲਿਆਂ ਵਿਚ ਮੈਂ ਨਿਸ਼ਚਾ ਹਾਂ ਅਤੇ ਸਤਵੰਤਿਆਂ ਵਿਚ ਮੈਂ ਸਤ ਹਾਂ।

37. ਕ੍ਰਿਸ਼ਨ ਵੰਸ਼ੀਆਂ ਵਿਚ ਮੈਂ ਵਾਸੁਦੇਵ ਹਾਂ, ਪਾਂਡਵਾਂ ਵਿਚੋਂ ਧਨੰਜਯ, ਮੁਨੀਆਂ ਵਿਚੋਂ ਵਿਆਸ ਤੇ ਕਵੀਆਂ ਵਿਚ ਸ਼ੰਕਰਾਚਾਰੀਆ ਕਵੀ ਭੀ ਮੈਂ ਹੀ ਹਾਂ।

38. ਦੰਡ ਦੇਣ ਵਾਲਿਆਂ ਵਿਚ ਦੰਡ ਸ਼ਕਤੀ ਮੈਂ ਹਾਂ, ਸ਼ਤਰੂ ਨੂੰ ਜਿੱਤਣ ਦੀ ਇੱਛਾ ਕਰਨ ਵਾਲਿਆਂ ਵਿਚ ਨੀਤੀ ਮੈਂ ਹਾਂ, ਛਿਪਣ ਯੋਗ ਚੀਜ਼ਾਂ ਵਿਚ ਮੋਨ ਮੈਂ ਹਾਂ, ਗਿਆਨੀਆਂ ਵਿਚ ਤਤ੍ਵ ਗਿਆਨ ਮੈਂ ਹਾਂ।

39. ਹੇ ਅਰਜਨ! ਸਭ ਜੀਵਾਂ ਦਾ ਬੀਜ ਮੈਂ ਹਾਂ ਭਾਵ ਮੇਰੇ ਤੋਂ ਬਾਹਰ ਕੋਈ ਵੀ ਕੁਝ ਵੀ ਨਹੀਂ ਹੈ। ਸਭ ਕੁਝ ਮੇਰਾ ਹੀ ਸਰੂਪ ਹੈ।

40. ਹੇ ਪਰੰਤਪ! ਮੇਰੀਆਂ ਈਸ਼ਵਰੀ ਵਿਭੂਤੀਆਂ ਦਾ ਕੋਈ ਅੰਤ ਨਹੀਂ, ਇਹ ਜੋ ਕੁਝ ਮੈਂ ਕਿਹਾ ਹੈ ਇਹ ਮੇਰੀਆਂ ਅਨੰਤ ਵਿਭੂਤੀਆਂ ਦਾ ਸੰਖੇਪ ਮਾਤਰ ਹੈ।

ਇਨ੍ਹਾਂ ਸ਼ਲੋਕਾਂ ਵਿਚ ਪ੍ਰਮਾਤਮਾ ਦੀਆਂ ਸ਼ਕਤੀਆਂ ਵਿਭੂਤੀਆਂ ਤੇ ਪ੍ਰਕਾਸ਼ ਦਾ ਵਰਨਣ ਕੀਤਾ ਗਿਆ ਹੈ। ਸ਼ਬਦ ਵਿਭੂਤੀ ਤੋਂ ਭਾਵ ਹੈ ਵਿਜੈ ਅਨੰਦ ਤੇ ਸ਼ਕਤੀ। ਸਵੈ ਸਥਾਪਤ ਸੱਤ ਸੂਰਜ ਤੋਂ ਲੈ ਕੇ ਛੋਟੇ ਤੋਂ ਛੋਟੇ ਕਣ ਵਿਚ ਸਮਾਈ ਹੋਈ ਹੈ, ਸੰਸਾਰ ਦੀ ਹਰ ਵਸਤੂ ਵਿਚ ਵਿਚਰ ਰਹੀ ਹੈ ਪਰ ਆਮ ਮਨੁੱਖ ਪ੍ਰਮਾਤਮਾ ਦਾ ਪ੍ਰਕਾਸ਼ ਕੇਵਲ ਥੋੜ੍ਹੀਆਂ ਜਿਹੀਆਂ ਚੀਜ਼ਾਂ ਵਿਚ ਹੀ ਦੇਖ ਸਕਦਾ ਹੈ, ਉਸ ਨੂੰ ਪ੍ਰਕਾਸ਼ ਕੇਵਲ ਮਜ਼ਹਬੀ ਚਿੰਨਾਂ ਵਿਚ ਹੀ ਦਿਸਦਾ ਹੈ। ਸੱਤ ਤਾਂ ਇਹ ਹੈ ਕਿ ਪ੍ਰਮਾਤਮਾ ਕਣ ਕਣ ਵਿਚ ਪਰੀਪੂਰਨ ਹੈ, ਉਸੇ ਸਮਾਚਿਤਤਾ ਨਾਲ ਸਭ ਵਿਚ ਵਿਚਰ ਰਿਹਾ ਹੈ। ਆਮ ਮਨੁੱਖ ਲਈ ਇਹ ਸੱਚ ਮਹਿਸੂਸ ਕਰਨਾ ਔਖਾ ਹੈ।

ਸਾਡੇ ਵਿਸ਼ਵ ਵਿਚ ਬੇਅੰਤ ਵਸਤੂਆਂ ਹਨ, ਬੇਅੰਤ ਚੀਜ਼ਾਂ ਹਨ, ਇਸੇ ਕਰਕੇ ਪ੍ਰਮਾਤਮਾ ਦਾ ਪ੍ਰਕਾਸ਼ ਵੀ ਬੇਅੰਤ ਹੈ, ਕੋਈ ਥਾਂ ਉਸ ਦੇ ਪ੍ਰਕਾਸ਼ ਤੋਂ ਬਿਨਾਂ ਨਹੀਂ ਪਾਇਆ ਜਾ ਸਕਦਾ, ਉਹ ਇਕ ਹੀ ਹਰੇਕ ਦੀ ਤਹਿ ਵਿਚ, ਹਰੇਕ ਦੇ ਹਿਰਦੇ ਵਿਚ ਵਸ ਰਿਹਾ ਹੈ। ਉਹ ਹੀ ਆਦਿ ਹੈ, ਉਹ ਹੀ ਮੱਧ ਹੈ, ਉਹ ਹੀ ਅੰਤ ਹੈ, ਉਹ ਹੀ ਵਿਸ਼ਵ ਦਾ ਅੰਤ ਹੈ ਉਹ ਹੀ ਹਰੇਕ ਵਸਤੂ, ਹਰੇਕ ਦਾ ਸਵੈ ਹੈ। ਇਕ ਮਿੱਟੀ ਦਾ ਕਣ ਵੀ ਉਸ ਦੀ ਸ਼ਕਤੀ ਦਾ ਹੀ ਪ੍ਰਕਾਸ਼ ਹੈ। ਉਸ ਵਿਚ ਵੀ ਉਹ ਹੀ ਪਰੀਭਾਗ ਹੈ, ਉਸ ਵਿਚ ਵੀ ਉਸ ਦੀ ਪੂਰੀ ਸ਼ਕਤੀ ਹੈ। ਸਾਰਿਆਂ ਵਿਚ ਹੀ ਉਸ ਦਾ ਇਕ ਅਲੌਕਿਕ ਪਸਾਰਾ ਹੈ। ਜਿਹੜੇ ਇਸ ਸਤਿ ਨੂੰ ਸਮਝਣ ਦੇ ਅਸਮਰੱਥ ਹਨ ਉਨ੍ਹਾਂ ਲਈ ਹੀ ਇਥੇ ਸੱਤਰ ਤਰ੍ਹਾਂ ਦਾ ਪ੍ਰਮਾਤਮਾ ਦਾ ਪ੍ਰਕਾਸ਼ ਜਾ ਪ੍ਰਗਟਾਵਾ ਦੱਸਿਆ ਗਿਆ ਹੈ। ਇਹ ਪ੍ਰਮਾਤਮਾ ਦੀਆਂ ਸ਼ਕਤੀਆਂ ਦੀ ਇਕ ਮਿਸਾਲ ਹੈ। ਇਹ ਹਾਲੇ ਵੀ ਕੋਈ ਪੂਰੀ ਸੂਚੀ ਪੱਤਰ ਨਹੀਂ ਹੈ। ਇਹ ਅਰਜਨ ਦੇ ਪ੍ਰਸ਼ਨ ਦਾ ਉਤਰ ਹੈ ਕਿ ਕਿਸ ਨੂੰ ਆਪਣਾ ਧੇਅ ਮੰਨ ਕੇ ਸਮਾਧੀ ਲਗਾਈ ਜਾਵੇ, ਉਸ ਦੇ ਉਤਰ ਵਿਚ ਇਹ ਸੋਹਣੇ ਪ੍ਰਕਾਸ਼ ਦੀਆਂ ਵਸਤੂਆਂ ਗਿਣੀਆਂ ਗਈਆਂ ਹਨ। ਪਰ ਜਗਿਆਸੂ ਲਈ ਇਹ ਜ਼ਰੂਰੀ ਨਹੀਂ ਕਿ ਉਹ ਇਨ੍ਹਾਂ ਵਿਚੋਂ ਇਕ ਨੂੰ ਚੁਣੇ ਕਿਉਂਕਿ ਜਗਿਆਸੂ ਤਾਂ ਪਹਿਲਾਂ ਹੀ ਪ੍ਰਮਾਤਮਾ ਦੀ ਸਰਬਵਿਆਪਕਤਾ ਤੇ ਸਰਬਸ਼ਕਤੀਮਾਨ ਹੋਣ ਬਾਰੇ ਪੂਰੀ ਤਰ੍ਹਾਂ ਜਾਣੂੰ ਹੈ। ਉਹ ਜਾਣਦਾ ਹੈ ਕਿ ਪ੍ਰਮਾਤਮਾ ਮਿੱਟੀ ਦੇ ਛੋਟੇ ਜਿਹੇ ਇਕ ਕਣ ਤੋਂ ਲੈ ਕੇ ਵੱਡੀ ਤੋਂ ਵੱਡੀ ਚੀਜ਼ ਵਿਚ ਪੂਰੀ ਤਰ੍ਹਾਂ ਸਮਾਇਆ ਹੋਇਆ ਹੈ।

ਪਹਿਲਾਂ ਪਹਿਲਾਂ ਜਗਿਆਸੂ ਨੂੰ ਆਪਣਾ ਖਿੰਡਿਆ ਹੋਇਆ ਮਨ ਕਾਬੂ ਕਰਨਾ ਔਖਾ ਲਗਦਾ ਹੈ। ਉਨ੍ਹਾਂ ਲਈ ਗੁਰੂ ਕੋਈ ਇਕ ਠੋਸ ਵਸਤੂ ਜਾਂ ਦਿਖਦੀ ਮੂਰਤ ਤੇ ਧਿਆਨ ਲਗਾਉਣ ਲਈ ਦਸਦਾ ਹੈ, ਕੋਈ ਚਿੰਨ੍ਹ, ਕੋਈ ਰੋਸ਼ਨੀ, ਕੋਈ ਆਵਾਜ਼, ਕੁਝ ਵੀ ਹੋਵੇ, ਤਾਂ ਜੋ ਜਗਿਆਸੂ ਲਈ ਧਿਆਨ ਲਗਾਉਣਾ ਸੌਖਾ ਹੋ ਜਾਵੇ, ਉਹ ਆਪਣਾ ਮਨ ਇਕਾਗਰ ਕਰਕੇ ਉਸ ਪਾਸੇ ਲਗਾ ਸਕੇ। ਸਾਡੇ ਧਿਆਨ ਲਗਾਉਣ ਦੀ ਪ੍ਰਥਾ ਵਿਚ ਜਗਿਆਸੂ ਨੂੰ ਆਪਣੇ ਸ੍ਵਾਸਾਂ ਤੇ ਧਿਆਨ ਇਕਾਗਰ ਕਰਨ ਲਈ ਕਿਹਾ ਜਾਂਦਾ ਹੈ। ਇਸ ਨੂੰ ਇਸ ਗੱਲ ਲਈ ਜਾਣੂੰ ਕਰਾਇਆ ਜਾਂਦਾ ਹੈ ਕਿ ਸਾਰੇ ਪ੍ਰਾਣੀਆਂ ਦਾ ਆਧਾਰ ਪ੍ਰਾਣ ਹਨ, ਸ੍ਵਾਸਾਂ ਤੇ ਮਨ ਇਕਾਗਰ ਕਰਨ ਨਾਲ ਦੋ ਗੱਲਾਂ ਹੁੰਦੀਆਂ ਹਨ। ਪਹਿਲਾ – ਮਨ ਤੇ ਸ੍ਵਾਸਾਂ ਦਾ ਗਹਿਰਾ ਸਬੰਧ ਹੈ। ਸ੍ਵਾਸਾਂ ਤੇ ਮਨ ਇਕਾਗਰ ਕਰਨ ਨਾਲ ਸ੍ਵਾਸ ਬਿਲਕੁਲ ਸੌਖੇ ਹੋ ਜਾਂਦੇ ਹਨ, ਸ਼ਾਂਤ ਹੋ ਜਾਂਦੇ ਹਨ, ਮਨ ਵੀ ਸਥਿਰ ਹੋ ਜਾਂਦਾ ਹੈ। ਦੂਸਰਾ – ਜਗਿਆਸੂ ਇਸ ਗੱਲ ਤੋਂ ਜਾਣੂੰ ਹੋ ਜਾਂਦਾ ਹੈ ਕਿ ਕੇਵਲ ਇਕ ਵਾਈਟਲ ਫੋਰਸ (vital force) ਸਰੀਰ ਵਿਚ ਹੀ ਹੈ, ਜੋ ਸਾਰੇ ਪ੍ਰਾਣੀਆਂ ਦਾ ਆਧਾਰ ਹੈ, ਉਹ ਹਨ ਸ੍ਵਾਸ। ਇਸ ਗੱਲ ਦੀ ਸੋਝੀ ਹੋ ਜਾਣੀ ਕਿ ਸਭ ਪ੍ਰਾਣੀਆਂ ਦਾ ਆਧਾਰ ਕੇਵਲ ਇਕ ਹੀ ਹੈ, ਇਹ ਇਕ ਸਤਿ ਦੀ ਸੋਝੀ ਹੋ ਜਾਣੀ ਹੈ, ਇਸ ਨਾਲ ਉਹ ਸਭ ਨੂੰ ਓਨਾਂ ਹੀ ਪ੍ਰੇਮ ਕਰਨ ਲਗ ਪੈਂਦਾ ਹੈ ਜਿੰਨਾਂ ਆਪਣੇ ਆਪ ਨੂੰ।

ਕ੍ਰਿਸ਼ਨ ਜੀ ਨੇ ਬਹੁਤ ਸਾਰੀਆਂ ਚੋਣਾਂ ਬਦਲ ਬਦਲ ਕੇ ਦੱਸੀਆਂ ਕਿ ਕਿਨ੍ਹਾਂ ਤੇ ਧਿਆਨ ਲਗਾਇਆ ਜਾ ਸਕਦਾ ਹੈ, ਸੂਰਜ ਉਨ੍ਹਾਂ ਵਿਚੋਂ ਇਕ ਸੀ। ਕਈ ਗ੍ਰੰਥਾਂ ਵਿਚ ਸੂਰਜ ਤੇ ਟਿਕ ਟਿਕੀ ਲਗਾ ਕੇ ਦੇਖਣਾ ਦੱਸਿਆ ਗਿਆ ਹੈ ਪਰ ਉਹ ਨੇਤਰਾਂ ਲਈ ਹਾਨੀਕਾਰਕ ਹੋ ਸਕਦਾ ਹੈ ਤੇ ਨੇਤਰ ਖਤਮ ਵੀ ਹੋ ਸਕਦੇ ਹਨ। ਇਸ ਲਈ ਜਗਿਆਸੂ ਨੂੰ ਸੂਰਜ ਤੇ ਨਹੀਂ ਦੇਖਣਾ ਚਾਹੀਦਾ। ਗ੍ਰੰਥਾਂ ਵਿਚ ਲਿਖਿਆ ਹੋਇਆ ਹੈ ਕਿ ਕਿਵੇਂ ਸੂਰਜ ਵਲ ਦੇਖਿਆ ਜਾ ਸਕਦਾ ਹੈ ਪਰ ਧਿਆਨ ਲਗਾਉਣ ਲਈ ਕਿਸੇ ਚੰਗੇ ਗੁਰੂ ਦੀ ਦੇਖ ਰੇਖ ਹੇਠਾਂ ਹੀ ਇਹ ਸਿਖਣਾ ਚਾਹੀਦਾ ਹੈ। ਯੋਗ ਦਾ ਕੋਈ ਆਸਣ, ਕੋਈ ਵੀ ਕਸਰਤ, ਕੋਈ ਯੋਗ ਸਾਧਨ ਗੁਰੂ ਤੋਂ ਬਿਨਾਂ ਨਹੀਂ ਕਰਨਾ ਚਾਹੀਦਾ ਭਾਵੇਂ ਉਹ ਹੱਠ ਯੋਗ ਹੋਵੇ, ਭਾਵੇਂ ਪ੍ਰਾਣਾਯਾਮ ਹੋਵੇ ਤੇ ਭਾਵੇਂ ਰਾਜ ਯੋਗ ਹੋਵੇ।

ਕ੍ਰਿਸ਼ਨ ਜੀ ਦੀ ਡੂੰਘੀ ਸਿਖਿਆ ਲੈਣ ਤੋਂ ਬਾਅਦ ਅਰਜਨ ਹੁਣ ਧਿਆਨ ਲਗਾਉਣ ਦਾ ਅਨੁਭਵ ਲੈਣਾ ਚਾਹੁੰਦਾ ਹੈ। ਮਹਾਂਪੁਰਖਾਂ ਦਾ ਅਨੁਭਵ ਧਿਆਨ ਦੇ ਮਾਰਗ ਤੇ ਜਗਿਆਸੂ ਦੀ ਸਹਾਇਤਾ ਕਰਦਾ ਹੈ। ਗ੍ਰੰਥ ਦਸਦੇ ਹਨ ਕਿ ਸਭ ਤੋਂ ਪਹਿਲਾਂ ਜਗਿਆਸੂ ਨੂੰ ਵਿਸ਼ਵ ਦਾ ਗਿਆਨ ਹੋਣਾ ਚਾਹੀਦਾ ਹੈ, ਬ੍ਰਹਿਮੰਡ ਦਾ ਗਿਆਨ ਹੋਣਾ ਚਾਹੀਦਾ ਹੈ, ਬ੍ਰਹਮਾ ਦਾ ਗਿਆਨ ਹੋਣਾ ਚਾਹੀਦਾ ਹੈ ਜਿਥੋਂ ਇਹ ਸੰਸਾਰ ਪੈਦਾ ਹੋਇਆ ਹੈ ਜਿਹੜਾ ਇਸ ਨੂੰ ਚਲਾ ਰਿਹਾ ਹੈ ਤੇ ਜਿਥੇ ਇਸ ਨੇ ਜਾ ਕੇ ਮਿਟਣਾ ਹੈ। ਮਨੁੱਖ, ਪੰਛੀ, ਜਾਨਵਰ ਉਨ੍ਹਾਂ ਦਾ ਸਾਡੇ ਨਾਲ ਡੂੰਘਾ ਸਬੰਧ ਹੈ – ਇਸ ਸਭ ਕੁਝ ਦੀ ਭਾਵੇਂ ਇਕ ਦਮ ਤਾਂ ਸਿਮਰਨ ਕਰਨ ਲਈ ਲੋੜ ਨਹੀਂ ਪਰ ਇਨ੍ਹਾਂ ਦੀ ਡੂੰਘੀ ਤੇ ਠੀਕ ਫਿਲੌਸਫੀ ਤੋਂ ਬਿਨਾਂ ਸਿਮਰਨ ਸਾਧਨਾ ਅਧੂਰੀ ਹੈ।

ਪ੍ਰਮਾਤਮਾ ਸਭ ਦਾ ਪਿਤਾ ਹੈ ਜਿਥੋਂ ਸਾਰੇ ਸੰਸਾਰ ਦਾ ਆਦਿ ਹੋਇਆ ਹੈ, ਜਿਹੜਾ ਸਭ ਦਾ ਪਾਲਣਹਾਰ ਹੈ ਤੇ ਉਸ ਵਿਚ ਹੀ ਸਭ ਨੇ ਅੰਤ ਨੂੰ ਮਿਲ ਜਾਣਾ ਹੈ, ਉਹ ਹੀ ਸਭ ਦਾ ਸ੍ਰੋਤ ਹੈ। ਸੰਸਾਰ ਦੀ ਕੋਈ ਵੀ ਵਸਤੂ ਉਸ ਇਕ ਪਰਮ ਸ਼ਕਤੀ ਤੋਂ ਪਰ੍ਹੇ ਨਹੀਂ, ਉਸ ਤੋਂ ਬਾਹਰ ਨਹੀਂ। ਜਿਹੜੀ ਵਸਤੂ ਉਸ ਦਾ ਵਿਸ਼ੇਸ਼ ਪ੍ਰਕਾਸ਼, ਵਿਸ਼ੇਸ਼ ਵਿਭੂਤੀ ਸਮਝੀ ਜਾਂਦੀ ਹੈ ਜਿਵੇਂ ਸੂਰਜ ਚੰਦਰਮਾ, ਤਾਰੇ, ਸਾਗਰ, ਇਨ੍ਹਾਂ ਸਭ ਵਿਚ ਵੀ ਅਨੰਤ ਦੀ ਉਹ

(ਬਾਕੀ ਪੰਨਾ 64 ਤੇ)

# ਅਬਿਨਾਸ਼ੀ ਜੋਤ

***ਸੰਤ ਵਰਿਆਮ ਸਿੰਘ ਜੀ***
***ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।***

*ਲੜੀ ਜੋੜਨ ਲਈ ਦੇਖੋ, ਅਗਸਤ ਅੰਕ, ਪੰਨਾ - 48 )*

ਸ਼ਾਨ ............................................।

***ਸਤਿਨਾਮ ਸ੍ਰੀ ਵਾਹਿਗੁਰੂ,***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!***

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥***
***ਪੰਨਾ - 256***

***ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥***
***ਪੰਨਾ - 289***

***ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ॥***
***ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥***

***ਧਾਰਨਾ - ਤੁਝ ਬਿਨ ਕਵਨ ਹਮਾਰਾ,***
***ਮੇਰੇ ਪ੍ਰੀਤਮ ਪ੍ਰਾਨ ਅਧਾਰਾ -2, 2.***
***ਮੇਰੇ ਪ੍ਰੀਤਮ ਪ੍ਰਾਨ ਅਧਾਰਾ - 2, 2.***
***ਤੁਝ ਬਿਨ ਕਵਨ ਹਮਾਰਾ,.........2***

***ਤੁਝ ਬਿਨੁ ਕਵਨੁ ਹਮਾਰਾ॥***
***ਮੇਰੇ ਪ੍ਰੀਤਮ ਪ੍ਰਾਨ ਅਧਾਰਾ॥***
***ਅੰਤਰ ਕੀ ਬਿਧਿ ਤੁਮ ਹੀ ਜਾਨੀ ਤੁਮ ਹੀ ਸਜਨ ਸੁਹੇਲੇ॥***
***ਸਰਬ ਸੁਖਾ ਮੈ ਤੁਝ ਤੇ ਪਾਏ ਮੇਰੇ ਠਾਕੁਰ ਅਗਹ ਅਤੋਲੇ॥***
***ਬਰਨਿ ਨ ਸਾਕਉ ਤੁਮਰੇ ਰੰਗਾ ਗੁਣ ਨਿਧਾਨ ਸੁਖਦਾਤੇ॥***
***ਅਗਮ ਅਗੋਚਰ ਪ੍ਰਭ ਅਬਿਨਾਸੀ ਪੂਰੇ ਗੁਰ ਤੇ ਜਾਤੇ॥***
***ਭ੍ਰਮੁ ਭਉ ਕਾਟਿ ਕੀਏ ਨਿਹਕੇਵਲ ਜਬ ਤੇ ਹਉਮੈ ਮਾਰੀ॥***
***ਜਨਮ ਮਰਣ ਕੋ ਚੂਕੋ ਸਹਸਾ ਸਾਧਸੰਗਤਿ ਦਰਸਾਰੀ॥***
***ਚਰਣ ਪਖਾਰਿ ਕਰਉ ਗੁਰ ਸੇਵਾ ਬਾਰਿ ਜਾਉ ਲਖ ਬਰੀਆ॥***
***ਜਿਹ ਪ੍ਰਸਾਦਿ ਇਹੁ ਭਉਜਲੁ ਤਰਿਆ***
***ਜਨ ਨਾਨਕ ਪ੍ਰਿਅ ਸੰਗਿ ਮਿਰੀਆ।। ਪੰਨਾ - 206***

***ਧਾਰਨਾ - ਕੋਈ ਕਿਸੇ ਦਾ ਕਿਸੇ ਦੈ ਕੋਈ,***
***ਮੇਰਾ ਤੂੰ ਹੈ ਇਕੋ ਮਾਲਕਾ -2, 2.***
***ਮੇਰਾ ਤੂੰ ਹੈ ਜੀ, ਇਕੋ ਮਾਲਕਾ -2, 2.***
***ਕੋਈ ਕਿਸੇ ਦਾ ਕਿਸੇ ਦੈ ਕੋਈ, .....- 2.***

***ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥***
***ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ॥***
***ਪੰਨਾ - 792***

***ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ,***
***ਤਿਨ ਕੀ ਕਥਾ ਨਿਰਾਰੀ ਰੇ -2, 2.***
***ਤਿਨ ਕੀ ਕਥਾ ਨਿਰਾਰੀ ਰੇ -2, 2.***
***ਹਰਿ ਕੇ ਸੇਵਕ ਜੋ ਹਰਿ ਭਾਏ,..-2,***

***ਹਰਿ ਕੇ ਸੇਵਕ ਜੋ ਹਰਿ ਭਾਏ ਤਿਨ ਕੀ ਕਥਾ ਨਿਰਾਰੀ ਰੇ॥***
***ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ॥***
***ਪੰਨਾ - 855***

ਪਰਵਾਨ ਹੋਈਆਂ ਰੂਹਾਂ ਦਾ ਜੋ ਜੀਵਨ ਹੈ ਉਹ ਸੰਸਾਰ ਦੇ ਬੰਦਿਆਂ ਨਾਲੋਂ ਬਿਲਕੁਲ ਨਿਆਰਾ ਹੁੰਦਾ ਹੈ, ਹਰ ਗੱਲ ਉਨ੍ਹਾਂ ਦੀ ਨਿਆਰੀ ਹੋਇਆ ਕਰਦੀ ਹੈ, ਜੋ ਜੀਵਨ ਨੂੰ ਸੇਧ ਦਿੰਦੀ ਹੈ, ਬੜੀ ਦੇਰ ਤੱਕ ਕਾਇਮ ਰਹਿੰਦੀ ਹੈ, ਹਨ੍ਹੇਰੇ ਸੰਸਾਰ ਅੰਦਰ ਪ੍ਰਕਾਸ਼ (light house) ਬਣ ਕੇ ਅਗਵਾਈ ਕਰਦੀ ਹੈ। ਹਜ਼ਾਰਾਂ ਹੀ ਜੀਵਨਾਂ ਨੂੰ ਪਤਿਤ ਹੋਣ ਤੋਂ ਬਚਾਉਂਦੀ ਹੈ, ਸੋ ਐਸੀ ਇਕ ਨਿਆਰੀ ਕਥਾ ਦਾ ਆਪਾਂ ਪਿਛਲੇ ਕਈ ਦੀਵਾਨਾਂ ਤੋਂ ਜ਼ਿਕਰ ਕਰਦੇ ਆ ਰਹੇ ਹਾਂ। ਉਹ ਇਹ ਸੀ ਕਿ ਗੁਰੂ ਅੰਗਦ ਸਾਹਿਬ ਮਹਾਰਾਜ ਕਿਸ ਤਰੀਕੇ ਦੇ ਨਾਲ ਐਡੀ ਪਦਵੀ ਨੂੰ ਪਹੁੰਚੇ ਜਦੋਂ ਕਿ ਇਕ ਸਧਾਰਨ ਜੀਵਨ ਜੀਉਂ ਰਹੇ ਸਨ। ਅਸਾਡਾ ਤੇ ਉਨ੍ਹਾਂ ਦਾ ਜੇ ਅਸੀਂ ਫਰਕ ਦੇਖੀਏ ਤਾਂ ਬਹੁਤ ਹੈ। ਅਸੀਂ ਜਿਹੜੇ ਸਤਿਸੰਗ 'ਚ ਬੈਠੇ ਹਾਂ, ਸਾਨੂੰ ਜਮਾਂਦਰੂ ਪਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਗਣਾ ਹੈ, ਗੁਰੂ ਨਾਨਕ ਪਾਤਿਸ਼ਾਹ ਜੀ ਨੂੰ ਗੁਰੂ ਮੰਨਣਾ ਹੈ। ਗੁਰੂ ਦਸ਼ਮੇਸ਼ ਪਿਤਾ ਦੇ ਬਾਰੇ ਅਸੀਂ ਸੁਣਦੇ ਆਏ ਹਾਂ, ਬਾਣੀ ਸੁਣਦੇ ਆਏ ਹਾਂ ਤੇ ਸਾਡੇ ਵਿਰਸੇ ਵਿਚ ਆਇਆ ਹੈ ਕਿ ਮੇਰਾ ਪਿਤਾ ਵੀ ਸਿੱਖੀ ਵਿਚ ਸੀ, ਦਾਦਾ ਵੀ ਸਿੱਖੀ ਵਿਚ ਸੀ, ਪੜਦਾਦਾ ਵੀ ਸਿੱਖੀ ਵਿਚ ਸੀ ਪਰ ਉਨ੍ਹਾਂ ਦੇ ਵਿਰਸੇ ਵਿਚ ਤਾਂ ਇਹ ਗੱਲ ਆਈ ਹੀ ਨਹੀਂ ਸੀ। ਉਸ ਵੇਲੇ ਗੁਰੂ ਨਾਨਕ ਪਾਤਿਸ਼ਾਹ ਨੂੰ ਕੇਵਲ ਨੇਤਰਾਂ ਵਾਲੇ ਹੀ ਜਾਣਦੇ ਸਨ, ਅੰਨ੍ਹਾ ਸੰਸਾਰ ਨਹੀਂ ਸੀ ਜਾਣਦਾ, ਕੋਲ ਰਹਿਣ ਵਾਲੇ ਨਹੀਂ ਸਨ ਜਾਣਦੇ। ਸਗੋਂ ਬਹੁਤ ਸਾਰੀਆਂ ਊਜਾਂ ਲਾਉਂਦੇ ਸਨ - ਕੋਈ ਕਹਿੰਦਾ ਸੀ ਇਹ ਕੁਰਾਹੀਆ ਹੈ; ਇਸ ਨੇ ਆਪਣਾ ਅੱਡ ਰਸਤਾ ਤੋਰ ਦਿਤਾ, ਵੇਦਾਂ ਤੋਂ, ਸਾਸ਼ਤਰਾਂ ਤੋਂ ਵਿਰੁੱਧ ਗੱਲ ਕਰ ਰਿਹਾ ਹੈ, ਸ਼ਰ੍ਹਾ ਤੋਂ ਉਲਟ ਗੱਲ ਕਰ ਰਿਹਾ ਹੈ ਤੇ ਕਈ ਉਨ੍ਹਾਂ ਨੂੰ ਕਹਿੰਦੇ ਸੀ ਕਿ ਇਹ ਸੰਸਾਰ ਦੇ ਅੰਦਰ ਭੂਤਨਾ ਪੈਦਾ ਹੋ ਗਿਆ, ਕੋਈ ਕਹਿੰਦਾ ਸੀ ਬੇਤਾਲਾ ਹੈ, ਬੇਤਾਲਾ ਵੱਡੇ ਭੂਤ ਨੂੰ ਕਹਿੰਦੇ ਨੇ। ਕਾਰਨ ਕੀ ਸੀ? ਜਦੋਂ ਆਦਮੀ ਕਿਸੇ ਦਲੀਲ ਦੇ ਵਿਚੋਂ ਹਾਰ ਜਾਵੇ, ਉਹ ਝੁੰਜਲਾਹਟ ਵਿਚ ਆ ਜਾਇਆ ਕਰਦਾ ਹੈ ਤੇ ਫੇਰ ਉਹ ਦੋ ਕੰਮ ਕਰਦਾ ਹੈ; ਜਾਂ ਤਾਂ ਲੜਾਈ ਕਰਿਆ ਕਰਦਾ ਹੈ ਤੇ ਜਾਂ ਫੇਰ ਨਿੰਦਿਆ ਕਰਿਆ ਕਰਦਾ ਹੈ।

ਸੋ ਗੁਰੂ ਨਾਨਕ ਪਾਤਸ਼ਾਹ ਨੇ ਇਥੇ ਆ ਕੇ ਜੋ ਰਸਤਾ ਦੱਸਿਆ ਉਹ ਬਿਲਕੁਲ ਸਰਲ ਸੀ। ਜੇ ਆਪ ਗੰਗਾ ਦੇ ਇਸ਼ਨਾਨ ਵਾਸਤੇ ਹਰਿਦੁਆਰ ਗਏ ਨੇ ਤਾਂ ਉਥੇ ਆਮ ਲੋਕਾਂ ਦੇ ਅੰਦਰ ਇਕ ਭਾਵਨਾ ਕੰਮ ਕਰ ਰਹੀ ਸੀ ਕਿ ਅਸੀਂ ਸੂਰਜ ਨੂੰ ਪਾਣੀ ਦੇਈਏ। ਗੁਰੂ ਨਾਨਕ ਪਾਤਸ਼ਾਹ ਸਮਝਦੇ ਸੀ ਕਿ ਸੂਰਜ ਜੋ ਹੈ ਉਹ ਹਾਈਡ੍ਰੋਜਨ ਦੇ ਵਿਸਫੋਟ ਨੇ, ਇਕ ਅੱਗ ਦਾ ਗੋਲਾ ਹੈ ਜਿਸ ਦੀਆਂ ਲਾਟਾਂ ਪੰਜਾਹ ਲੱਖ ਮੀਲ ਤੱਕ ਜਾਂਦੀਆਂ ਹਨ। ਚੰਦ ਅਸਾਥੋਂ ਦੋ ਲੱਖ ਮੀਲ ਦੇ ਕਰੀਬ ਦੂਰ ਹੈ ਤੇ ਪੰਜਾਹ ਲੱਖ ਦੂਰ ਲਾਟਾਂ ਜਾਂਦੀਆਂ ਹਨ। ਜੇ ਕੋਈ ਚੀਜ਼ ਉਸ ਦੇ ਨੇੜੇ ਚਲੀ ਜਾਵੇ ਤਾਂ ਸੂਰਜ ਵਿਚ ਐਨੀ ਚੁੰਬਕ

ਸ਼ਕਤੀ ਹੈ ਕਿ ਉਸੇ ਵੇਲੇ ਉਸ ਚੀਜ਼ ਨੂੰ ਖਤਮ ਕਰ ਦੇਵੇਗਾ, ਜਲ ਜਾਏਗਾ, ਕੁਝ ਵੀ ਨਹੀਂ ਰਹੇਗਾ, energy (ਸ਼ਕਤੀ) ਵਿਚ convert (ਬਦਲ) ਕਰ ਦੇਵੇਗਾ ਤੇ ਪਾਣੀ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ। ਕੋਈ ਐਸੀ ਹੋਰ ਚੀਜ਼ ਨਹੀਂ ਸੀ ਜੇ ਅਸੀਂ ਇਹ ਵੀ ਗੱਲ ਕਹੀਏ ਕਿ ਉਤੇ ਨੂੰ ਜਦੋਂ ਐਨੇ ਬੰਦੇ ਪਾਣੀ ਮਾਰਨ ਤਾਂ ਹਵਾ ਠੰਡੀ ਹੋ ਜਾਂਦੀ ਹੈ। ਹਵਾ ਤਾਂ, ਕੱਲ੍ਹ ਦਾ ਮੀਂਹ ਪੈਂਦਾ ਸੀ, ਹੁਣ ਫੇਰ ਗਰਮ ਹੋਣ ਲੱਗ ਪਈ ਹੈ। ਸੋ ਕੁਦਰਤ ਨੇ ਆਪਣਾ ਇੰਤਜ਼ਾਮ ਆਪ ਕਰਿਆ ਹੋਇਆ ਹੈ। ਸੋ ਮਹਾਰਾਜ ਜੀ ਨੇ ਇਸ ਨੂੰ ਇਕ ਵਹਿਮਪ੍ਰਸਤੀ ਜਾਣਿਆ ਕਿ ਵਹਿਮ ਦੇ ਵਿਚ ਦੁਨੀਆਂ ਪੈ ਗਈ, ਗੱਲ ਸਮਝਦੇ ਨਹੀਂ।

ਚੰਦ ਤੇ ਸੂਰਜ ਦੋਵੇਂ ਗ੍ਰਹਿ ਹਨ। ਸੂਰਜ ਦੇ ਦੁਆਲੇ ਅਸੀਂ (ਧਰਤੀ ਸਮੇਤ) ਘੁੰਮਦੇ ਹਾਂ ਤੇ ਚੰਦ ਸਾਡੀ ਧਰਤੀ ਦੁਆਲੇ ਘੁੰਮਦਾ ਹੈ ਤੇ ਇਨ੍ਹਾਂ ਦੇ ਅਭਿਮਾਨੀ ਦੇਵਤਾ ਹਨ ਪਰ ਉਨ੍ਹਾਂ ਨੂੰ ਪਾਣੀ ਦੀ ਤਾਂ ਲੋੜ ਨਹੀਂ, ਪਾਣੀ ਤਾਂ ਬੇਅੰਤ ਹੈ, ਪਾਣੀ ਉਹ ਪੀਂਦੇ ਵੀ ਨਹੀਂ ਕਿਉਂਕਿ anti-matter (ਬਿਨਾ-ਮਾਦੇ ਤੋਂ) ਸੰਸਾਰ ਹੈ ਉਹ super matter (ਮਾਦੇ ਤੋਂ ਪਰ੍ਹੇ) ਦੇ ਬਣੇ ਹੋਏ ਨੇ। ਉਨ੍ਹਾਂ ਨੂੰ ਭੁੱਖ ਪਿਆਸ ਨਹੀਂ ਲਗਦੀ।

ਸੋ ਗੁਰੂ ਨਾਨਕ ਪਾਤਸ਼ਾਹ ਇਨ੍ਹਾਂ ਸਾਰੀਆਂ ਗੱਲਾਂ 'ਚੋਂ ਕੱਢਣ ਵਾਸਤੇ ਉਥੇ ਇਸ਼ਨਾਨ ਕਰਨ ਲੱਗੇ ਜਿਥੇ ਵੱਡੇ-ਵੱਡੇ ਸਾਧੂ-ਮਹਾਤਮਾ ਕਰ ਰਹੇ ਸੀ, ਉਸ ਪੌੜੀ ਤੇ ਗਏ ਕਿਉਂਕਿ ਆਪ ਦਾ ਭੇਖ ਵੀ ਉਸੇ ਤਰ੍ਹਾਂ ਦਾ ਸੀ, ਨਹੀਂ ਤਾਂ ਵੜਨ ਨਹੀਂ ਸੀ ਦੇਣਾ। ਮਹਾਰਾਜ ਜੀ ਨੇ ਇਸ ਕਰਕੇ ਹੀ ਭੇਖ ਧਾਰਿਆ ਸੀ ਕਿ ਸੰਤ ਮਹਾਤਮਾ ਗ੍ਰਹਿਸਤੀਆਂ ਨਾਲ ਗੱਲ ਨਹੀਂ ਕਰਦੇ ਸਨ ਕਿ ਇਸ ਦੇ ਗ੍ਰਹਿਸਤੀ ਬਸਤ੍ਰ ਪਹਿਨੇ ਹੋਏ ਨੇ। ਸੋ ਉਸ ਤਰ੍ਹਾਂ ਦਾ ਹੀ ਬਣ ਕੇ ਜਾਂਦੇ ਸੀ, ਤਾਂ ਗੱਲ ਕਰਦੇ ਸੀ ਉਹ। ਜਦੋਂ ਆਪ ਪਾਣੀ ਵਿਚ ਵੜੇ, ਆਪ ਨੇ ਪਾਣੀ ਪੱਛਮ ਨੂੰ ਸੁੱਟਣਾ ਸ਼ੁਰੂ ਕਰ ਦਿਤਾ, ਸੂਰਜ ਵੱਲ ਪਿੱਠ ਕਰ ਲਈ। ਬਹੁਤ ਕਾਹਲੀ ਦੇ ਨਾਲ ਪਾਣੀ ਉਪਰ ਨੂੰ ਮਾਰ ਰਹੇ ਨੇ - ਪੌੜੀਆਂ ਵੱਲ ਨੂੰ। ਇਕ ਨੇ ਦੇਖਿਆ, ਦੂਜੇ ਨੇ ਦੇਖਿਆ ਤਾਂ ਗੱਲ ਕਰੀ ਕਿ ਇਸ ਨੂੰ ਕੀ ਹੋਇਆ ਹੋਇਆ ਹੈ, ਇਹ ਏਧਰ ਨੂੰ ਪਾਣੀ ਸੁਟਦਾ ਹੈ। ਵੱਡੇ-ਵੱਡੇ ਉਥੇ ਦੇ ਜਿਹੜੇ ਸੰਤ ਸੀ - ਪੁਜਾਰੀ, ਉਨ੍ਹਾਂ ਦੇ ਧਿਆਨ ਵਿਚ ਆ ਗਿਆ ਕਿ ਆਹ ਬੰਦਾ ਆਪ ਮੁਹਾਰੇ ਪਾਣੀ ਸੁੱਟੀ ਜਾਂਦਾ ਹੈ, ਉਨ੍ਹਾਂ ਨੇ ਕਿਹਾ ਕਿ ਬਾਬਾ! ਤੂੰ ਏਧਰ ਨਾ ਪਾਣੀ ਸੁੱਟ, ਏਧਰ ਦੇਹ। ਮਹਾਰਾਜ ਜੀ ਨੇ ਕਿਸੇ ਦੀ ਨਹੀਂ ਸੁਣੀ, ਪਾਣੀ ਸੁੱਟੀ ਜਾਂਦੇ ਨੇ, ਬਹੁਤ ਤੇਜ਼ੀ ਨਾਲ ਸੁੱਟੀ ਜਾਂਦੇ ਨੇ। ਅਖੀਰ ਕਈਆਂ ਨੇ ਇਕੱਠੇ ਹੋ ਕੇ ਕਿਹਾ ਕਿ ਇਹ ਤੂੰ ਕੀ ਕਰਨ ਲੱਗਿਆ ਹੋਇਆ ਹੈਂ, ਸਾਹੋ-ਸਾਹ ਹੋਇਆ ਪਿਆ ਹੈਂ ਤੇ ਪਾਣੀ ਏਧਰ ਨੂੰ ਸੁੱਟ ਰਿਹਾ ਹੈਂ, ਤੇ ਜਦੋਂ ਲੋਕ ਦੋ ਉਂਜਲ ਸੁਟਦੇ ਨੇ, ਤੂੰ ਦਸ ਸੁੱਟ ਦਿੰਦਾ ਹੈਂ। ਆਪ ਨੇ ਕਿਹਾ, "ਤੁਸੀਂ ਮੈਨੂੰ ਸਮਝਾਓ ਪਹਿਲਾਂ ਕਿ ਏਧਰ ਨੂੰ ਕਿਉਂ ਸੁੱਟਦੇ ਨੇ? ਮੈਂ ਤਾਂ ਸਮਝਿਆ ਹੀ ਨਹੀਂ ਅਜੇ ਤੱਕ, ਮੈਨੂੰ ਤੁਸੀਂ ਦੱਸੋ ਕਿ ਏਧਰ ਨੂੰ ਕਿਉਂ ਸੁਟਦੇ ਹੋ?"

ਉਸ ਵੇਲੇ ਸਾਰਿਆਂ ਦਾ ਧਿਆਨ ਏਧਰ ਹੋ ਗਿਆ ਕਿ ਇਸ ਨੂੰ ਅਜੇ ਤੱਕ ਨਹੀਂ ਪਤਾ ਕਿ ਪਾਣੀ ਕਿਉਂ ਦੇਈਦੈ। ਹੁਣ ਤਾਂ ਬੜੀਆਂ ਗੱਲਾਂ ਕੱਢ ਲਈਆਂ ਕਿ ਪਾਣੀ ਉਤੇ ਨੂੰ ਮਾਰ ਕੇ ਉਸ ਦੇ ਵਿਚੀਂ ਦੇਖੋ ਤਾਂ ਨਿਗਾਹ ਤੇਜ ਹੁੰਦੀ ਹੈ। ਹੋਣਾ ਹੈ ਕੋਈ ਮੈਡੀਕਲ ਨਾਲ ਸਬੰਧਿਤ, ਇਸ ਨੂੰ ਅਸੀਂ ਗਲਤ ਨਹੀਂ ਕਹਿੰਦੇ ਪਰ ਜੇ ਇਹ ਤਰੀਕਾ (process) ਠੀਕ ਹੈ ਤਾਂ ਪਾਣੀ ਦਾ ਇੰਤਜ਼ਾਮ ਕੀਤਾ ਜਾ ਸਕਦਾ ਹੈ ਕਿ ਲਗਾਤਾਰ ਪਾਣੀ ਡੁੱਲ੍ਹੇ, ਉਸ ਦੇ ਹੇਠਾਂ, ਜਿਸਦੀ ਨਿਗ੍ਹਾ ਕਮਜ਼ੋਰ ਹੈ, ਪਾਣੀ ਦੇ ਵਿਚੀਂ ਸੂਰਜ ਨੂੰ ਘੰਟਿਆਂ ਬੱਧੀ ਦੇਖਦੇ ਰਹਿਣ। ਉਂਜਲ ਦਾ ਪਾਣੀ ਕਿੰਨਾ-ਕੁ ਚਿਰ ਸਾਡੇ ਸਾਹਮਣੇ ਰਹੇਗਾ।

ਸੋ ਇਹ ਦਲੀਲਾਂ ਨੇ ਛੋਟੀਆਂ-ਛੋਟੀਆਂ, ਫੋਕਟ ਕਰਮਾਂ ਦੀਆਂ ਦਲੀਲਾਂ ਨੇ, ਕੋਈ ਵੱਡੀ ਬਾਤ ਨਹੀਂ ਹੈ ਪਰ ਆਦਮੀ ਦਾ ਵਿਸ਼ਵਾਸ ਹੁੰਦਾ ਹੈ ਉਸ ਨੂੰ ਵੀ ਵੰਗਾਰਨਾ ਠੀਕ ਨਹੀਂ ਹੁੰਦਾ ਜਦੋਂ ਤੱਕ ਕਿ ਉਸ ਨੂੰ ਬਦਲਾਓ ਵਿਚ ਕੋਈ ਨਵੀਂ ਚੀਜ਼ ਨਾ ਦਿਤੀ ਜਾਵੇ।

ਸੋ ਕਹਿਣ ਲੱਗੇ ਕਿ ਅਸੀਂ ਸੂਰਜ ਨੂੰ ਪਾਣੀ ਦਿੰਦੇ ਹਾਂ। ਮਹਾਰਾਜ ਜੀ ਕਹਿੰਦੇ, ਸੂਰਜ ਕਿੰਨੀ ਦੂਰ ਹੈ? ਉਨ੍ਹਾਂ ਨੇ ਉਸ ਵੇਲੇ ਦੇ ਹਿਸਾਬ ਨਾਲ ਦੱਸਿਆ ਕਿ ਕਰੋੜਾਂ ਮੀਲ ਦੂਰ ਹੈ। ਮਹਾਰਾਜ ਜੀ ਨੇ ਫੇਰ ਗੱਲ ਨਹੀਂ ਕੀਤੀ, ਤੇਜ਼-ਤੇਜ਼ ਪਾਣੀ ਸੁੱਟਣ ਲੱਗ ਗਏ।

ਉਹ ਕਹਿੰਦੇ, "ਭਾਈ! ਤੂੰ ਗੱਲ ਤਾਂ ਕਰ, ਇਹ ਪਾਣੀ

ਏਧਰ ਨੂੰ ਕਿਉਂ ਦਿੰਦਾ ਹੈਂ?"

ਮਹਾਰਾਜ ਕਹਿੰਦੇ, "ਹਟਾਓ ਨਾ ਮੈਨੂੰ! ਤੁਹਾਡਾ ਕਰੋੜਾਂ ਮੀਲ ਪਾਣੀ ਜੇ ਪਹੁੰਚ ਸਕਦਾ ਹੈ ਤਾਂ ਮੇਰੇ ਖੇਤ ਤਾਂ ਸਾਰੇ ਇਥੋਂ ਤਿੰਨ ਸੌ ਮੀਲ ਤੇ ਨੇ, ਧਾਨ ਬੀਜ ਕੇ ਆਇਆ ਹੋਇਆ ਹਾਂ ਮੈਂ, ਤੇ ਮੀਂਹ ਨਹੀਂ ਪਿਆ, ਇਸ ਲਈ ਮੈਂ ਛੇਤੀਂ-ਛੇਤੀਂ ਪਾਣੀ ਦੇ ਰਿਹਾਂ ਹਾਂ।"

ਇਕੱਠ ਹੋ ਗਿਆ ਬਹੁਤ ਵੱਡਾ, ਕਹਿੰਦੇ ਦੇਖੋ! ਇਹ ਬੰਦਾ ਕੀ ਕਹਿੰਦਾ ਹੈ? ਰੋਅਬਦਾਬ ਹੈ, ਚਿਹਰੇ ਤੇ ਜਲਾਲ ਹੈ। ਇਹ ਕੋਈ ਮਾਮੂਲੀ ਬੰਦੇ ਨਹੀਂ ਹਨ, ਜਿਧਰ ਨੂੰ ਦੇਖਦੇ ਨੇ ਫਤਹਿ ਹੀ ਕਰਦੇ ਜਾਂਦੇ ਨੇ। ਨੇਤਰਾਂ ਦੀ ਹੀ ਸ਼ਕਤੀ ਐਸੀ ਹੈ ਕਿ ਬੇਤਾਬ ਹੋ ਕੇ ਲਾਜਵਾਬ ਹੁੰਦੇ ਜਾਂਦੇ ਹਾਂ। ਗੱਲ ਸਮਝ 'ਚ ਨਹੀਂ ਆਉਂਦੀ। ਉਸ ਵੇਲੇ ਵੱਡੇ-ਵੱਡੇ ਸਾਧੂ ਪੰਡਤ ਆ ਗਏ ਜਿਹੜੇ ਧੁਰੰਦਰ ਵਿਦਵਾਨ ਸੀ। ਉਨ੍ਹਾਂ ਨੇ ਮਹਾਰਾਜ ਜੀ ਨਾਲ ਵਿਚਾਰ ਵਟਾਂਦਰਾ ਕੀਤਾ। ਸਾਰਿਆਂ ਦਾ ਵਹਿਮ ਮਹਾਰਾਜ ਜੀ ਨੇ ਦੂਰ ਕਰ ਦਿਤਾ। ਜਿਹੜੇ ਕੱਟੜ ਹੁੰਦੇ ਹਨ ਉਹ ਚਾਹੇ ਪ੍ਰਤੱਖ ਦੇਖ ਲੈਣ, ਇਹ ਆਪਣਾ ਨਜ਼ਰੀਆ ਨਹੀਂ ਛੱਡਿਆ ਕਰਦੇ ਇਨ੍ਹਾਂ ਕੋਲ excuse (ਬਹਾਨੇ) ਵਾਸਤੇ ਬਹੁਤ ਕਾਰਨ ਹੁੰਦੇ ਹਨ; ਕਹਿਣਗੇ, ਚੇਟਕੀ ਹੈ, ਕੋਈ ਕਹੇਗਾ ਕਿ ਇਹ ਚੇਟਕ ਕਰਦਾ ਹੈ, ਉਸ ਦੀ ਬਜ਼ੁਰਗੀ ਨੂੰ ਨਹੀਂ ਮੰਨਣਾ, ਕੋਈ ਕਹਿਣਗੇ ਰਿਧੀ-ਸਿਧੀ ਦਿਖਾ ਰਿਹਾ ਹੈ; ਉਹ ਆਪਣਾ ਹੱਠ ਨਹੀਂ ਛਡਦੇ।

ਸੋ ਕਈਆਂ ਨੇ ਮੰਨਿਆ ਨਹੀਂ; ਕਹਿਣ ਲੱਗੇ ਦੇਖੋ ਪਿਤਾ-ਪੁਰਖੀ ਮਰਿਆਦਾ ਵਿਗਾੜ ਰਿਹਾ ਹੈ, ਇਹ ਤਾਂ ਭੂਤਨਾ ਹੈ, ਬੇਤਾਲਾ ਹੈ। ਸੋ ਇਹ ਸੰਸਾਰ ਦਾ ਆਮ ਵਰਤਾਰਾ ਹੈ। ਜਦੋਂ ਸਹਿਮਤ ਨਾ ਹੋਣ ਉਸ ਵੇਲੇ ਇਸ ਤਰ੍ਹਾਂ ਦੇ ਬਚਨ ਕਰਦੇ ਹੁੰਦੇ ਨੇ। ਆਪਣੀ ਸੋਚ ਅਤੇ ਨਿਸ਼ਚੇ ਨੂੰ ਹੀ ਸਹੀ ਮੰਨਦੇ ਹਨ।

ਸੋ ਉਸੇ ਤਰ੍ਹਾਂ ਇਸੇ ਸ਼੍ਰੇਣੀ ਦੇ ਵਿਚੋਂ ਗੁਰੂ ਅੰਗਦ ਸਾਹਿਬ, ਜਿਨ੍ਹਾਂ ਦਾ ਨਾਮ ਭਾਈ ਲਹਿਣਾ ਸੀ, ਪਹਿਲਾਂ ਤੋਂ ਹੀ ਆਪ ਦੇਵ ਪੂਜਾ ਨਾਲ ਸਬੰਧ ਰਖਦੇ ਸਨ। ਪਿਤਾ ਪੁਰਖੀ ਧਰਮ ਸੀ। ਆਪ ਦੇਵੀ ਦੇ ਮੰਦਰ ਨੂੰ ਜਾਇਆ ਕਰਦੇ ਸਨ, ਜਥਿਆਂ ਦੇ ਰੂਪ ਵਿਚ ਹਰ ਸਾਲ ਜਾਇਆ ਕਰਦੇ ਸਨ। ਆਪ ਸੰਗ (ਜਥੇ) ਦੇ ਮੁਖੀ ਹੋਣ ਦੇ ਨਾਤੇ ਸੈਂਕੜਿਆਂ ਦੀ ਗਿਣਤੀ ਵਿਚ ਸੰਗਤਾਂ ਨੂੰ ਲੈ ਕੇ ਜਾਇਆ ਕਰਦੇ ਸਨ। ਹਰ ਸਾਲ ਜਾਣਾ ਤੇ ਫੇਰ ਏਸ ਪ੍ਰਚਾਰ ਨੂੰ ਜਾਰੀ ਰੱਖਣ ਵਾਸਤੇ ਆਪ ਜਗਰਾਤੇ ਕਰਦੇ ਸਨ, ਕਦੇ ਉਥੇ ਕਦੇ ਇਥੇ, ਥਾਂ-ਥਾਂ ਦੇ ਉਤੇ ਜਗਰਾਤੇ ਕਰਨੇ ਤੇ ਦੇਵੀ ਦੀਆਂ ਭੇਟਾਂ ਗਾਉਣੀਆਂ ਕਿਉਂਕਿ ਸੰਸਾਰੀ ਬੰਦੇ ਸਨ। ਸੰਸਾਰੀ ਬੰਦਿਆਂ ਨੂੰ ਸੰਸਾਰ ਦੀ ਲੋੜ ਹੈ, ਪਦਾਰਥਾਂ ਦੀ ਲੋੜ ਹੈ। ਜਿੰਨੇ ਵੀ ਦੇਵਤੇ ਨੇ, ਇਨ੍ਹਾਂ ਸਾਰਿਆਂ ਨੂੰ ਤਾਂ ਹੀ ਅਰਾਧਿਆ ਜਾਂਦਾ ਹੈ ਕਿਉਂਕਿ ਇਨ੍ਹਾਂ ਕੋਲ ਪਦਾਰਥ ਨੇ। ਆਮ ਮੱਤ ਹੈ ਕਿ ਸ਼ਿਵ ਜੀ ਭੋਲੇ ਨਾਥ ਨੂੰ ਮਨਾ ਲਿਆ ਜਾਵੇ, ਇਹ ਛੇਤੀ ਮੰਨ ਜਾਂਦਾ ਹੈ ਤੇ ਛੇਤੀ ਪੈਸਾ ਟਕਾ ਆ ਜਾਂਦਾ ਹੈ। ਲੱਛਮੀ ਨੂੰ ਮਾਇਆ ਦਾ ਰੂਪ ਕਹਿੰਦੇ ਨੇ। ਦੀਵਾਲੀ ਵਾਲੀ ਰਾਤ ਨੂੰ ਜੇ ਦਰਵਾਜ਼ੇ ਖੁਲ੍ਹੇ ਰੱਖੇ ਜਾਣ ਤੇ ਇੰਤਜ਼ਾਰ ਕਰਿਆ ਜਾਵੇ ਤਾਂ ਲਛਮੀ ਆ ਜਾਂਦੀ ਹੈ। ਐਸੇ ਵਿਸ਼ਵਾਸ ਨੇ। ਗੁਰੂ-ਘਰ ਵਿਚ ਨਹੀਂ ਹਨ ਐਸੀਆਂ ਗੱਲਾਂ, ਗੁਰੂ-ਘਰ ਦੇ ਵਿਚ ਤਾਂ ਇਹ ਆਉਂਦਾ ਹੈ ਕਿ -

***ਤੀਰਥ ਕੀਏ ਏਕ ਫਲ, ਸੰਤ ਮਿਲੇ ਫਲ ਚਾਰ।***

ਮਹਾਂਪੁਰਸ਼ਾਂ ਦਾ ਮੱਤ ਹੈ ਕਿ ਤੀਰਥ ਕਰੇ ਤੇ ਇਕ ਫਲ ਹੈ, ਸੰਤਾਂ ਕੋਲ ਚਾਰ ਪਦਾਰਥ ਹੁੰਦੇ ਨੇ -

***ਗੁਰੂ ਮਿਲੇ ਫਲ ਅਨੇਕ ਹੈ ਕਹਤ ਕਬੀਰ ਵਿਚਾਰ।***

***ਚਾਰਿ ਪਦਾਰਥ ਜੇ ਕੋ ਮਾਗੈ॥***
***ਸਾਧ ਜਨਾ ਕੀ ਸੇਵਾ ਲਾਗੈ॥*** *ਪੰਨਾ - 266*

ਜੇ ਗੁਰੂ ਮਿਲ ਜਾਵੇ ਤਾਂ ਫਲਾਂ ਦੀ ਗਿਣਤੀ ਮਿਣਤੀ ਹੀ ਨਹੀਂ ਰਹਿੰਦੀ। ਫੇਰ ਗੁਰੂ ਨੂੰ ਹੀ ਧਿਆ ਲਓ, ਗੁਰੂ ਨੂੰ ਹੀ ਮੰਨ ਲਓ। ਗੁਰੂ ਕੋਲ ਸਭ ਕੁਝ ਹੈ -

***ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥***
***ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ॥***
*ਪੰਨਾ - 682*

***ਜੋ ਮਾਗਹਿ ਸੋਈ ਸੋਈ ਪਾਵਹਿ***
***ਸੇਵਿ ਹਰਿ ਕੇ ਚਰਣ ਰਸਾਇਣ॥*** *ਪੰਨਾ - 714*

ਫੇਰ ਸਾਰਿਆਂ ਨਾਲੋਂ ਵੱਡੇ ਨੂੰ ਹੀ ਮਨਾ ਲਓ ਜਿਸ ਦੇ ਕੋਲ ਸਭ ਕੁਝ ਹੈ। ਜਿਹੜਾ ਸਿਰਫ ਇਕ ਚੀਜ਼ ਹੀ ਲਈ ਫਿਰਦਾ ਹੈ ਉਸ ਦੇ ਨਾਲ ਕਾਹਦੀ ਗੱਲ? ਚਾਹੀਦੀਆਂ ਤਾਂ ਸਾਰੀਆਂ ਚੀਜ਼ਾਂ ਨੇ; ਕਿੰਨਿਆਂ-ਕੁ ਨੂੰ ਮਨਾਂ ਲਓਂਗੇ? ਇਕ ਗੋਭੀ ਵਾਲਾ ਹੈ, ਉਸ ਨੂੰ ਮਨਾ ਲਓ ਉਸ ਕੋਲੋਂ ਗੋਭੀ ਹੀ ਮਿਲੇਗੀ। ਇਕ ਹਲਦੀ ਵਾਲਾ ਹੈ ਫੇਰ ਉਸ ਨੂੰ ਮਨਾਓ ਕਿਉਂਕਿ ਹਲਦੀ ਵੀ ਗੋਭੀ ਵਿਚ ਪਾਉਣ ਨੂੰ ਚਾਹੀਦੀ ਹੈ; ਫੇਰ ਨਮਕ ਵਾਲੇ ਨੂੰ ਮਨਾਓ, ਫੇਰ ਮਿਰਚ ਵਾਲੇ ਨੂੰ ਮਨਾਓ, ਫੇਰ ਲਕੜੀਆਂ ਵਾਲੇ ਨੂੰ ਮਨਾਓ। ਸਾਰਾ ਰੌਲਾ-ਗੌਲਾ ਮਚ ਜਾਏਗਾ; ਕਿੰਨਿਆਂ-ਕੁ ਨੂੰ ਜ਼ਿੰਦਗੀ ਦੇ ਅੰਦਰ ਮਨਾ ਲਵਾਂਗੇ? ਇਕ ਨੂੰ ਹੀ ਮਨਾ ਲਓ-

***ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ॥***
*ਪੰਨਾ - 371*

ਇਕ ਦਾ ਧਿਆਨ ਧਰ ਲਓ ਜਿਸ ਦੇ ਕੋਲ ਸਭ ਕੁਝ ਹੈ। ਪਰ ਉਸ ਵੇਲੇ ਦੇ ਪ੍ਰਚਲਤ ਰਿਵਾਜ਼ ਦੇ ਮੁਤਾਬਕ ਆਪ ਦੇਵੀ ਦੀ ਭਗਤੀ ਕਰਿਆ ਕਰਦੇ ਸੀ। ਉਨ੍ਹਾਂ ਦਿਨਾਂ ਵਿਚ ਖੜਤਾਲਾਂ ਨਾਲ ਤੇ ਗਿੱਟਿਆਂ ਤੇ ਝਾਂਜਰਾਂ ਪਾ ਕੇ ਨਾਚ ਕੀਤਾ ਜਾਂਦਾ ਸੀ। ਸੋ ਪਿਤਾ-ਪੁਰਖੀ ਰਿਵਾਜ਼ ਹੋਣ ਦੇ ਮੁਤਾਬਕ ਆਪ ਵੀ ਇਸੇ ਪਾਸੇ ਲੱਗ ਗਏ। ਅੱਜ ਜਗਰਾਤਾ ਕੱਟਣ ਤੋਂ ਬਾਅਦ ਗਰਮੀ ਜ਼ਿਆਦਾ ਮਹਿਸੂਸ ਹੋਈ ਆਪ ਇਸ਼ਨਾਨ ਕਰਨ ਲਈ ਨੇੜੇ ਪਿੰਡ ਦੇ ਤਲਾਬ ਤੇ ਚਲੇ ਗਏ। ਉਨ੍ਹਾਂ ਦਿਨਾਂ ਵਿਚ ਤਲਾਬ, ਟੋਭੇ ਬਿਲਕੁਲ ਸੁੱਚੇ ਰੱਖੇ ਜਾਂਦੇ ਸਨ। ਅਸੂਲ ਸੀ ਟੋਭਿਆਂ ਦਾ, ਕੁਰਲੀਆਂ ਵੀ ਲੋਕ ਉਥੇ ਕਰ ਲਿਆ ਕਰਦੇ ਸਨ, ਦਾਤਣਾਂ ਵੀ ਕਰ ਲਿਆ ਕਰਦੇ ਸਨ, ਇਸ਼ਨਾਨ ਤਾਂ ਆਮ ਕਰਦੇ ਸਨ। ਉਥੇ ਸਵੱਛ ਥਾਂ ਹੁੰਦਾ ਸੀ, ਬੰਦਗੀ ਕਰਨ ਵਾਲੇ ਉਥੇ ਆਪਣੇ ਆਸਣ ਵਿਛਾ ਕੇ ਭਜਨ

ਬੰਦਗੀ ਕਰਿਆ ਕਰਦੇ ਸਨ। ਅੱਜ ਉਥੇ ਭਾਈ ਜੋਧ, ਜੋ ਜੱਟ ਸੀ ਉਸ ਪਿੰਡ ਦਾ ਸੰਗਰ ਪਿੰਡ ਦਾ, ਆਪ ਇਸ਼ਨਾਨ ਕਰਕੇ ਨੇੜੇ ਹੀ ਜਪੁਜੀ ਸਾਹਿਬ ਪੜ੍ਹ ਰਹੇ ਸਨ। ਭਾਈ ਲਹਿਣਾ ਜੀ ਨੇ ਵੀ ਆ ਕੇ ਇਸ਼ਨਾਨ ਕਰਿਆ। ਇਸ਼ਨਾਨ ਕਰਨ ਤੋਂ ਬਾਅਦ ਆਪ ਭਾਈ ਜੋਧ ਦੇ ਪਿਛੇ ਹੋ ਕੇ ਹੀ ਬੈਠ ਗਏ ਅਤੇ ਜੋ ਕੁਝ ਭਾਈ ਜੋਧ ਪੜ੍ਹਦੇ ਸਨ ਉਸ ਨੂੰ ਸਮਝਣ ਦਾ ਯਤਨ ਕੀਤਾ ਕਿਉਂਕਿ ਕੁਝ ਸ਼ਬਦ ਉਨ੍ਹਾਂ ਦੇ ਕੰਨਾਂ ਵਿਚ ਪਏ ਜਿਵੇਂ-

*ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥*

*ਪੰਨਾ - 2*

ਸਮਝ ਗਿਆ ਕਿ ਇਹ ਕੀ ਕਹਿੰਦੇ ਨੇ। ਅੱਗੇ ਫੇਰ ਧਿਆਨ ਦਿਤਾ ਤੇ ਸੁਣਿਆ -

*ਆਪੇ ਬੀਜਿ ਆਪੇ ਹੀ ਖਾਹੁ॥* *ਪੰਨਾ - 4*

ਇਹ ਵੀ ਸਮਝ 'ਚ ਆ ਗਈ, ਹੋਰ ਵੀ ਸਮਝਣ ਦਾ ਯਤਨ ਕੀਤਾ। ਸਮਾਪਤੀ ਤੋਂ ਬਾਅਦ ਉਨ੍ਹਾਂ ਨੇ ਆਸਾ ਦੀ ਵਾਰ ਪੜ੍ਹਨੀ ਸ਼ੁਰੂ ਕਰ ਦਿਤੀ। ਉਸ ਵੇਲੇ ਸਲੋਕ ਤੇ ਪਉੜੀਆਂ ਹੀ ਸਨ। ਬੜੇ ਰਹਾਅ ਦੇ ਨਾਲ ਹੌਲੀ-ਹੌਲੀ ਪੜ੍ਹਦੇ ਨੇ ਤੇ ਆਪ ਨੇ ਧਿਆਨ ਨਾਲ ਸਮਝਣ ਦਾ ਯਤਨ ਕੀਤਾ। ਫੇਰ ਮੇਲ ਹੋਇਆ, ਦੂਜੀ ਵਾਰ ਆਪ ਨੇ ਫੇਰ ਸਮਝਣ ਦਾ ਯਤਨ ਕਰਿਆ। ਬਾਣੀ ਸੁਣਨ ਦਾ ਮਨ ਵਿਚ ਇਰਾਦਾ ਕਰ ਲਿਆ। ਆਪ ਉਚੇਚਾ ਭਾਈ ਜੋਧ ਕੋਲ ਜਾਂਦੇ ਨੇ। ਮਨ ਦੇ ਅੰਦਰ ਕੁਝ ਸਮਝ ਪਈ ਕਿ ਇਥੋਂ ਰਸਤਾ ਲੱਭਦਾ ਨਜ਼ਰ ਆਉਂਦਾ ਹੈ। ਐਨਾ ਤਾਂ ਉਹ ਜਾਣਦੇ ਸਨ ਕਿ ਮਨੁੱਖ ਜਾਮਾ ਹੈ, ਜਦੋਂ ਤੱਕ ਗਿਆਨ ਨਹੀਂ ਹੁੰਦਾ, ਉਦੋਂ ਤੱਕ ਮੁਕਤੀ ਨਹੀਂ ਹੁੰਦੀ। ਜਦੋਂ ਤੱਕ ਪੂਰਨ ਸਮਰੱਥ ਗੁਰੂ ਨਹੀਂ ਮਿਲਦਾ ਉਦੋਂ ਤੱਕ ਗਿਆਨ ਨਹੀਂ ਹੁੰਦਾ। ਸੋ ਪਹਿਲਾਂ ਗੁਰੂ ਹੈ, ਗੁਰੂ ਦੇ ਬਚਨਾਂ ਤੋਂ ਮੁਕਤੀ ਹੈ। ਮੁਕਤੀ ਤੋਂ ਫੇਰ ਜੰਮਣ-ਮਰਨ ਦਾ ਚੱਕਰ ਖਤਮ ਹੁੰਦਾ ਹੈ। ਇਹ ਸਾਰੀ ਗੱਲ ਸਮਝਦੇ ਸਨ। ਉਨ੍ਹਾਂ ਦਿਨਾਂ ਦੇ ਵਿਚ ਇਕ ਰਿਵਾਜ਼ ਸੀ ਕਿ ਪਿਤਾ-ਪੁਰਖੀ ਗੁਰੂ ਕਰਿਆ ਕਰਦੇ ਸੀ। ਹਰੇਕ ਦਾ ਗੁਰੂ ਹੁੰਦਾ ਸੀ ਪਰ ਸਮਰੱਥ ਗੁਰੂ ਨਹੀਂ ਸੀ ਹੁੰਦਾ। ਧਰਤੀ ਤੇ ਐਨਾ ਪਾਪ ਪਸਰ ਗਿਆ ਸੀ ਕਿ ਕੋਈ ਥੰਮਣ ਵਾਲਾ ਨਹੀਂ ਸੀ ਉਸ ਵੇਲੇ -

*ਕੋਈ ਨ ਥੰਮੈ ਸਾਧ ਬਿਨ*
*ਸਾਧ ਨ ਦਿਸੈ ਜਗ ਵਿਚ ਕੋਆ॥*

*(ਭਾਈ ਗੁਰਦਾਸ ਜੀ)*

ਕੋਈ ਪੂਰਾ ਨਹੀਂ ਸੀ ਜਿਹੜਾ ਇਸ ਧਰਤੀ ਦੇ ਪਾਪ ਥੰਮ ਦਿੰਦਾ, ਅਗਿਆਨਤਾ ਨੂੰ ਥੰਮ ਦਿੰਦਾ; ਨਾਸਤਿਕਤਾ ਦਾ ਜੋ ਬਹੁਤ ਵੱਡਾ ਹਨ੍ਹੇਰ-ਗੁਬਾਰ ਪਿਆ ਹੋਇਆ ਸੀ, ਉਸ ਦੇ ਵਿਚ ਕੋਈ ਪ੍ਰਕਾਸ਼ ਕਰ ਦਿੰਦਾ, ਧੁੰਦ ਮਿਟਾ ਦਿੰਦਾ। ਐਸਾ ਸੰਸਾਰ ਤੇ ਨਜ਼ਰ ਨਾ ਆਉਣ ਕਰਕੇ ਆਪ ਦੀ ਤਲਾਸ਼ ਸੀ ਕਿ ਕੋਈ ਪੂਰਾ ਗੁਰੂ ਮਿਲੇ ਪਰ ਗੁਰੂ ਅੰਗਦ ਦੇਵ ਜੀ ਦੀ ਜੋ ਤਲਾਸ਼ ਸੀ ਉਹ ਬਹੁਤ ਜ਼ਿਆਦਾ ਸੀ। ਆਪ ਮੌਕਾ ਦੇਖਦੇ ਸੀ ਕਿ ਜੇ ਕੋਈ ਪੂਰਾ ਗੁਰੂ ਮਿਲ ਗਿਆ ਤਾਂ ਕਿਸਮਤ ਜਾਗ ਪਏਗੀ ਲੇਕਿਨ ਬਹੁਤਾ ਰੁਖ ਉਧਰਲੇ ਪਾਸੇ ਦੇਵ ਪੂਜਾ ਵਲ ਹੋਣ ਕਰਕੇ ਸ਼ਰਧਾ ਪੱਕ ਗਈ ਸੀ ਮਨ ਦੀ। ਦੇਵੀ ਦੀ ਪੂਜਾ ਕਰਨੀ, ਭੇਟਾਂ ਗਾਉਣੀਆਂ, ਇਸੇ ਨੂੰ ਬੜਾ ਭਾਰਾ ਕੀਰਤਨ ਸਮਝ ਕੇ ਸੰਤੁਸ਼ਟ ਰਹਿੰਦੇ ਸੀ ਲੇਕਿਨ ਅੱਜ ਜਦੋਂ ਆਪ ਨੇ ਸੁਣਿਆ ਉਸ ਵੇਲੇ ਆਪ ਦੇ ਮਨ ਦੇ ਅੰਦਰ ਬਹੁਤ ਕਿਸਮ ਦੇ ਨਵੇਂ ਖਿਆਲ ਜਾਗੇ। ਉਸ ਵੇਲੇ ਆਪ ਦੇ ਕੰਨਾਂ ਦੇ ਅੰਦਰ ਐਸੀ ਆਵਾਜ਼ ਪਈ -

*ਧਾਰਨਾ - ਸਾਰੇ ਕੂੜ ਦਾ ਹੋ ਗਿਆ ਵਰਤਾਰਾ,*
*ਸੱਚ ਵਾਲਾ ਕਾਲ ਪੈ ਗਿਆ -2, 2.*
*ਮੇਰੇ ਪਿਆਰੇ, ਸੱਚ ਵਾਲਾ ਕਾਲ ਪੈ ਗਿਆ-2*
*ਸਾਰੇ ਕੂੜ ਦਾ ਹੋ ਗਿਆ ਵਰਤਾਰਾ,..-2, 2*

*ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ॥*
*ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ॥*
*ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ॥*
*ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ॥*
*ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ॥*
*ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ॥*
*ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥*
*ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥*
*ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥*
*ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ॥*
*ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ॥*
*ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ॥*
*ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ॥*
*ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ॥*
*ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ॥*
*ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ॥*

*ਪੰਨਾ - 469*

ਇਕੱਲਾ-ਇਕੱਲਾ ਅੱਖਰ, ਸਮਾਜ ਦੀ ਹਾਲਤ, ਰਾਜ ਦੀ ਹਾਲਤ, ਗੁਰੂਆਂ ਦੀ ਹਾਲਤ, ਧਰਮੀਆਂ ਦੀ ਹਾਲਤ, ਗਾਉਣ ਵਾਲਿਆਂ ਦੀ ਹਾਲਤ ਬਾਰੇ ਸੁਣਿਆ ਕਿ ਕੋਈ ਪ੍ਰਮੇਸ਼ਰ ਦੀ ਭਗਤੀ ਨਹੀਂ ਕਰਦਾ-

*ਗਿਆਨੀ ਨਚਹਿ ....................॥ ਪੰਨਾ - 469*

ਗਿਆਨੀ ਜਿਹੜਾ ਗਿਆਨ ਦੇਣ ਵਾਲਾ ਹੈ ਉਹ ਨਾਚ ਕਰਦਾ ਹੈ -

*..........ਵਾਜੇ ਵਾਵਹਿ ................॥*

*ਪੰਨਾ - 469*

ਗਾਉਂਦਾ ਕੀ ਹੈ? ਬ੍ਰਹਮ ਤੇ ਏਕਤਾ ਬਾਰੇ ਨਹੀਂ ਗਾ ਰਿਹਾ, ਕੋਈ ਪਿਆਰ ਦਾ ਗੀਤ ਨਹੀਂ ਗਾ ਰਿਹਾ, ਲੜਾਈ-ਝਗੜੇ ਦਾ ਗਾ ਰਿਹਾ ਹੈ ਕਿ ਫਲਾਣੇ ਰਾਜੇ ਨੇ ਐਂ ਹੱਲਾ ਕਰਿਆ, ਫਲਾਣੀਆਂ ਫੌਜਾਂ ਐਂ ਲੜੀਆਂ, ਵਾਦ ਨੂੰ ਗਾਉਂਦਾ ਹੈ -

*............. ਜੋਧਾ ਕਾ ਵੀਚਾਰੁ॥ ਪੰਨਾ - 469*

ਜਿਹੜੇ ਦੁਨੀਆਂ ਦੇ ਵਾਸਤੇ ਲੜ ਕੇ ਮਰੇ ਨੇ ਉਨ੍ਹਾਂ ਦੀ ਵੀਚਾਰ ਕਰ ਰਿਹਾ ਹੈ। ਉਨ੍ਹਾਂ ਸੂਰਮਿਆਂ ਦਾ ਜ਼ਿਕਰ ਨਹੀਂ ਕਰਦਾ ਜਿਨ੍ਹਾਂ ਨੇ ਨਾਮ ਦੇ ਵਾਸਤੇ ਵੱਡੀਆਂ-ਵੱਡੀਆਂ

ਕਮਾਈਆਂ ਕੀਤੀਆਂ ਨੇ। ਦੁਨੀਆਂ ਦੀਆਂ ਪ੍ਰਾਪਤੀਆਂ ਕਰਨ ਵਾਲਿਆਂ ਨੂੰ ਗਾਉਂਦਾ ਹੈ।

***ਮੂਰਖ ਪੰਡਿਤ ਹਿਕਮਤਿ ਹੁਜਤਿ ..................॥***
***ਪੰਨਾ - 469***

ਹੁਜਤਾਂ, ਤਰਕਾਂ ਦੇ ਨਾਲ ਗੱਲ ਸਿਧ ਕਰਦੇ ਨੇ ਤੇ ਮੂਰਖਤਾਈ ਦੀ ਹੱਦ ਹੋ ਗਈ ਹੈ -

***................ ਸੰਜੈ ਕਰਹਿ ਪਿਆਰੁ॥ ਪੰਨਾ - 469***

ਸਿਰਫ ਪੈਸੇ ਜੋੜਨ ਤੱਕ ਪਿਆਰ ਪਿਆ ਹੋਇਆ ਹੈ -

***ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ॥***
***ਪੰਨਾ - 469***

ਧਰਮ ਕਰਕੇ ਆਪਣੇ ਆਪ ਨੂੰ ਨਸ਼ਰ ਕਰਦਾ ਹੈ ਕਿ ਮੈਂ ਇਹ ਕਰਿਆ, ਮੈਂ ਐਨਾ ਦਾਨ ਦਿਤਾ ਹੈ ਤੇ ਫੇਰ ਉਸ ਦੇ ਬਦਲੇ ਮੋਖ ਦੁਆਰ ਮੰਗਦਾ ਹੈ, ਮਹਾਰਾਜ ਕਹਿੰਦੇ ਮਿਲ ਜਾਏਗਾ ਤੈਨੂੰ?

***ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ॥***
***ਪੰਨਾ - 469***

***ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ॥***
***ਪੰਨਾ - 469***

ਜਤੀ ਬਣ ਗਿਆ, ਘਰ-ਬਾਰ ਛੱਡ ਦਿਤਾ, ਜਤ ਦੀ ਜੁਗਤਿ ਨਹੀਂ ਜਾਣਦਾ। ਪੰਜਾਂ ਗਿਆਨ ਇੰਦ੍ਰਿਆਂ ਦੇ ਜਤ ਬਾਰੇ ਕੁਝ ਭੀ ਨਹੀਂ ਜਾਣਦਾ ਇਸ ਤਰ੍ਹਾਂ ਜਤ ਨਹੀਂ ਰਿਹਾ ਕਰਦਾ। ਸਾਰੇ ਹੀ ਕਹਿੰਦੇ ਨੇ ਮੈਂ ਪੂਰਾ ਹਾਂ, ਮੈਂ ਪੂਰਾ ਹਾਂ, ਮੇਰਾ ਧਰਮ ਪੂਰਾ ਹੈ, ਮੇਰੇ ਖਿਆਲ ਪੂਰੇ ਨੇ। ਹੁਣ ਦੱਸੋ ਭਰੇ ਹੋਏ ਭਾਂਡਿਆਂ ਦੇ ਵਿਚ ਹੋਰ ਚੀਜ਼ ਕਿਵੇਂ ਪਾਈ ਜਾਵੇਗੀ, ਉਹ ਤਾਂ ਪਹਿਲਾਂ ਹੀ ਭਰੇ ਹੋਏ ਨੇ, ਖਾਲੀ ਹੋਣ ਤਾਂ ਹੀ ਪਏਗੀ-

***ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ॥***
***ਪੰਨਾ - 474***

ਸੋ ਐਸੀ ਹਾਲਤ ਸਮਝ ਕੇ ਹੌਲੀ-ਹੌਲੀ ਸਾਰੀ 'ਆਸਾ ਦੀ ਵਾਰ' ਸ੍ਰਵਣ ਕੀਤੀ -

***ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬ ਸਦਾ ਸਮ੍ਹਾਲੀਐ॥***
***ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ॥***
***ਪੰਨਾ - 474***

ਵਿਚਾਰ ਮਨ ਵਿਚ ਬਹਿ ਗਈ। ਜਦੋਂ ਭਾਈ ਜੋਧ ਪਾਠ ਕਰ ਚੁਕੇ ਤਾਂ ਉਸ ਵੇਲੇ ਕਹਿਣ ਲੱਗੇ, "ਭਾਈ ਜੋਧ! ਆਪ ਨੇ ਜੋ ਇਹ ਬਿਸ਼ਨ ਪਦੇ ਗਾਏ ਨੇ ਜਾਂ ਕੋਈ ਬਾਣੀ ਗਾਈ ਹੈ ਇਹ ਕਿਸ ਦੀ ਹੈ? ਇਹ ਤਾਂ ਕਪਾਟ ਖੋਲ੍ਹਦੀ ਜਾਂਦੀ ਹੈ ਤੇ ਮੇਰੇ ਅੰਦਰ ਤਾਂ ਇਸ ਨੇ ਬਹੁਤ ਹਿਲਜੁਲ ਪੈਦਾ ਕਰ ਦਿੱਤੀ।"

ਸਾਡੇ ਅੰਦਰ ਨਹੀਂ ਕਰਦੀ ਕਿਉਂਕਿ ਅਸੀਂ immune (ਬੇਅਸਰੇ) ਹੋ ਗਏ ਹਾਂ। ਪਹਿਲਾਂ-ਪਹਿਲਾਂ ਜਦੋਂ D.D.T. ਆਈ ਸੀ ਤਾਂ ਮੱਛਰ ਉਈਂ ਮਰ ਜਾਂਦੇ ਸਨ। ਹੁਣ ਜਿਹੜੇ D.D.T. ਵਿਚੋਂ ਹੀ ਮੱਛਰ ਜੰਮੇ ਨੇ ਉਹ ਮਰਦੇ ਹੀ ਨਹੀਂ ਹਨ, ਇਸ ਨੂੰ immune ਕਹਿੰਦੇ ਨੇ। ਜਦੋਂ ਕਿਸੇ ਦਵਾਈ ਦਾ, ਜ਼ਹਿਰ ਦਾ ਮਨੁੱਖ ਉਪਰ ਅਸਰ ਹੋਣ ਤੋਂ ਹਟ ਜਾਵੇ, ਉਹ immune ਹੋ ਜਾਂਦਾ ਹੈ, ਉਸ ਤੇ ਅਸਰ ਨਹੀਂ ਹੁੰਦਾ। ਇਵੇਂ-ਜਿਵੇਂ ਜਦੋਂ ਕੋਈ immune ਹੋ ਜਾਵੇ ਤਾਂ ਪੂਰਾ ਅਸਰ ਨਹੀਂ ਹੁੰਦਾ। ਗੁਰੂ

ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਜੇ ਕੋਈ ਨਵਾਂ ਬੰਦਾ ਸੁਣੇ, ਉਹ ਹੈਰਾਨ ਰਹਿ ਜਾਏਗਾ ਕਿ ਐਡੀ ਵੱਡੀ ਬਾਣੀ, ਐਡੇ ਗੋਹਝ ਭੇਦ ਇਸ ਦੇ ਵਿਚ ਲਿਖੇ ਪਏ ਨੇ। ਅਸੀਂ ਰੋਜ਼ ਸੁਣਦੇ ਹਾਂ ਸਾਡੇ ਤੇ ਕੋਈ ਅਸਰ ਨਹੀਂ ਹੁੰਦਾ, ਪੜ੍ਹਨ ਵਾਲੇ ਰੋਜ਼ ਪੜ੍ਹਦੇ ਨੇ ਉਨ੍ਹਾਂ ਤੇ ਕੋਈ ਅਸਰ ਨਹੀਂ ਹੁੰਦਾ, ਉਹ ਉਥੇ ਦੇ ਉਥੇ ਹੀ ਰਹਿੰਦੇ ਨੇ। ਇਸ ਨੂੰ ਕੋਹਲੂ ਦਾ ਬੈਲ ਕਹਿੰਦੇ ਨੇ। ਸਾਰਾ ਦਿਨ ਘੁੰਮਦਾ ਹੈ ਪਰ ਜਦੋਂ ਖੋਪੇ ਖੋਲ੍ਹਦੇ ਨੇ ਤਾਂ ਉਥੇ ਹੀ ਖੜ੍ਹਾ ਹੁੰਦਾ ਹੈ।

ਇਹੀ ਬਾਣੀ ਥੋੜੀ ਜਿਹੀ ਸੁਣ ਕੇ ਭਾਈ ਅਨੰਦ ਸਿੰਘ ਨੇ ਇਕੋ ਤੁਕ ਵਿਚਾਰੀ ਸੀ - ਅਨੰਦ ਸਾਹਿਬ ਦੀ ਕਿ -

***ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥***
***ਪੰਨਾ - 918***

ਤੇ ਪਰਿਵਾਰ ਬਾਰੇ ਪੜ੍ਹਿਆ ਕਿ ਨਾਲ ਨਹੀਂ ਜਾਂਦਾ। ਉਸੇ ਵੇਲੇ ਵੈਰਾਗੀ ਹੋ ਕੇ ਬਹਿ ਗਿਆ। ਗੁਰੂ ਦਸਵੇਂ ਪਾਤਸ਼ਾਹ ਦੇ ਪੇਸ਼ ਕੀਤਾ ਤਾਂ ਮਹਾਰਾਜ ਜੀ ਕਹਿੰਦੇ, "ਧੰਨ ਹੈਂ ਗੁਰਸਿਖਾ! ਧੰਨ ਹੈਂ, ਤੂੰ ਬਾਣੀ ਦੀ ਤੁਕ ਫੜ ਲਈ। ਹੁਣ ਦਸ ਕੀ ਚਾਹੁੰਦਾ ਹੈਂ?

ਕਹਿੰਦਾ, "ਮਹਾਰਾਜ ਜੀ! ***'ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ॥' (ਪੰਨਾ - 918)*** "ਸੱਚੇ ਪਾਤਸ਼ਾਹ! ਮੈਥੋਂ ਇਸ ਤੁਕ ਦੇ ਉਪਰੋਂ ਦੀ ਲੰਘ ਨਹੀਂ ਹੁੰਦਾ, ਇਹ ਮੇਰੇ ਅੱਗੇ ਪਹਾੜ ਬਣ ਕੇ ਖੜ੍ਹ ਗਈ, ਮੈਂ ਇਸ ਦੇ ਉਤੋਂ ਦੀ ਨਹੀਂ ਹੁਣ ਲੰਘ ਸਕਦਾ ਤੇ ਮੈਂ ਪਰਿਵਾਰ ਨਾਲ ਕਿਵੇਂ ਚਿੱਤ ਲਾ ਲਵਾਂ? ਇਸ ਨੇ ਨਾਲ ਤਾਂ ਜਾਣਾ ਨਹੀਂ, ਇਸ ਦੇ ਨਾਲ ਚਿਤ ਲਾ ਕੇ ਮੇਰਾ ਸਾਰਾ ਜੀਵਨ ਬਰਬਾਦ ਹੋ ਜਾਵੇਗਾ ਤੇ ਮੈਂ ਇਥੇ ਜੋਗਾ ਹੀ ਰਹਿ ਜਾਵਾਂਗਾ, ਬੜੀ ਮੁਸ਼ਕਲ ਦੇ ਨਾਲ ਮਾਨਸ ਜਨਮ ਪ੍ਰਾਪਤ ਹੋਇਆ ਹੈ ਪਰ ਜੇ ਮੈਂ ਹੁਣ ਗਲਤ ਕੰਮ ਕਰ ਲਿਆ ਤਾਂ ਮੈਂ ਫੇਰ ਦੁਨੀਆਂ ਦੇ ਮੋਹ ਵਿਚ ਫਸਿਆ ਪਰਮ ਪਦ ਦੀ ਪ੍ਰਾਪਤੀ ਕਰਨ ਤੋ ਰਹਿ ਜਾਵਾਂਗਾ; ਸੱਚੇ ਪਾਤਸ਼ਾਹ! ਕਿਰਪਾ ਕਰੋ।"

ਮਹਾਰਾਜ ਜੀ ਨੇ ਕਿਹਾ, "ਚਾਹੁੰਦਾ ਕੀ ਹੈਂ?"

"ਸੱਚੇ ਪਾਤਸ਼ਾਹ! ਮੈਂ ਪਰਿਵਾਰ ਵਿਚ ਤਾਂ ਨਹੀਂ ਜਾਣਾ ਚਾਹੁੰਦਾ ਤੇ ਮੈਂ ਬਾਹਰ ਇਕ-ਰਸ ਨਾਮ ਜਪਣਾ ਚਾਹੁੰਦਾ ਹਾਂ।"

"ਠੀਕ ਹੈ, ਸ਼ਾਬਾਸ਼! ਇਹ ਮਾਤਾ-ਪਿਤਾ ਤੇਰੇ ਕਹਿੰਦੇ ਨੇ ਕਿ ਪਰਿਵਾਰ ਵਿਚ ਰਹਿ।"

ਭਾਈ ਅਨੰਦ ਸਿੰਘ ਨੇ ਕਿਹਾ, "ਸੱਚੇ ਪਾਤਸ਼ਾਹ! ਆਪ ਨੇ ਹੀ ਤਾਂ ਫੁਰਮਾਨ ਕੀਤਾ ਹੈ ਕਿ ਕੋਈ ਵੀ ਨਹੀਂ, ਇਹ ਸਭ ਪੈਸੇ ਦੇ ਗਾਹਕ ਨੇ। ਜਿੰਨਾਂ ਚਿਰ ਪੈਸਾ ਹੈ ਓਨਾਂ ਚਿਰ ਨਾਲ ਰਹਿੰਦੇ ਨੇ ਤੇ ਜਦੋਂ ਪੈਸਾ ਨਾ ਹੋਇਆ, ਫੇਰ ਛੱਡ ਦਿੰਦੇ ਨੇ ਤੇ ਮੈਂ ਤਾਂ ਪ੍ਰਭੂ ਦੇ ਨਾਲ ਮਨ ਲਾਉਣਾ ਚਾਹੁੰਦਾ ਹਾਂ।"

ਮਹਾਰਾਜ ਜੀ ਕਹਿੰਦੇ, "ਚੰਗਾ! ਤੂੰ ਸਾਥੋਂ ਦੋ ਗੱਲਾਂ ਸੁਣ ਲੈ, ਅਸੀਂ ਦੋਵੇਂ ਦੱਸ ਦਿੰਦੇ ਹਾਂ - ਇਕ ਸਾਧੂ ਦੀ ਤੇ ਇਕ ਗ੍ਰਹਿਸਤੀ ਦੀ, ਬਹੁਤ ਵਿਸਥਾਰ ਨਾਲ ਦੱਸੀ।"

ਦੋਵੇਂ ਗ੍ਰਹਿਸਤ ਤੇ ਤਿਆਗ ਦਾ ਰਾਹ ਮਹਾਰਾਜ ਜੀ ਨੇ ਦੱਸਿਆ। ਇਥੇ ਬੜੇ ਵਿਸਥਾਰ ਦੇ ਨਾਲ ਆਪਾਂ ਨੇ ਵਿਚਾਰ ਕਰੀ। ਮਤਲਬ ਇਹ ਹੈ ਕਿ ਬਾਣੀ ਉਸ ਨੇ ਵਿਚਾਰ ਲਈ, ਬਾਣੀ ਦੇ ਉਪਰ ਦੀ ਨਹੀਂ ਲੰਘ ਸਕਿਆ। ਅਸੀਂ ਲੰਘਦੇ ਜਾਂਦੇ ਹਾਂ, ਬੇਅੰਤ ਪੜ੍ਹਦੇ ਜਾਂਦੇ ਹਾਂ, ਇਕ ਵੀ ਯਾਦ ਨਹੀਂ ਰਹਿੰਦਾ, ਕੋਈ ਤੁਕ ਨਹੀਂ ਹੈ ਜਿਹੜੀ ਚੌਵੀ ਘੰਟੇ ਆਪਣਾ ਅਸਰ ਰੱਖੇ ਪਰ ਭਾਈ ਲਹਿਣਾ ਜੀ ਐਸੇ ਨਹੀਂ ਸਨ ਹਾਲਾਂਕਿ ਗੁਰੂ ਨਾਨਕ ਦੇਖੇ ਨਹੀਂ ਸਨ, ਸੁਣਿਆ ਨਹੀਂ ਸੀ। ਜੇ ਦੇਖਿਆ ਸੀ ਤਾਂ ਭੁਲ ਚੁਕੇ ਸੀ ਕਿਉਂਕਿ ਇਕ ਸਮਾਂ ਸੀ ਜਿਸ ਵਕਤ ਆਪ ਨੇ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਵੀ ਕੀਤੇ ਸਨ। ਇਨ੍ਹਾਂ ਦੇ ਪਿਤਾ ਫੇਰੂ ਮੱਲ ਜੀ ਹਿਸਾਬ-ਕਿਤਾਬ ਰੱਖਿਆ ਕਰਦੇ ਸੀ -ਤਖਤ ਮੱਲ ਚੌਧਰੀ। 20-25 ਜਾਂ 30 ਪਿੰਡਾਂ ਦਾ ਚੌਧਰੀ ਸੀ, ਸਾਰਾ ਮਾਲੀਆ ਫੇਰੂ ਮੱਲ ਜੀ ਦੇ ਹੱਥਾਂ ਵਿਚੋਂ ਦੀ ਸਰਕਾਰ ਦੇ ਖਜ਼ਾਨੇ ਵਿਚ ਜਮ੍ਹਾਂ ਹੋਇਆ ਕਰਦਾ ਸੀ ਤੇ ਸਾਰੇ ਖਰਚੇ ਜਿੰਨੇ ਚਕੌਤੇ ਵਗੈਰਾ ਦੇ ਸਨ, ਇਹ ਰੱਖਿਆ ਕਰਦੇ ਸਨ ਤੇ ਘਰ ਦਾ ਖਰਚਾ ਵੀ ਉਨ੍ਹਾਂ ਦਾ ਰਖਦੇ ਸੀ। ਇਕ ਵਾਰੀ ਕਾਫੀ ਪੈਸੇ ਘਟ ਗਏ। ਇਸ ਤੇ ਚੌਧਰੀ ਨਰਾਜ਼ ਹੋ ਗਿਆ ਤੇ ਉਸ ਨੇ ਭੋਰੇ ਵਿਚ ਬੰਦ ਕਰ ਦਿਤਾ। ਭਾਈ ਲਹਿਣਾ ਜੀ ਨੇ ਦੇਖਿਆ ਕਿ ਚੌਧਰੀ ਤਖਤ ਮੱਲ ਜੀ ਬਹੁਤ ਨਰਾਜ਼ ਹਨ। ਤਾਂ ਆਪ ਚੌਧਰੀ ਦੀ ਲੜਕੀ 'ਬਰਾਈ' ਜੋ ਭਾਈ ਲਹਿਣਾ ਜੀ ਦੇ ਪਰਿਵਾਰ ਨਾਲ ਹਮਦਰਦੀ ਰਖਦੀ ਸੀ ਅਤੇ ਭਾਈ ਲਹਿਣਾ ਜੀ ਨੂੰ ਪਿਆਰ ਕਰਦੀ ਸੀ ਉਸ ਤੋਂ ਆਪਣੇ ਪਿਤਾ ਲਈ ਕੋਈ ਮਦਦ ਲੈਣ ਲਈ ਖਡੂਰ ਸਾਹਿਬ ਪਹੁੰਚ ਗਏ। ਉਥੇ ਜਾ ਕੇ ਆਪਣੇ ਪਿਤਾ ਨੂੰ ਛੁਡਾਉਣ ਲਈ ਸਿਫਾਰਸ਼ ਲਾਉਣ ਲਈ ਕਿਹਾ। ਪਰ ਉਹ ਕਹਿੰਦੀ, ਮੇਰੀ ਸਿਫਾਰਸ਼ ਤਾਂ ਨਹੀਂ ਚਲਣੀ, ਇਕ ਰੱਬ ਰੂਪ ਨੇੜੇ ਹੀ ਆਏ ਹੋਏ ਨੇ ਸਾਡੇ, ਨੇੜੇ ਹੀ ਨੇ, ਚੱਲ, ਮੈਂ ਤੈਨੂੰ ਉਨ੍ਹਾਂ ਕੋਲ ਲੈ ਚੱਲਾਂ। ਚਿੱਠੀ ਮੈਂ ਲਿਖ ਦਿਆਂਗੀ ਆਪਣੇ ਪਿਤਾ ਨੂੰ ਪਰ ਜਿੰਨਾ ਚਿਰ ਹਿਸਾਬ ਕਿਤਾਬ ਦਾ ਮਾਮਲਾ ਸਾਫ ਨਾ ਹੋਵੇ, ਓਨਾਂ ਚਿਰ ਮੁੜ ਕੇ ਪਹਿਲਾ ਪਿਆਰ ਨਹੀਂ ਬਣਨਾ। ਮਨ ਵਿਚ ਸ਼ੰਕਾ ਬਣਿਆ ਹੀ ਰਹਿਣਾ ਹੈ। ਮੇਰੇ ਕਹੇ ਮੇਰਾ ਪਿਤਾ ਫੇਰੂ ਮੱਲ ਜੀ ਨੂੰ ਛੱਡ ਤਾਂ ਦੇਵੇਗਾ ਪਰ ਸ਼ੰਕਾ ਮਨੋ ਨਹੀਂ ਜਾਣਾ। ਸੋ ਹਿਸਾਬ ਕਿਤਾਬ ਦਾ ਚਿੱਠਾ ਸਹੀ ਹੋਣਾ ਚਾਹੀਦਾ ਹੈ। ਗੁਰੂ ਨਾਨਕ ਪਾਤਸ਼ਾਹ ਦੇ ਪਾਸ ਭਾਈ ਲਹਿਣਾ ਜੀ ਨੂੰ ਬੀਬੀ ਬਿਰਾਈ ਲੈ ਗਈ, ਬੇਨਤੀ ਕੀਤੀ। ਮਹਾਰਾਜ ਜੀ ਕਹਿੰਦੇ, "ਕੋਈ ਨਾ ਭਾਈ! ਐਵੇਂ ਹੀ ਇਕ ਗਲਤੀ ਹੋਈ ਹੋਈ ਹੈ, ਤੁਸੀਂ ਦੁਬਾਰਾ ਹਿਸਾਬ ਚੈਕ ਕਰੋ, ਵਿਚੋਂ ਨਿਕਲ ਆਏਗੀ, ਕੁਝ ਨਹੀਂ ਹੁੰਦਾ।"

ਜਾ ਕੇ ਹਿਸਾਬ ਚੈਕ ਕੀਤਾ ਤਾਂ ਗਲਤੀ ਨਿਕਲ ਆਈ, ਸਾਰਾ ਮਾਮਲਾ ਸਾਫ ਹੋ ਗਿਆ। ਉਸ ਸਮੇਂ ਇਸ ਗੱਲ ਨੂੰ ਆਪ ਨੇ ਸਾਧਾਰਨ ਹੀ ਸਮਝਿਆ। ਬਹੁਤ ਐਸੇ ਬੰਦੇ ਹੁੰਦੇ ਨੇ, ਸੰਤਾਂ ਕੋਲ ਜਾਂਦੇ ਨੇ, ਬਚਨ ਹੋ ਜਾਂਦਾ ਹੈ, ਉਸ ਨੂੰ ਆਮ ਹੀ ਗਿਣਦੇ ਨੇ ਕਿ ਇਹ ਤਾਂ ਐਵੇ ਹੀ ਬਚਨ ਕਰੀਂ ਜਾਂਦੇ ਨੇ, ਮੁੜ ਉਨ੍ਹਾਂ ਨਾਲ ਕੋਈ ਵਾਹ ਨਹੀਂ ਹੁੰਦਾ। ਆਪਣਾ ਕੰਮ ਪੂਰਾ ਹੋ ਜਾਂਦਾ ਹੈ। ਐਸਾ ਸੰਸਾਰ ਦਾ ਰਵੱਈਆ ਹੀ ਹੈ,

ਚਾਹੇ ਸੰਤ ਹੋਣ, ਚਾਹੇ ਕੋਈ ਹੋਰ ਹੋਵੇ। ਆਹ ਵਜ਼ੀਰ ਵਗੈਰਾ ਹੁੰਦੇ ਨੇ। ਜਦੋਂ ਉਹ ਕੁਰਸੀ ਤੇ ਹੁੰਦੇ ਨੇ, ਉਦੋਂ ਤਾਂ ਉਨ੍ਹਾਂ ਦਾ ਖਹਿੜਾ ਨਹੀਂ ਛੱਡਦੇ, ਜਦੋਂ ਉਹ ਥੱਲੇ ਲਹਿ ਜਾਣ, ਫੇਰ ਡਰਦੇ ਨੇ ਕਿ ਕਿਤੇ ਪੈਸੇ ਹੀ ਨਾ ਮੰਗ ਲੈਣ ਸਾਥੋਂ ਆ ਕੇ, ਫੇਰ ਨਹੀਂ ਉਨ੍ਹਾਂ ਨਾਲ ਗੱਲ ਕਰਦੇ। ਸੋ ਉਸ ਵੇਲੇ ਦਰਸ਼ਨ ਕਰੇ ਸੀ ਪਰ ਭੁਲੇ ਹੋਏ ਸੀ।

ਭਾਈ ਜੋਧ ਨੂੰ ਕਹਿਣ ਲੱਗੇ, "ਭਾਈ ਜੋਧ! ਇਹ ਜੋ ਤੂੰ ਪੜ੍ਹਦਾ ਹੈਂ, ਮੈਂ ਬੜੇ ਧਿਆਨ ਦੇ ਨਾਲ ਸ੍ਰਵਣ ਕਰੀ ਹੈ। ਇਕ ਇਕ ਅੱਖਰ ਸਮਝਣ ਦਾ ਯਤਨ ਕਰਿਆ ਹੈ ਤੇ ਮੇਰੇ ਮਨ ਵਿਚ ਗੱਲ ਬਹਿ ਗਈ। ਮੈਨੂੰ ਐਂ ਲੱਗਣ ਲੱਗ ਗਿਆ ਕਿ ਮੇਰਾ ਰਸਤਾ ਜਿਹੜਾ ਹੈ ਉਹ ਹੋਰ ਹੈ ਤੇ ਗੁਰੂ ਵਾਲਾ ਰਸਤਾ ਕੋਈ ਹੋਰ ਹੈ। ਤੂੰ ਮੈਨੂੰ ਇਹ ਤਾਂ ਦੱਸ, ਉਹ ਕੌਣ ਨੇ ਜਿਨ੍ਹਾਂ ਨੇ ਇਹ ਬਾਣੀ ਰਚੀ ਹੈ? ਕਿਥੇ ਰਹਿੰਦੇ ਨੇ? ਕਿਹੋ-ਜਿਹੇ ਨੇ? ਮੈਨੂੰ ਉਨ੍ਹਾਂ ਬਾਰੇ ਦੱਸ ਸਕਦਾ ਹੈਂ, ਜੇ ਤੈਨੂੰ ਪਤਾ ਹੋਵੇ।"

ਭਾਈ ਜੋਧ ਕਹਿਣ ਲੱਗੇ, "ਭਾਈ ਲਹਿਣਾ ਜੀ! ਜਿਨ੍ਹਾਂ ਦੇ ਬਾਰੇ ਤੂੰ ਗੱਲ ਕਰਦਾ ਹੈਂ, ਉਨ੍ਹਾਂ ਨੂੰ ਤਾਂ ਸਾਰਾ ਸੰਸਾਰ ਜਾਣਦਾ ਹੈ, ਕੋਈ ਭੁਲਿਆ ਹੋਇਆ ਨਹੀਂ ਹੈ ਉਨ੍ਹਾਂ ਨੂੰ ਜਿਵੇਂ ਸੂਰਜ ਨੂੰ ਕੋਈ ਨਹੀਂ ਭੁਲਿਆ ਹੋਇਆ। ਦੇਸ਼ਾਂ-ਵਿਦੇਸ਼ਾਂ, ਟਾਪੂਆਂ ਵਿਚ ਹਰ ਥਾਂ ਦੇ ਉਤੇ ਰਾਜੇ-ਮਹਾਰਾਜੇ ਸਾਧੂ ਵੱਡੇ-ਵੱਡੇ ਮੱਠਾਂ ਵਾਲੇ ਸਭ ਜਾਣਦੇ ਨੇ।"

ਕਹਿੰਦੇ, "ਮੈਂ ਨਹੀਂ ਸੁਣਿਆ ਤੇ ਮੈਨੂੰ ਕਿਰਪਾ ਕਰਕੇ ਉਨ੍ਹਾਂ ਦੀ ਜਾਣ-ਪਛਾਣ ਕਰਾਓ।" ਉਸ ਵੇਲੇ ਕਹਿਣ ਲੱਗੇ, "ਚਾਰ ਉਦਾਸੀਆਂ ਉਨ੍ਹਾਂ ਨੇ ਸੰਸਾਰ ਦੀਆਂ ਕਰੀਆਂ ਨੇ ਤੇ ਪੈਦਲ ਹੀ ਗਏ ਨੇ।"

ਇਕ ਅਨੁਮਾਨ ਅਨੁਸਾਰ ਅੱਜ ਦੇ ਸਿਆਣੇ ਹਿਸਾਬ ਲਾਉਂਦੇ ਨੇ ਕਿ ਉਨ੍ਹਾਂ ਨੇ 25000 ਮੀਲ ਸਫਰ ਪੈਦਲ ਕਰਿਆ ਲੇਕਿਨ ਓਸ ਵੇਲੇ ਦੇ ਸਿਆਣੇ ਇਸ ਤਰ੍ਹਾਂ ਦਾ ਹਿਸਾਬ ਨਹੀਂ ਸੀ ਲਾਉਂਦੇ। ਉਸ ਵੇਲੇ ਤਾਂ ਇਹ ਕਹਿੰਦੇ ਸਨ ਕਿ ਗੁਰੂ ਨਾਨਕ ਪਾਤਸ਼ਾਹ ਸਾਰੀ ਧਰਤੀ ਤੇ ਘੁੰਮੇ ਜਿਥੇ ਤੱਕ ਵਸੋਂ ਸੀ, ਜਿਥੇ ਤੱਕ ਮਨੁੱਖ ਸਨ ਉਥੇ ਤੱਕ ਘੁੰਮੇ। ਉਨ੍ਹਾਂ ਦੀ ਬੋਲੀ ਵਿਚ ਹੀ ਉਨ੍ਹਾਂ ਨੂੰ ਜਾ ਕੇ ਸੇਧ ਦਿਤੀ। ਰਿਕਾਰਡ ਰਿਹਾ ਜਾਂ ਨਾ ਰਿਹਾ ਇਹ ਗੱਲ ਵੱਖਰੀ ਹੈ ਪਰ ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ ਜਿਥੇ ਤੱਕ ਵੀ ਧਰਤੀ ਸੀ ਉਥੇ ਤੱਕ ਗੁਰੂ ਨਾਨਕ ਪਾਤਸ਼ਾਹ ਨੇ ਜਾ ਕੇ ਆਪਣਾ ਸੱਚ ਦਾ ਸੰਦੇਸ਼ ਦਿਤਾ।

***ਬਾਬੇ ਡਿਠੀ ਪਿਰਥਮੀ, ਨਵੈ ਖੰਡ ਜਿਥੈ ਤਕਿ ਆਹੀ।***
***ਫਿਰਿ ਜਾਇ ਚੜ੍ਹਿਆ ਸਮੇਰ ਪਰ ਸਿਧ ਮੰਡਲੀ ਦ੍ਰਿਸ਼ਟੀ ਆਈ।***
***ਭਾਈ ਗੁਰਦਾਸ ਜੀ, ਵਾਰ 1/24***

ਕਿੰਨੇ ਹਜ਼ਾਰ ਮੀਲ ਸਫਰ ਕਰਿਆ, ਇਸ ਦਾ ਕੋਈ ਅੰਦਾਜ਼ਾ ਨਹੀਂ ਲਾਉਂਦੇ ਸਨ।

ਸੋ ਆਪ ਨੇ ਕਿਹਾ ਕਿ ਚਾਰ ਉਦਾਸੀਆਂ ਕੀਤੀਆਂ। ਉਸ ਤੋਂ ਬਾਅਦ ਕਿਉਂਕਿ ਸੰਗਤ ਐਨੀ ਵਧ ਗਈ ਉਨ੍ਹਾਂ ਨੂੰ ਅੱਗੇ ਉਪਦੇਸ਼ ਦੇਣਾ ਹੈ ਇਸ ਕਰਕੇ ਕੇਂਦਰ ਬਣਾਇਆ ਤੇ ਆਪ ਕਰਤਾਰਪੁਰ ਬਿਰਾਜਦੇ ਨੇ - ਆਪਣੇ ਤੋਂ ਨੇੜੇ ਹੀ ਦਰਿਆ ਰਾਵੀ ਦੇ ਕੰਢੇ ਤੇ। ਅੱਗੇ ਵੀ ਮੈਂ ਤੁਹਾਨੂੰ ਇਕ-ਦੋ ਵਾਰੀ ਗੱਲ ਕੀਤੀ ਹੈ। ਕਹਿੰਦੇ, ਮੈਂ ਗੌਲੀ ਨਹੀਂ ਸੀ ਗੱਲ ਕਿ ਐਵੇਂ ਹੀ ਸਹਿਜ ਸੁਭਾਅ ਕਰਦੇ ਨੇ ਪਰ ਮੈਨੂੰ ਅੱਜ ਡੂੰਘਿਆਈ ਦਾ ਪਤਾ ਲੱਗਿਆ ਹੈ ਕਿ ਇਹ ਤਾਂ ਬਹੁਤ ਵੱਡੇ ਨੇ। ਤੂੰ ਮੈਨੂੰ ਇਹ ਤਾਂ ਦੱਸ ਕਿ ਉਨ੍ਹਾਂ ਦਾ ਗੁਰੂ ਕੌਣ ਹੈ? ਪੂਰੇ ਨੇ ਜਾਂ ਅਧੂਰੇ ਨੇ? ਤਪੱਸਿਆ ਕੀਤੀ ਹੈ ਜਾਂ ਕਿਵੇਂ ਉਨ੍ਹਾਂ ਨੂੰ ਪ੍ਰਾਪਤੀ ਹੋਈ ਹੈ?"

ਕਹਿਣ ਲੱਗੇ, "ਤੁਸੀਂ ਗੀਤਾ ਪੜ੍ਹਦੇ ਹੋ ਨਾ? ਉਸ ਦੇ ਵਿਚ ਕ੍ਰਿਸ਼ਨ ਭਗਵਾਨ ਕਹਿੰਦੇ ਨੇ ਕਿ ਜਦੋਂ-ਜਦੋਂ ਧਰਮ ਦੀ ਗਿਲਾਨੀ ਹੁੰਦੀ ਹੈ, ਉਸ ਵੇਲੇ ਜਿਹੜੇ ਪੂਰਨ ਮਹਾਂਪੁਰਸ਼ ਨੇ, ਉਹ ਸੰਸਾਰ ਦੀ ਗਿਲਾਨੀ ਦੂਰ ਕਰਨ ਵਾਸਤੇ ਸੰਸਾਰ ਵਿਚ ਆਇਆ ਕਰਦੇ ਨੇ।"

ਗੁਰੂ ਦਸ਼ਮੇਸ਼ ਪਿਤਾ ਨੇ ਵੀ ਲਿਖਿਆ ਹੈ ਕਿ -

***ਜਬ ਜਬ ਹੋਤ ਅਰਿਸ਼ਟ ਅਪਾਰਾ॥***

ਜਦੋਂ ਜਦੋਂ ਬਹੁਤ ਗਿਲਾਨੀ ਸੰਸਾਰ ਵਿਚ ਫੈਲ ਜਾਂਦੀ ਹੈ -

***ਤਬ ਤਬ ਦੇਹ ਧਰਤਿ ਅਵਤਾਰਾ॥***

ਉਸੇ ਵੇਲੇ ਦੇਹ ਧਾਰ ਕੇ ਅਵਤਾਰ ਆਇਆ ਕਰਦੇ ਨੇ। ਅਵਤਾਰ ਕੁਝ ਤਾਂ ਦੇਵਤੇ ਹੁੰਦੇ ਨੇ, ਕੁਝ ਵਿਸ਼ਨੂੰ ਜੀ ਦੇ ਅਵਤਾਰ ਹੁੰਦੇ ਨੇ। ਅਵਤਾਰਾਂ ਦੀ ਗਿਣਤੀ ਹੋਇਆ ਕਰਦੀ ਹੈ।

ਸੋ ਆਪ ਕਹਿਣ ਲੱਗੇ ਕਿ ਗੁਰੂ ਨਾਨਕ ਪਾਤਸ਼ਾਹ ਤਾਂ ਧੁਰ ਤੋਂ ਆਏ ਹੋਏ ਨੇ ਉਹ ਕਿਸੇ ਦੇਵਤੇ ਬ੍ਰਹਮਾ, ਵਿਸ਼ਨੂੰ, ਸ਼ਿਵ ਜੀ ਦਾ ਅਵਤਾਰ ਨਹੀਂ ਹਨ ਤੇ ਉਨ੍ਹਾਂ ਦੇ ਬਾਰੇ ਮੈਂ ਕੁਝ ਭੀ ਦੱਸ ਨਹੀਂ ਸਕਦਾ, ਜੇ ਮੈਂ ਦੱਸਾਂ ਤਾਂ ਪੂਰੀ ਤਰ੍ਹਾਂ ਬਿਆਨ ਨਹੀਂ ਕਰ ਸਕਦਾ ਪਰ ਜੋ ਉਨ੍ਹਾਂ ਬਾਰੇ ਸੰਸਾਰ ਦਾ ਖਿਆਲ ਹੈ ਜਿਨ੍ਹਾਂ ਨੇ ਪ੍ਰਤਿਆਇਆ ਹੈ ਉਹ ਏਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਜਾਹਰ ਪੀਰ ਜਗਤ ਗੁਰ ਬਾਬਾ -2, 2.***
***ਜਾਹਰ ਪੀਰ ਜਗਤ ਗੁਰ ਬਾਬਾ -2, 2.***

ਕਹਿਣ ਲੱਗੇ ਕਿ ਉਹ ਤਾਂ ਕਿਤੇ ਲੁਕੇ ਛਿਪੇ ਨਹੀਂ ਹਨ, ਸਾਰੇ ਸੰਸਾਰ ਦੇ ਉਤੇ ਜ਼ਾਹਰ ਨੇ ਤੇ ਇਕ-ਦੋ-ਚਾਰ ਦੇ ਗੁਰੂ ਨਹੀਂ ਹਨ, ਸਾਰੇ ਸੰਸਾਰ ਦੇ ਗੁਰੂ ਨੇ -

***ਸਤਿਗੁਰ ਸਚਾ ਪਾਤਿਸਾਹੁ ਬੇਪਰਵਾਹੁ ਅਥਾਹੁ ਸਹਾਬਾ।।***
***ਨਾਉ ਗਰੀਬ ਨਿਵਾਜੁ ਹੈ ਬੇਮੁਹਤਾਜ ਨ ਮੋਹੁ ਮੁਹਾਬਾ॥***
***ਭਾਈ ਗੁਰਦਾਸ ਜੀ, ਵਾਰ 24/3***

ਕਹਿਣ ਲੱਗੇ, "ਗਰੀਬ-ਨਿਵਾਜ਼ ਨੇ ਉਹ, ਸਾਰੀ ਦੁਨੀਆਂ ਉਨ੍ਹਾਂ ਨੂੰ ਗਰੀਬ-ਨਿਵਾਜ਼ ਕਹਿੰਦੀ ਹੈ। ਕਿਸੇ ਤੋਂ ਕੋਈ ਖੁਸ਼ਾਮਦ ਨਹੀਂ ਕਰਾਉਂਦੇ, ਕਿਸੇ ਤੋਂ ਕੋਈ ਚੀਜ਼ ਨਹੀਂ ਲੈਂਦੇ, ਨਾ ਕਿਸੇ ਮੋਹ ਦੇ ਵਿਚ ਫਸਦੇ ਹਨ।"

***ਬੇਸੁਮਾਰ ਨਿਰੰਕਾਰੁ ਹੈ ਅਲਖ ਅਪਾਰੁ ਅਲਾਹ ਸਿਵਾਬਾ॥***
***ਭਾਈ ਗੁਰਦਾਸ ਜੀ, ਵਾਰ 24/3***

"ਉਹ ਬੇਸ਼ੁਮਾਰ ਹੈ ਜਿਨ੍ਹਾਂ ਦੀ ਕੋਈ ਗਿਣਤੀ ਮਿਣਤੀ ਨਹੀਂ ਕੀਤੀ ਜਾ ਸਕਦੀ, ਉਹ ਆਪ ਨਿਰੰਕਾਰ ਦਾ ਰੂਪ ਨੇ, ਅਲੱਖ ਅਤੇ, ਅਪਾਰ ਹਨ ਤੇ ਪ੍ਰਮੇਸ਼ਰ ਨੂੰ ਪੂਰੀ ਤਰ੍ਹਾਂ ਦੇ ਨਾਲ ਸਿਆਣਦੇ ਹਨ।"

***ਕਾਇਮੁ ਦਾਇਮੁ ਸਾਹਿਬੀ ਹਾਜਰੁ ਨਾਜਰੁ ਵੇਦ ਕਿਤਾਬਾ॥***
***ਭਾਈ ਗੁਰਦਾਸ ਜੀ, ਵਾਰ 24/3***

"ਉਨ੍ਹਾਂ ਦੀ ਜੋ ਹਕੂਮਤ ਹੈ ਉਹ ਇਥੇ ਵੀ ਤੇ ਅਰਸ਼ਾਂ ਤੇ ਵੀ ਚੱਲ ਰਹੀ ਹੈ।"

***ਅਗਮੁ ਅਡੋਲੁ ਅਤੋਲੁ ਹੈ ਤੋਲਣਹਾਰੁ ਨ ਡੰਡੀ ਛਾਬਾ॥***
***ਇਕੁ ਛਤਿ ਰਾਜੁ ਕਮਾਂਵਦਾ ਦੁਸਮਣੁ ਦੂਤੁ ਨ ਸੋਰ ਸਰਾਬਾ॥***
***ਭਾਈ ਗੁਰਦਾਸ ਜੀ, ਵਾਰ 24/3***

"ਇਕ ਰਸ ਸਾਰੀ ਸ੍ਰਿਸ਼ਟੀ ਦਾ, ਅਰਸ਼ ਦਾ, ਕੁਰਸ਼ ਦਾ ਰਾਜ ਕਮਾਉਂਦੇ ਨੇ ਉਹ। ਇਸ ਰਾਜ ਦੇ ਅੰਦਰ ਨਾ ਕੋਈ ਇਕ ਦੂਜੇ ਨਾਲ ਦੁਸ਼ਮਣੀ ਕਰਦਾ ਹੈ, ਨਾ ਕੋਈ ਸ਼ੋਰ ਸ਼ਰਾਬਾ ਹੈ। ਸਾਰੇ ਹੀ ***'ਬੇਗਮਪੁਰਾ ਸ਼ਹਿਰ ਕੋ ਨਾਉ'*** ਦੇ ਵਾਸੀ ਨੇ।

***ਆਦਲੁ ਅਦਲੁ ਚਲਾਇਦਾ ਜਾਲਮੁ ਜੁਲਮੁ ਨ ਜੋਰ ਜਰਾਬਾ॥***
***ਭਾਈ ਗੁਰਦਾਸ ਜੀ, ਵਾਰ 24/3***

ਤੇ ਇਨਸਾਫ ਪੂਰਾ ਤੁਲਦਾ ਹੈ। ਇਸ ਵਿਚ ਕੋਈ ਜ਼ਾਲਮ ਨਹੀਂ, ਕਿਸੇ ਦੇ ਉਤੇ ਜ਼ੁਲਮ ਨਹੀਂ ਚਲਦਾ, ਕੋਈ ਜ਼ੋਰ ਨਹੀਂ ਚਲਦਾ, ਕੋਈ ਦੁਖੀ ਨਹੀਂ ਹੈ।"

***ਜਾਹਰ ਪੀਰ ਜਗਤੁ ਗੁਰੁ ਬਾਬਾ॥***
***ਭਾਈ ਗੁਰਦਾਸ ਜੀ, ਵਾਰ 24/3***

ਭਾਈ ਜੋਧ ਜੀ ਕਹਿੰਦੇ, "ਪਹਿਲਾਂ ਵਰਣ ਅੱਡ ਸੀ ਨਾ ਸਾਰੇ; ਹਿੰਦੂ ਸੀ, ਖੱਤਰੀ ਸੀ, ਵੈਸ਼ ਸੀ, ਸ਼ੂਦਰ ਸੀ, ਇਕੱਠੇ ਬੈਠ ਨਹੀਂ ਸੀ ਸਕਦੇ ਇਕ ਥਾਂ ਤੇ। ਗੁਰੂ ਨਾਨਕ ਦੀ ਦਰਗਾਹ ਦੇ ਅੰਦਰ, ਇਨ੍ਹਾਂ ਦੇ ਦਰਬਾਰ ਦੇ ਅੰਦਰ ਸਾਰੇ ਇਕ ਲੰਗਰ 'ਚੋਂ ਪ੍ਰਸ਼ਾਦਾ ਛਕਦੇ ਨੇ ਤੇ ਸੰਗਤ ਵਿਚ ਮਿਲ ਕੇ ਪ੍ਰਮੇਸ਼ਰ ਦਾ ਭਜਨ ਕਰਦੇ ਨੇ।"

***ਚੰਦਨੁ ਵਾਸੁ ਵਣਾਸਪਤਿ ਅਵਲਿ ਦੋਮ ਨ ਸੇਮ ਖਰਾਬਾ॥***
***ਭਾਈ ਗੁਰਦਾਸ ਜੀ, ਵਾਰ 24/4***

ਉਥੇ ਕੋਈ ਅੱਵਲ, ਦੋਮ, ਤੇਮ (ਇਕ, ਦੋ, ਤਿੰਨ) ਨਹੀਂ ਹਨ, ਅੱਡ-ਅੱਡ ਪੰਗਤਾਂ ਨਹੀਂ ਲਗਦੀਆਂ, ਸਾਰੇ ਇਕੋ ਹੀ ਨੇ ਤੇ ਜਿਵੇਂ ਚੰਦਨ ਦੀ ਵਾਸ ਸਾਰੀ ਬਨਸਪਤੀ ਨੂੰ ਚੰਦਨ ਬਣਾ ਦਿੰਦੀ ਹੈ, ਐਉਂ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਤੇ ਉਨ੍ਹਾਂ ਦੇ ਬਚਨ ਸਭ ਨੂੰ ਚੰਦਨ ਬਣਾ ਦਿੰਦੇ ਨੇ।

***ਹੁਕਮੈ ਅੰਦਰਿ ਸਭ ਕੋ ਕੁਦਰਤਿ ਕਿਸ ਦੀ ਕਰੈ ਜਵਾਬਾ॥***
***ਭਾਈ ਗੁਰਦਾਸ ਜੀ, ਵਾਰ 24/4***

ਨਾ ਦੇਵਤਿਆਂ ਦੀ ਤਾਕਤ ਹੈ, ਨਾ ਕਿਸੇ ਹੋਰ ਦੀ ਤਾਕਤ ਹੈ ਕਿ ਉਨ੍ਹਾਂ ਨੂੰ ਜਵਾਬ ਦੇ ਦੇਵੇ, ਸਾਰੇ ਉਨ੍ਹਾਂ ਦੇ ਹੁਕਮ ਵਿਚ ਚਲਦੇ ਨੇ।"

***ਜਾਹਰ ਪੀਰੁ ਜਗਤੁ ਗੁਰ ਬਾਬਾ॥***
***ਭਾਈ ਗੁਰਦਾਸ ਜੀ, ਵਾਰ 24/4***

ਸੋ ਇਸ ਤਰ੍ਹਾਂ ਦੇ ਨਾਲ ਆਪ ਨੇ ਸਾਰੀ ਗੱਲ ਸਮਝਾਈ ਕਿ ਉਥੇ ਸੰਗਤ ਆਉਂਦੀ ਹੈ, ਲੰਗਰ ਚਲਦੇ ਨੇ, ਹਰ ਵਕਤ ਸ਼ਬਦ ਦਾ ਲੰਗਰ ਚਲਦਾ ਹੈ, ਬੰਦਗੀ ਹੁੰਦੀ ਹੈ -

***ਨਿਹਚਲ ਨੀਉ ਧਰਾਈਓਨੁ ਸਾਧ ਸੰਗਤਿ ਸਚਖੰਡ ਸਮੇਉ॥***
***ਭਾਈ ਗੁਰਦਾਸ ਜੀ, ਵਾਰ 24/2***

ਨਿਹਚੇ ਕਰਕੇ ਸੁਣੋ ਕਿ ਉਥੇ ਬਿਲਕੁਲ ਸਚਖੰਡ ਲਗਦਾ ਹੈ।

***ਗੁਰਮੁਖਿ ਪੰਥ ਚਲਾਇਓਨੁ ਸੁਖ ਸਾਗਰੁ ਬੇਅੰਤੁ ਅਮੇਉ॥***
***ਭਾਈ ਗੁਰਦਾਸ ਜੀ, ਵਾਰ 24/2***

ਅਮਾਪ, ਨਾ ਮਾਪਿਆ ਜਾਣ ਵਾਲਾ ਪੰਥ ਉਨ੍ਹਾਂ ਨੇ ਗੁਰਮੁਖਾਂ ਦਾ ਚਲਾਇਆ ਹੈ।

***ਸਚਿ ਸਬਦਿ ਆਰਾਧੀਐ ਅਗਮ ਅਗੋਚਰੁ ਅਲਖ ਅਭੇਉ॥***
***ਭਾਈ ਗੁਰਦਾਸ ਜੀ, ਵਾਰ 24/2***

ਹਰ ਵਕਤ ਉਥੇ ਸੱਚੇ ਸ਼ਬਦ ਦੀ ਅਰਾਧਨਾ ਹੁੰਦੀ ਰਹਿੰਦੀ ਹੈ।

***ਚਹੁ ਵਰਨਾ ਉਪਦੇਸਦਾ ਛਿਅ ਦਰਸਨ ਸਭਿ ਸੇਵਕ ਸੇਉ।***
***ਭਾਈ ਗੁਰਦਾਸ ਜੀ, ਵਾਰ 24/2***

ਸਾਰੇ ਸੇਵਾ ਕਰਦੇ ਨੇ। ਛੇ ਦਰਸ਼ਨ - ਜੋ ਵੇਦਾਂਤ ਸਾਸ਼ਤ੍ਰ, ਪਾਤੰਜਲ ਨੂੰ ਮੰਨਣ ਵਾਲੇ, ਵਿਸ਼ੇਸ਼ਕ ਨੂੰ ਮੰਨਣ ਵਾਲੇ, ਸਾਂਖ ਨੂੰ ਮੰਨਣ ਵਾਲੇ, ਨਿਆਏ ਸਾਸ਼ਤਰ ਨੂੰ ਮੰਨਣ ਵਾਲੇ ਸਾਰੇ ਜਾ ਕੇ ਉਨ੍ਹਾਂ ਦੀ ਸੇਵਾ ਕਰਦੇ ਨੇ ਤੇ ਉਹ ਸਾਰਿਆਂ ਨੂੰ ਉਪਦੇਸ਼ ਦਿੰਦੇ ਨੇ।

***ਮਿਠਾ ਬੋਲਣੁ ਨਿਵ ਚਲਣੁ ਗੁਰਮੁਖਿ ਭਾਉ ਭਗਤਿ ਅਰਥੇਉ।***
***ਭਾਈ ਗੁਰਦਾਸ ਜੀ, ਵਾਰ 24/3***

ਦੋ ਗੱਲਾਂ ਕਹਿੰਦੇ ਨੇ ਕਿ ਪ੍ਰੇਮੀਓ! ਜੇ ਬੋਲ ਬੋਲਣਾ ਹੈ ਤਾਂ ਮਿੱਠਾ ਬੋਲੋ, ਮੂੰਹ ਫੱਟ ਕੁਹਾੜੇ ਵਾਲੀ ਗੱਲ ਨਾ ਕਰਿਓ, ਕੌੜਾ ਨਾ ਬੋਲਿਓ, ਫਿੱਕਾ ਨਾ ਬੋਲਿਓ -

***ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥***
***ਪੰਨਾ - 473***

"ਆਹ ਸੁਣਿਆ ਸੀ ਨਾ ਹੁਣੇ ਤੁਸੀਂ।"

ਭਾਈ ਲਹਿਣਾ ਜੀ ਕਹਿੰਦੇ, "ਹਾਂ! ਮੇਰੇ ਯਾਦ ਹੈ ਕਿ ਫਿੱਕਾ ਬੋਲਣ ਨੂੰ ਐਡਾ ਬੁਰਾ ਮੰਨਿਆ ਹੈ ਕਿ ਦਰਗਾਹ ਵਿਚੋਂ ਸੁੱਟ ਦਿੱਤਾ ਜਾਏਗਾ, ਚਾਹੇ ਕੁਝ ਵੀ ਕਰਿਆ ਹੋਇਆ ਹੋਵੇ ਉਸ ਨੇ। ਇਕ ਕੇਵਲ ਫਿੱਕਾ ਬੋਲਣ ਦੇ ਨਾਲ ਸੁੱਟਿਆ ਜਾਵੇਗਾ।"

ਤੇ ਉਥੇ ਮਿੱਠਾ ਬੋਲਦੇ ਨੇ। ਫੇਰ ਉਥੇ ਕੋਈ ਆਕੜ ਨਹੀਂ। ਚਾਹੇ ਕੋਈ ਬਾਦਸ਼ਾਹ ਆ ਜਾਵੇ, ਚਾਹੇ ਬਿਲਕੁਲ ਗਰੀਬ ਆ ਜਾਵੇ, ਦੋਵੇਂ ਇਕ ਦੂਜੇ ਦੇ ਅੱਗੇ ਨਿਵਦੇ ਨੇ, ਪਿਆਰ ਦੇ ਨਾਲ ਭਗਤੀ ਕਰਦੇ ਨੇ ਪਿਆਰ ਦੀ -

***ਆਦਿ ਪੁਰਖੁ ਆਦੇਸੁ ਹੈ ਅਬਿਨਾਸੀ ਅਤਿ ਅਛਲ ਅਛੇਉ॥***
***ਜਗਤੁ ਗੁਰੂ ਗੁਰੁ ਨਾਨਕ ਦੇਉ॥***
***ਭਾਈ ਗੁਰਦਾਸ ਜੀ, ਵਾਰ 24/2***

ਤੇ ਉਹ ਤਾਂ ਸਾਰੇ ਸੰਸਾਰ ਦੇ ਗੁਰੂ ਨੇ।

***ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ***
***ਫਿਰਿ ਲੇਖਾ ਮੂਲਿ ਨ ਲਇਆ॥ ਪੰਨਾ - 612***

ਜਿੰਨੇ ਵੀ ਨਿਰੰਕਾਰ ਦੀ ਭਗਤੀ ਦੇ ਭੰਡਾਰ ਨੇ, ਉਹ ਸਾਰੇ ਗੁਰੂ ਮਹਾਰਾਜ ਨੂੰ ਸੌਂਪ ਦਿਤੇ ਨੇ ਤੇ ਫੇਰ ਲੇਖਾ ਨਹੀਂ ਲਿਆ। ਉਹ ਸੰਸਾਰ ਵਿਚ ਇਹ ਭੰਡਾਰੇ ਵਰਤਾ ਰਹੇ ਹਨ।

ਕਹਿਣ ਲੱਗੇ, "ਉਨ੍ਹਾਂ ਦੇ ਬਚਪਨ ਵਿਚੋਂ ਵੀ ਜੇ ਮੈਂ ਕੋਈ ਬਚਨ ਸੁਣਾਵਾਂ ਤਾਂ ਹੈ ਸਮਾਂ ਤੁਹਾਡੇ ਕੋਲ?"

ਭਾਈ ਲਹਿਣਾ ਜੀ ਕਹਿਣ ਲੱਗੇ, "ਹਾਂ, ਜਿਉਂ-ਜਿਉਂ ਤੁਸੀਂ ਸੁਣਾਉਂਦੇ ਹੋ - ਗੁਰੂ ਨਾਨਕ ਪਾਤਸ਼ਾਹ ਦੇ ਬਾਰੇ, ਭਾਵੇਂ ਮੈਂ ਦਰਸ਼ਨ ਨਹੀਂ ਕਰੇ ਪਰ ਮੈਨੂੰ ਐਉਂ ਲੱਗਣ ਲੱਗ ਗਿਆ ਜਿਵੇਂ ਮੇਰਾ ਤੇ ਉਨ੍ਹਾਂ ਦਾ ਸਬੰਧ ਕੋਈ ਪਿਛਲਾ ਹੀ ਹੈ ਤੇ ਮੇਰੇ ਅੰਦਰ ਖਿੱਚ ਪੈਣੀ ਸ਼ੁਰੂ ਹੋ ਗਈ ਉਨ੍ਹਾਂ ਦੇ ਬਚਨ ਸੁਣ ਕੇ।"

"ਭਾਈ ਜੋਧ ਜੀ ਕਹਿਣ ਲੱਗੇ, " ਜਦੋਂ ਗੁਰੂ ਨਾਨਕ ਸਾਹਿਬ ਦਾ ਜਨਮ ਹੋਇਆ ਸੀ, ਉਸ ਵੇਲੇ ਉਨ੍ਹਾਂ ਨੇ ਆਪਣੀ ਸ਼ਕਤੀ ਮਾਤਾ ਜੀ ਨੂੰ ਦਿਖਾ ਦਿਤੀ ਸੀ। ਪਹਿਲਾਂ ਦਾਈ ਨੂੰ ਦਿਖਾਈ, ਦਾਈ ਹੈਰਾਨ ਹੋ ਗਈ ਕਿ ਅਨਹਦ ਧੁਨੀਆਂ ਵੱਜ ਰਹੀਆਂ ਨੇ, ਪ੍ਰਕਾਸ਼ ਹੀ ਪ੍ਰਕਾਸ਼ ਹੋ ਗਿਆ। ਉਹ ਵੀ ਵਿਸਮਾਦਕ ਅਵਸਥਾ ਵਿਚ ਆ ਗਈ ਕਿ ਇਹੋ ਜਿਹਾ ਬਾਲਕ ਅਜ ਤੱਕ ਨਹੀਂ ਦੇਖਿਆ ਕਿ ਐਨਾ ਪ੍ਰਕਾਸ਼, ਐਨੀਆਂ ਪ੍ਰਕਾਸ਼ ਵਾਲੀਆਂ ਰੂਹਾਂ। ਉਹ ਜਦੋਂ ਦਸਦੀ ਸੀ ਤਾਂ ਸਾਰੇ ਆਮ ਗੱਲ ਵਾਂਗ ਸੁਣਦੇ ਸਨ। ਗੱਲ ਕੋਈ ਸਮਝਦਾ ਨਹੀਂ ਸੀ ਕਿਉਂਕਿ ਸਾਰਿਆਂ ਤੇ ਮਾਇਆ ਪਈ ਹੋਈ ਸੀ।

ਜਦੋਂ ਆਪ ਦਾ ਜਨਮ ਹੋਇਆ ਉਸ ਸਮੇਂ ਮਾਤਾ ਜੀ ਥੋੜ੍ਹੀ ਦੇਰ ਬਾਅਦ ਨੀਂਦ ਵਿਚ ਚਲੇ ਗਏ। ਅੰਦਰ ਜਾਗੋਮੀਟੀ ਵਿਚ ਦੇਖਿਆ ਕਿ ਗੁਰੂ ਨਾਨਕ ਪਾਤਸ਼ਾਹ ਦੇ ਦੁਆਲੇ ਤਾਂ ਆਰਤੀ ਉਤਾਰੀ ਜਾ ਰਹੀ ਹੈ, ਵੱਡੇ ਦੇਵਤਾ ਆਏ ਹੋਏ ਨੇ ਆਰਤੀ ਉਤਾਰਨ ਵਾਸਤੇ ਤੇ ਕੇਸਰ ਦਾ ਛਿੜਕਾਅ ਹੋ ਰਿਹਾ ਹੈ, ਫੁੱਲਾਂ ਦੇ ਨਾਲ ਪੂਜਾ ਕੀਤੀ ਜਾ ਰਹੀ ਹੈ। ਮਾਤਾ ਜੀ ਨੂੰ ਜਾਗ ਆ ਗਈ ਤੇ ਉਠ ਕੇ ਦੇਖਦੇ ਨੇ ਕਿ ਇਹ ਕੀ ਗੱਲ! ਐਨਾ ਪ੍ਰਕਾਸ਼ ਤੇ ਐਨੀਆਂ ਰੂਹਾਂ? ਇਕ ਦਮ ਮਹਾਰਾਜ ਜੀ ਨੇ ਮਾਇਆ ਪਾ ਦਿਤੀ। ਉਹ ਸਾਰਾ ਦ੍ਰਿਸ਼ ਅਲੋਪ ਹੋ ਗਿਆ ਤੇ ਇਸ ਸਭ ਕਾਸੇ ਨੂੰ ਮਾਤਾ ਨੇ ਨੀਂਦ ਵਿਚ ਆਇਆ ਸੁਪਨਾ ਹੀ ਸਮਝ ਲਿਆ ਤੇ ਆਪ ਨੇ ਉਦੋਂ ਹੀ ਦੁਧ ਮੰਗ ਲਿਆ, ਰੋਣ ਲੱਗ ਗਏ। ਉਸ ਵੇਲੇ ਮਾਤਾ ਨੇ ਸਮਝਿਆ ਕਿ ਇਹ ਦ੍ਰਿਸ਼ ਮੇਰੇ ਮਨ ਦਾ ਕੋਈ ਵਹਿਮ ਹੀ ਸੀ। ਕਿਉਂਕਿ ਸਾਰੇ ਮਹਾਂਪੁਰਸ਼ਾਂ ਨੇ ਆਪਣੇ ਆਪ ਦੇ ਬਾਰੇ ਪਹਿਲਾਂ ਹੀ ਦੱਸ ਦਿਤਾ ਸੀ। ਮਹਾਂਪੁਰਸ਼ ਆਪਣੀ ਮਾਤਾ ਨੂੰ ਜ਼ਰੂਰ ਦਸਦੇ ਨੇ।

ਸ੍ਰੀ ਰਾਮ ਚੰਦਰ ਜੀ ਨੇ ਆਪਣੀ ਮਾਤਾ ਕੁਸ਼ਲਿਆ ਨੂੰ ਸਭ ਰੂਹਾਨੀ ਗੁਪਤ ਭੇਦ ਪ੍ਰਗਟ ਕਰ ਦਿਤੇ ਸਨ। ਕ੍ਰਿਸ਼ਨ ਮਹਾਰਾਜ ਜੀ ਜਦੋਂ ਮਿੱਟੀ ਖਾਂਦੇ ਸੀ ਤਾਂ ਮਾਤਾ ਨੇ ਆ ਕੇ ਕਿਹਾ ਕਿ ਤੂੰ ਮਿੱਟੀ ਖਾਧੀ ਹੈ? ਆਪ ਨੇ ਸਿਰ ਹਿਲਾ ਦਿਤਾ ਕਿ ਨਹੀਂ। ਉਨ੍ਹਾਂ ਨੇ ਕਿਹਾ ਗਪੌੜੂ ਨਾ ਹੋਵੇ। ਉਸ ਦਿਨ ਦਾ 'ਗਪੌੜੂ' ਨਾ ਪਿਆ ਹੋਇਆ ਹੈ। ਮੂੰਹ ਅੱਡ; ਜਦੋਂ ਮੂੰਹ ਅੱਡਿਆ ਤਾਂ ਮਾਤਾ ਕੀ ਦੇਖਦੀ ਹੈ ਕਿ ਮੂੰਹ ਵਿਚ ਤਾਂ ਫੇਰ ਸਾਰੀ ਤ੍ਰਿਲੋਕੀ ਨਜ਼ਰ ਆ ਰਹੀ ਹੈ, ਨਾਲ ਦੀ ਨਾਲ ਮਾਇਆ ਪਾ ਦਿਤੀ। ਦਿਖਾਉਂਦੇ ਨੇ ਮਹਾਂਪੁਰਸ਼ ਸ਼ਕਤੀ ਪਰ ਮਾਇਆ ਪੈ ਜਾਂਦੀ ਹੈ ਉਸੇ ਵੇਲੇ। ਪਰ ਜਦੋਂ ਗੁਰੂ ਨਾਨਕ ਪਾਤਸ਼ਾਹ ਨੇ ਸ਼ਕਤੀ ਦਿਖਾਈ, ਦੁੱਧ ਮੰਗ ਲਿਆ, ਨਾਲ ਦੀ ਨਾਲ ਮਾਇਆ ਪੈ ਗਈ ਮਾਤਾ ਤੇ। ਸੋ ਭਾਈ ਜੋਧ ਜੀ ਕਹਿਣ ਲੱਗੇ ਐਸੇ ਸਮਰੱਥ ਨੇ। ਬਾਲਪਣ ਦੀਆਂ ਹੀ ਜੇ ਗੱਲਾਂ ਦੱਸੀਏ ਤੁਹਾਨੂੰ-

ਇਕ ਦਿਨ ਆਪ ਬਾਹਰ ਜਾ ਕੇ ਸੌਂ ਜਾਂਦੇ ਨੇ; ਸੌਂਦੇ ਕਾਹਨੂੰ ਸੀ? ਮਹਾਂਪੁਰਖ ਕਦੇ ਸੌਂਇਆ ਨਹੀਂ ਕਰਦੇ ਸਾਧ ਸੰਗਤ ਜੀ! ਸੰਸਾਰ ਸੌਂਦਾ ਹੈ। ਉਨ੍ਹਾਂ ਨੂੰ ਸਦਾ ਦੀ ਜਾਗ੍ਰਤ ਪ੍ਰਾਪਤ ਹੁੰਦੀ ਹੈ। ਸੰਸਾਰ ਤਾਂ ਨੀਂਦ ਸੌਂਦਾ ਹੈ। ਇਕ ਇਹ ਸਰੀਰ ਦੀ ਨੀਂਦ ਸੌਂਦਾ ਹੈ, ਇਕ ਇਸ ਦੇ ਉਤੇ ਅਗਿਆਨ ਦੀ ਨੀਂਦ ਚੜ੍ਹੀ ਹੋਈ ਹੈ -

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥***
***ਪੰਨਾ - 920***

ਰਜੋ ਗੁਣ, ਤਮੋ ਗੁਣ, ਸਤੋ ਗੁਣ ਦੀਆਂ ਲਹਿਰਾਂ ਦੇ ਵਿਚ ਇਹ ਆਪਣੇ ਦੇਖਦਾ ਹੈ, ਪਰਾਏ ਦੇਖਦਾ ਹੈ, ਮਿੱਤਰ ਦੇਖਦਾ ਹੈ, ਦੁਸ਼ਮਣ ਦੇਖਦਾ ਹੈ, ਘਾਟੇ ਦੇਖਦਾ ਹੈ, ਵਾਧੇ ਦੇਖਦਾ ਹੈ ਤੇ ਇਸ ਦੇ ਵਿਚ ਸੁੱਤਾ ਪਿਆ ਹੈ। ਇਕ ਤਾਂ ਨੀਂਦ ਹੁੰਦੀ ਹੈ ਸਰੀਰ ਦੀ, ਦੂਜੀ ਨੀਂਦ ਅਗਿਆਨ ਦੀ ਹੁੰਦੀ ਹੈ। ਮਹਾਂਪੁਰਖਾਂ ਵਿਚ ਨਹੀਂ ਹੁੰਦੀ, ਨੀਂਦ ਤੋਂ ਖਾਲੀ ਹੀ ਹੁੰਦੇ ਨੇ।

ਆਪ ਦਰਖਤ ਦੇ ਥੱਲੇ ਮੈਦਾਨ ਵਿਚ ਪਏ ਨੇ ਤੇ ਦਿਨ ਚੜ੍ਹਦਾ ਗਿਆ। ਕਿਸ ਅਵਸਥਾ ਵਿਚ ਪਏ ਨੇ -

***ਅਨਹਤ ਸੁੰਨਿ ਰਤੇ ਸੇ ਕੈਸੇ॥***
***ਜਿਸ ਤੇ ਉਪਜੇ ਤਿਸ ਹੀ ਜੈਸੇ॥ ਪੰਨਾ - 943***

ਮਹਾਤਮਾ ਵੀ ਜੇ ਅਨਹਦ ਅਫੁਰ ਸੁੰਨ ਅਵਸਥਾ ਵਿਚ ਪਹੁੰਚ ਜਾਣ, ਕੋਈ ਫੁਰਨਾ ਨਾ ਕਰਨ ਕਰਕੇ ਸਰੀਰ ਹਰਕਤ ਨਹੀਂ ਕਰਿਆ ਕਰਦਾ। ਉਸੇ ਵੇਲੇ ਇਕ ਚਿੱਟਾ ਸੱਪ ਆਇਆ, ਆ ਕੇ ਉਸ ਨੇ ਫਣ ਖਲਾਰਿਆ ਤੇ ਮਹਾਰਾਜ ਜੀ ਦੇ ਮੁਖ ਤੇ ਛਾਂ ਕਰ ਦਿਤੀ। ਰਾਏ ਬੁਲਾਰ ਨੇ ਆ ਕੇ ਦੇਖਿਆ, ਕਹਿਣ ਲੱਗੇ, "ਹੈਰਾਨੀ ਦੀ ਗੱਲ ਹੈ, ਇਹ ਬੱਚਾ ਹੈ ਜਾਂ ਕੀ ਹੈ ਇਹ?"

ਸੱਪ ਨੇ ਡੰਗ ਨਹੀਂ ਮਾਰਿਆ ਸਗੋਂ ਧੁੱਪ ਨੂੰ ਆਪਣੇ ਉਤੇ ਰੋਕੀ ਬੈਠਾ ਹੈ ਤੇ ਪਰਛਾਵਾਂ ਮੁਖ ਦੇ ਉਤੇ ਪੈ ਰਿਹਾ ਹੈ ਤੇ ਲਾਲ ਚਿਹਰਾ ਦਗ-ਦਗ ਕਰਦਾ ਹੈ।

ਸਵਾਰ ਭੇਜਿਆ ਕਿ ਜਾ ਕੇ ਦੇਖ, ਜੀਵਤ ਹੈ? ਜਦੋਂ ਸਵਾਰ ਗਿਆ ਤਾਂ ਸੱਪ ਹੌਲੀ-ਹੌਲੀ ਲਾਂਭੇ ਹੋ ਗਿਆ ਤੇ ਛਾਂਈ-ਮਾਈਂ ਹੋ ਗਿਆ।

ਕਹਿਣ ਲੱਗਿਆ, "ਮਹਾਰਾਜ! ਠੀਕ ਨੇ ਨਾਨਕ ਜੀ! ਮੇਰੀ

ਵੀ ਸਮਝ 'ਚ ਨਹੀਂ ਆਉਂਦਾ ਕਿ ਕੀ ਹੈ।"

ਰਾਏ ਬੁਲਾਰ ਕਹਿੰਦੇ, "ਮੈਂ ਸਮਝ ਗਿਆ।"

ਪਹਿਲਾ ਸਿੱਖ ਰਾਏ ਬੁਲਾਰ ਹੋਇਆ ਹੈ; ਉਸ ਤੋਂ ਪਹਿਲਾਂ ਬੇਬੇ ਨਾਨਕੀ, ਫੇਰ ਰਾਏ ਬੁਲਾਰ ਸਨ। ਬੇਬੇ ਨਾਨਕੀ ਨੇ ਗੁਰੂ ਨਾਨਕ ਪਾਤਿਸ਼ਾਹ ਨੂੰ ਪੂਰੀ ਤਰ੍ਹਾਂ ਸਮਝਿਆ। ਕਹਿਣ ਲੱਗੇ ਕਿ ਇਕ ਦਿਨ ਦਰਖਤ ਦੇ ਥੱਲੇ ਪਏ ਨੇ। ਸਾਰੇ ਦਰਖਤਾਂ ਦੇ ਪ੍ਰਛਾਵੇਂ ਬਦਲ ਗਏ, ਪੂਰਬ ਨੂੰ ਹੋ ਗਏ ਪਰ ਇਕ ਦਰਖਤ ਜਿਸ ਦੇ ਥੱਲੇ ਪਏ ਨੇ ਉਹ ਪਰਛਾਵਾਂ ਉਵੇਂ-ਜਿਵੇਂ ਧੁੱਪ ਰੋਕੀ ਖੜ੍ਹਾ ਹੈ। ਉਸ ਦਿਨ ਵੀ ਰਾਇ ਬੁਲਾਰ ਆ ਗਿਆ। ਸੋ ਇਸ ਤੋਂ ਬਾਅਦ ਗੁਰੂ ਨਾਨਕ ਪਾਤਸ਼ਾਹ ਪਸ਼ੂ ਚਾਰਨ ਜਾਂਦੇ ਨੇ। ਪਿਤਾ ਨੇ ਕਿਹਾ ਕਿ ਜੇ ਤੂੰ ਹੋਰ ਕੰਮ ਨਹੀਂ ਕਰਨਾ ਤਾਂ ਪਸ਼ੂ ਹੀ ਚਾਰ ਲੈ ਪਰ ਆਪ ਆਪਣੀ ਧੁਨ ਵਿਚ ਬੈਠੇ ਨੇ। ਪਸ਼ੂ ਗਏ, ਖੁੱਲ੍ਹੇ ਖੇਤ ਖਾਂਦੇ ਫਿਰ ਰਹੇ ਨੇ। ਇਕ ਕਿਸਾਨ ਦਾ ਖੇਤ ਖਾ ਲਿਆ। ਕਿਸਾਨ ਆਇਆ, ਝਗੜਾ ਕਰਦਾ ਹੈ, ਮੱਝਾਂ ਨੂੰ ਕੁੱਟ-ਕੁੱਟ ਕੇ ਬਾਹਰ ਕੱਢਦਾ ਹੈ, ਬੜਾ ਕ੍ਰੋਧਿਤ ਹੋਇਆ, ਰਾਏ ਦੇ ਪਾਸ ਆ ਕੇ ਸ਼ਿਕਾਇਤ ਲਾਉਂਦਾ ਹੈ। ਗੁਰੂ ਨਾਨਕ ਪਾਤਿਸ਼ਾਹ ਦੀ ਪਹਿਲੀ ਪੇਸ਼ੀ ਹੁੰਦੀ ਹੈ।

ਰਾਏ ਕਹਿਣ ਲੱਗੇ, "ਨਾਨਕ ਜੀ! ਤੁਸੀਂ ਪਸ਼ੂਆਂ ਤੋਂ ਇਨ੍ਹਾਂ ਦੇ ਖੇਤ ਖਲਾ ਦਿੱਤੇ?"

ਮਹਾਰਾਜ ਜੀ ਕਹਿੰਦੇ, "ਖੇਤ ਪ੍ਰਮੇਸ਼ਰ ਦੇ ਨੇ, ਖਾਇਆਂ ਮੁਕਿਆ ਨਹੀਂ ਕਰਦੇ ਸਗੋਂ ਵਧਿਆ ਕਰਦੇ ਨੇ। ਜਾ ਕੇ ਦੇਖ ਲਓ।"

ਜਦੋਂ ਜਾ ਕੇ ਦੇਖਿਆ, ਹੈਰਾਨ ਹੋ ਗਿਆ ਉਹ ਵੀ। ਕਹਿਣ ਲੱਗਿਆ ਕਿ ਇਹ ਤਾਂ ਸਭ ਖਾਧੇ ਹੋਏ ਸਨ, ਇਹ ਕੀ ਹੋ ਗਿਆ ਇਹ ਤਾਂ ਪਹਿਲਾਂ ਨਾਲੋਂ ਵੀ ਦੂਣੇ ਨਿਕਲੇ ਹੋਏ ਨੇ। ਸੋ ਕਹਿਣ ਲੱਗੇ ਇਹੋ-ਜਿਹੀਆਂ ਅਜੀਬ ਬਾਤਾਂ ਗੁਰੂ ਨਾਨਕ ਪਾਤਿਸ਼ਾਹ ਦੀਆਂ, ਜਦੋਂ ਤੋਂ ਸੰਗਤ ਕਰਨ ਲੱਗੇ ਹਾਂ, ਉਸ ਵੇਲੇ ਤੋਂ ਆਮ ਗੁਰਸਿੱਖਾਂ ਵਿਚ ਚਲਦੀਆਂ ਰਹਿੰਦੀਆਂ ਹਨ ਤੇ ਇਨ੍ਹਾਂ ਨਾਲ ਸ਼ਰਧਾ ਵੀ ਵਧਦੀ ਹੈ।

***ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥***

***ਪੰਨਾ - 951***

ਸ੍ਰੀ ਰਾਮ ਚੰਦਰ ਜੀ ਵਸਿਸ਼ਟ ਜੀ ਤੋਂ 64 ਦਿਨ ਬ੍ਰਹਮ ਵਿਦਿਆ ਪੜ੍ਹਦੇ ਰਹੇ। ਅੱਠ ਦਿਨ ਆਪ ਨੇ ਵਿਸ਼ਵਾਮਿੱਤਰ ਤੋਂ ਸ਼ਸਤਰ ਵਿਦਿਆ ਦਾ ਅਭਿਆਸ ਕੀਤਾ ਤੇ ਕ੍ਰਿਸ਼ਨ ਮਹਾਰਾਜ ਜੀ ਨੇ ਅੱਠ ਦਿਨ ਦੇ ਵਿਚ ਬ੍ਰਹਮ ਗਿਆਨ ਦੀ ਵਿਦਿਆ ਲਈ ਦੁਰਵਾਸ਼ਾ ਜੀ ਤੋਂ, ਤੇ 64 ਦਿਨਾਂ ਵਿਚ ਰਿਸ਼ੀ ਸੰਦੀਪਨ ਤੋਂ ਆਪ ਨੇ ਸ਼ਸ਼ਤਰ ਵਿਦਿਆ ਧਾਰਨ ਕੀਤੀ।

ਗੁਰੂ ਨਾਨਕ ਪਾਤਸ਼ਾਹ ਜੀ ਸਕੂਲ ਵਿਚ ਭੇਜੇ ਨੇ ਤਾਂ ਆਪ ਨੇ ਸਕੂਲ ਵਾਲੇ ਆਪਣੇ ਅਧਿਆਪਕ ਨੂੰ ਹੀ ਪੜ੍ਹਾ ਦਿਤਾ, ਮਦਰਸੇ ਦੇ ਅੰਦਰ ਭੇਜੇ ਤਾਂ ਮੁੱਲਾਂ ਨੂੰ ਪੜ੍ਹਾ ਦਿਤਾ, ਸੰਸਕ੍ਰਿਤ ਪੜਨ ਭੇਜੇ ਤਾਂ ਪੰਡਤ ਬ੍ਰਿਜਨਾਥ ਨੂੰ ਪੜ੍ਹਾ ਦਿਤਾ ਤੇ ਬਿਨਾਂ ਪੜ੍ਹੇ ਹੀ ਉਹ ਪੜ੍ਹੇ ਹੋਏ ਨੇ। ਉਹ ਤਾਂ ਦੂਜਿਆਂ ਨੂੰ ਪੜ੍ਹਾਉਣ ਵਾਲੇ ਨੇ। ਇਹ ਸੰਸਾਰ ਕਹਿੰਦਾ ਹੈ ਕਿ ਗੁਰੂ ਸਾਹਿਬ ਪੜ੍ਹਨ ਨਹੀਂ ਗਏ। ਅੱਜ ਦੇ ਪ੍ਰੋਫੈਸਰ ਕਹਿੰਦੇ ਨੇ, ਨਹੀਂ! ਜ਼ਰੂਰ ਪੜ੍ਹੇ ਹੋਣਗੇ। ਆਪਣੇ ਨਾਲ ਗੁਰੂ ਸਾਹਿਬ ਨੂੰ ਮੇਲਦੇ ਨੇ, ਉਨ੍ਹਾਂ ਨੂੰ ਇਕ ਸਾਧਾਰਣ ਮਨੁੱਖ ਹੀ ਜਾਣਦੇ ਨੇ। ਜਦੋਂ ਕਿਸੇ ਮਹਾਂਪੁਰਖ ਨੂੰ ਮਨੁੱਖ ਕਰਕੇ ਜਾਣ ਲਿਆ ਤਾਂ ਅਸੀਂ ਆਪਣੀ ਬੁੱਧੀ ਦੇ ਨਾਲ ਆਪਣੇ ਆਪ ਨਾਲ ਹੀ ਮੇਚਾਂਗੇ। ਆਪਾਂ ਕਹਾਂਗੇ ਅਸੀਂ ਤਾਂ Ph.D. ਕਰੀ ਹੋਈ ਹੈ, ਗੁਰੂ ਸਾਹਿਬ ਨੇ ਤਾਂ ਪਹਿਲੀ-ਦੂਜੀ ਜਾਂ ਦਸ ਜਮਾਤਾਂ ਪੜ੍ਹੀਆਂ ਹੋਣਗੀਆਂ, ਉਸ ਵੇਲੇ ਕਿਹੜਾ Ph.D. ਕਰਦਾ ਸੀ? ਆਪਣੇ-ਆਪ ਨੂੰ ਵੱਡਾ ਕਹਿੰਦੇ ਨੇ। ਪਰ ਗੁਰੂ ਸਾਹਿਬ ਕਹਿੰਦੇ, "ਨਾ ਪਿਆਰਿਓ! ਸੁਣੋ -

***ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥***

***ਪੰਨਾ - 140***

ਪੜ੍ਹਿਆ ਹੋਇਆ ਨਾ ਉਸ ਨੂੰ ਕਹੋ, ਉਹ ਤਾਂ ਮੂਰਖ ਹੁੰਦਾ ਹੈ ਜਿਸ ਵਿਚ ਅਜੇ ਲਬ-ਲੋਭ, ਅਹੰਕਾਰ, ਕਾਮ ਪਿਆ ਹੈ, ਕ੍ਰੋਧ ਪਿਆ ਹੈ, ਮੋਹ, ਈਰਖਾ, ਨਿੰਦਿਆ-ਚੁਗਲੀ, ਆਸਾ ਤ੍ਰਿਸ਼ਨਾ ਦੀਆਂ ਡੈਣਾਂ ਅੰਦਰ ਲਈ ਬੈਠਾ ਹੈ, ਉਸ ਨੂੰ ਪੜ੍ਹਿਆ ਹੋਇਆ ਕੌਣ ਕਹਿੰਦਾ ਹੈ, ਉਹ ਤਾਂ ਅਨਪੜ੍ਹ ਹੈ। ਪੜ੍ਹਿਆ ਹੋਇਆ ਤਾਂ ਉਹ ਹੈ -

***ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ॥***

***ਪੰਨਾ - 938***

ਜਿਹੜਾ ਹਰ ਵਕਤ ਪ੍ਰਭੂ ਨੂੰ ਯਾਦ ਰਖਦਾ ਹੈ, ਕਿਉਂਕਿ ਪੜ੍ਹ ਕੇ ਤਾਂ ਸੋਝੀ ਆਉਂਦੀ ਹੈ, ਪੜ੍ਹ ਕੇ ਹਨ੍ਹੇਰਾ ਨਹੀਂ ਮਨ ਵਿਚ ਪੈਂਦਾ ਪਰ ਜੋ ਸਾਡੀ ਵਿਦਿਆ ਹੈ, ਇਹ ਮਨ ਵਿਚ ਹਨ੍ਹੇਰਾ ਪਾਉਂਦੀ ਹੈ। ਇਹ ਸਾਨੂੰ ਸੱਚ ਦੀ ਪੜ੍ਹਾਈ ਵੱਲ ਨਹੀਂ ਜਾਣ ਦਿੰਦੀ, ਨਾ ਸਾਡੇ ਅੰਦਰ ਨਿਹਚਾ ਆਉਂਦਾ ਹੈ। ਇਸ ਕਰਕੇ ਇਹ ਵਿਦਿਆ ਕਿਸੇ ਕੰਮ ਨਹੀਂ ਹੈ, ਰੋਟੀ ਕਮਾਉਣ ਦੇ ਕੰਮ ਹੈ। ਰੋਟੀ ਪ੍ਰਮੇਸ਼ਰ ਦਿੰਦਾ ਹੈ, ਇਸ ਕਰਕੇ ਫਜ਼ੂਲ ਹੈ।

ਗੁਰੂ ਨਾਨਕ ਪਾਤਸ਼ਾਹ ਜੀ ਨੂੰ ਜਦੋਂ ਪਿਤਾ ਜੀ ਪੜ੍ਹਨ ਵਾਸਤੇ ਲੈ ਜਾਂਦੇ ਨੇ ਤਾਂ ਉਹ ਸਕੂਲ ਵਿਚ ਦਾਖਲ ਕਰਾ ਦਿਤੇ, ਸ਼ੱਕਰ ਦੀ ਪਰਾਤ ਦੇ ਦਿੱਤੀ, ਸਵਾ ਰੁਪਈਆ ਉਤੇ ਰੱਖ ਦਿਤਾ, ਇਕ ਫੁਲਕਾਰੀ ਰੱਖ ਦਿਤੀ। ਇਹ ਦੱਛਣਾ ਹੋਇਆ ਕਰਦੀ ਸੀ - ਪੜ੍ਹਾਈ ਦੀ ਫੀਸ। ਸ਼ੱਕਰ ਬੱਚਿਆਂ ਨੂੰ ਵੰਡ ਦਿੱਤੀ ਤੇ ਜਿਹੜਾ ਸਵਾ ਰੁਪਈਆ ਸੀ ਉਹ ਪਾਧਾ ਜੀ ਦੇ ਪਾਸ ਚਲਿਆ ਗਿਆ ਤੇ ਫੁਲਕਾਰੀ ਵੀ ਚਲੀ ਗਈ ਤੇ ਪਾਧੇ ਨੇ ਗੁਰੂ ਨਾਨਕ ਸਾਹਿਬ ਦਾ ਨਾਮ ਆਪਣੇ ਰਜਿਸਟਰ ਵਿਚ ਲਿਖ ਲਿਆ ਤੇ ਗੁਰੂ ਸਾਹਿਬ ਨੂੰ ਕਹਿਣ ਲਗਿਆ, "ਨਾਨਕ ਜੀ! ਇਥੇ ਬਹੁਤ ਪਿਆਰ ਨਾਲ ਤੁਹਾਨੂੰ ਪੜ੍ਹਾਵਾਂਗੇ। ਓਹ ਦੇਖੋ! ਬੱਚੇ ਪਹਾੜੇ ਪੜ੍ਹਦੇ ਨੇ, ਤੁਸੀਂ ਵੀ ਵਿਚ ਹੀ ਬੋਲੀ ਜਾਓ ਜਿਵੇਂ ਉਹ ਬੋਲਦੇ ਨੇ।"

ਆਪ ਖੜ੍ਹ ਗਏ। ਉਥੇ ਬੱਚੇ ਬੋਲ ਰਹੇ ਨੇ - ਇਕ ਦੂਣੀ ਦੂਣੀ, ਦੋ ਦੂਣੀ ਚਾਰ। ਇਕ ਅੱਗੇ-ਅੱਗੇ ਬੋਲਦਾ ਹੈ, ਬਾਕੀ ਪਿਛੇ-ਪਿਛੇ ਓਹੀ ਬੋਲਦੇ ਨੇ। ਗੁਰੂ ਸਾਹਿਬ ਚੁਪ ਕਰੀ ਖੜ੍ਹੇ ਨੇ। ਦੂਸਰੇ ਦਿਨ ਸਕੂਲ ਫੇਰ ਗਏ। ਪਾਧਾ ਜੀ ਕਹਿੰਦੇ, ਫੱਟੀ ਲੈ

ਆਇਓ। ਫੱਟੀ ਲੈ ਆਂਦੀ। ਪਾਧਾ ਜੀ ਨੇ ਕਿਹਾ, "ਮੇਰੇ ਪਾਸ ਲੈ ਆਓ।"

ਕਲਮ ਘੜ੍ਹ ਕੇ ਦੇ ਦਿਤੀ, ਸਿਆਹੀ ਦੇ ਦਿਤੀ ਤੇ ਕਹਿੰਦਾ, "ਮੈਂ ਅੱਖਰ ਪਾਉਂਦਾ ਹਾਂ ਤੇ ਤੁਸੀਂ ਉਸੇ ਤਰ੍ਹਾਂ ਅੱਖਰ ਪਾ ਲਿਓ।"

ਉਤੇ ਸਭ ਤੋਂ ਪਹਿਲਾਂ ਲਿਖ ਦਿਤਾ - ਓਅੰ ਨਮਹ: ਸਿਧੰ। ਇਹ ਮੰਗਲ ਹੁੰਦਾ ਹੈ, ਪ੍ਰਮੇਸ਼ਰ ਨੂੰ ਨਮਸ਼ਕਾਰ ਕਰਕੇ ਕਾਰਜ ਦੀ ਸਿੱਧੀ ਵਾਸਤੇ ਲਿਖਿਆ ਹੈ ਜਿਵੇਂ ਅਸੀਂ 'ੴ ਸਤਿਗੁਰ ਪ੍ਰਸਾਦਿ॥' ਲਿਖਦੇ ਹਾਂ। ਜਦੋਂ ਦੂਜਾ ਅੱਖਰ ਪਾਉਣ ਲੱਗੇ ਤਾਂ ਗੁਰੂ ਨਾਨਕ ਪਾਤਿਸ਼ਾਹ ਕਹਿਣ ਲੱਗੇ, "ਪਾਧਾ ਜੀ! ਇਹ ਜੋ ਕੁਝ ਤੁਸੀਂ ਲਿਖਿਆ ਹੈ ਇਸ ਦਾ ਮਤਲਬ ਤਾਂ ਤੁਸੀਂ ਮੈਨੂੰ ਸਮਝਾਇਆ ਨਹੀਂ।"

ਪਾਧਾ ਜੀ ਕਹਿਣ ਲੱਗੇ, "ਨਾਨਕ ਜੀ! ਇਹ ਜੋ 'ਓਅੰ' ਹੈ ਇਸ ਨੂੰ ਈਸ਼ਵਰ ਸਮਝ ਲਓ, ਉਸ ਦੇ ਅੱਗੇ ਨਮਸ਼ਕਾਰ ਕਰਕੇ ਅਸੀਂ ਸਿੱਧੀ ਵਾਸਤੇ ਅਰਦਾਸ ਕਰਦੇ ਹਾਂ ਕਿ ਸਾਡਾ ਕਾਰਜ ਸਿੱਧ ਹੋਵੇ।"

ਗੁਰੂ ਸਾਹਿਬ ਕਹਿਣ ਲੱਗੇ, "ਪਾਧਾ ਜੀ! ਤੁਸੀਂ ਉਸ ਈਸ਼ਵਰ ਨੂੰ ਜਾਣਦੇ ਵੀ ਹੋ?"

ਇਹ ਪਹਿਲਾ ਸਵਾਲ ਅੱਜ ਉਸ ਉਤੇ ਹੋਇਆ। ਸੱਚ ਨਿਕਲ ਗਿਆ ਉਸ ਦੇ ਮੂੰਹ ਵਿਚੋਂ, ਕਹਿੰਦਾ, "ਨਾ ਨਾਨਕ ਜੀ! ਮੈਂ ਤਾਂ ਪਿਤਾ ਪੁਰਖੀ ਰਸਮ ਕਰਦਾ ਹਾਂ, ਮੈਨੂੰ ਕੋਈ ਪਤਾ ਨਹੀਂ ਉਹ ਕੌਣ ਨੇ, ਕਿਥੇ ਰਹਿੰਦੇ ਨੇ। ਪਰ ਮੰਤਰ ਹੈ ਜੋ ਨੇਮ ਨਾਲ ਸਾਡੇ ਮੂੰਹ ਤੇ ਚੜ੍ਹਿਆ ਹੋਇਆ ਹੈ। ਅਸੀਂ ਲਿਖਦੇ ਹਾਂ।"

ਆਪਾਂ ਵੀ ਲਿਖਦੇ ਹਾਂ - 'ੴ ਸਤਿਗੁਰ ਪ੍ਰਸਾਦਿ॥' ਚਿੱਠੀ ਲਿਖਣ ਵੇਲੇ।

ਪਾਧਾ ਕਹਿਣ ਲੱਗਿਆ, "ਚੰਗਾ! ਅੱਜ ਤੁਸੀਂ ਪਹਾੜੇ ਪੜ੍ਹ ਲਓ ਫੇਰ। "

ਮਹਾਰਾਜ ਜੀ ਨੇ ਕਿਹਾ, "ਪਾਧਾ ਜੀ! ਇਹ ਜੋ ਪੜ੍ਹਾਈ ਤੁਸੀਂ ਮੈਨੂੰ ਪੜ੍ਹਾਉਣ ਲੱਗੇ ਹੋ ਇਸ ਕਿਸ ਕੰਮ ਆਏਗੀ?"

ਕਹਿੰਦਾ, "ਇਸ ਦੇ ਵਿਚ ਹਿਸਾਬ-ਕਿਤਾਬ ਆ ਜਾਏਗਾ, ਜਮ੍ਹਾਂ-ਖਰਚ ਕਰਨ ਦਾ ਤੁਹਾਨੂੰ ਪਤਾ ਲੱਗ ਜਾਏਗਾ ਤੇ ਰੋਕੜ ਵਹੀ ਤੁਸੀਂ ਲਿਖਣ ਲੱਗ ਜਾਓਗੇ। ਇਹ ਲੇਖੇ ਪੱਤੇ ਤੁਹਾਨੂੰ ਕਰਨੇ ਆ ਜਾਣਗੇ।"

ਗੁਰੂ ਨਾਨਕ ਸਾਹਿਬ ਕਹਿੰਦੇ, "ਪਾਧਾ ਜੀ! ਕੀ ਇਹ ਲੇਖੇ-ਪੱਤੇ ਕਰੇ ਹੋਏ ਮੈਨੂੰ ਜਮਦੂਤਾਂ ਤੋਂ ਛੁਡਾ ਦੇਣਗੇ? ਧਰਮਰਾਜ ਤੋਂ ਛੁਡਾ ਦੇਣਗੇ? ਉਥੇ ਤਾਂ ਨਹੀਂ ਮੈਨੂੰ ਜਾਣਾ ਪਏਗਾ?"

ਪਾਧਾ ਹੈਰਾਨ ਹੋ ਗਿਆ।

ਆਪ ਨੇ ਕਿਹਾ, "ਪਾਧਾ ਜੀ! ਜੇ ਉਹ ਵਿਦਿਆ ਤੁਸੀਂ ਜਾਣਦੇ ਹੋ ਤਾਂ ਮੈਨੂੰ ਪੜ੍ਹਾਓ, ਆਹ ਵਿਦਿਆ ਮੈਂ ਕੀ ਪੜ੍ਹਨੀ ਹੈ। ਤੁਸੀਂ ਐਸਾ ਲੇਖਾ ਜਾਣਦੇ ਹੋਂ?"

ਪਾਧਾ ਕਹਿਣ ਲੱਗਿਆ, "ਨਾ ਨਾਨਕ ਜੀ! ਮੈਂ ਤਾਂ ਲੇਖੇ-ਪੱਤੇ ਰੋਕੜ-ਵਹੀ ਵਾਲੇ ਜਾਣਦਾ ਹਾਂ। ਮੈਨੂੰ ਨਹੀਂ ਉਨ੍ਹਾਂ ਲੇਖਿਆਂ ਦਾ ਪਤਾ ਜਿਹੜੇ ਤੁਸੀਂ ਕਹਿੰਦੇ ਹੋ। ਜੇ ਤੁਸੀਂ ਜਾਣਦੇ ਹੋ ਤਾਂ ਤੁਸੀਂ ਮੈਨੂੰ ਦੱਸ ਦਿਓ।

ਵਿਅੰਗ ਭਾਵ ਨਾਲ ਉਸ ਨੇ ਸੁਆਲ ਕਰਿਆ ਕਿ ਦੇਖੋ ਇਹ ਕੀ ਕਹਿੰਦਾ ਹੈ।

ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਏਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਲਿਖਣਾ ਤੂੰ ਜਾਣ ਲੈ,***
***ਲੇਖਾ ਇਹ ਲਿਖਣਾ ਬਾਬਾ -2, 2.***
***ਲੇਖਾ ਇਹ ਲਿਖਣਾ ਬਾਬਾ -2, 2.***
***ਲਿਖਣਾ ਤੂੰ ਜਾਣ ਲੈ, ........- 2.***

***ਜਾਲਿ ਮੋਹੁ ਘਸਿ ਮਸੁ ਕਰਿ .................॥***

***ਪੰਨਾ - 16***

ਹੁਣ ਪਾਧੇ ਨੂੰ ਪੜ੍ਹਾ ਰਹੇ ਨੇ, ਸੱਤ ਸਾਲ ਦੀ ਆਪ ਦੀ ਉਮਰ ਹੈ -

***............. ਮਤਿ ਕਾਗਦੁ ਕਰਿ ਸਾਰੁ॥***
***ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ॥***
***ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ॥***
***ਬਾਬਾ ਏਹੁ ਲੇਖਾ ਲਿਖਿ ਜਾਣੁ॥***
***ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ॥***

***ਪੰਨਾ - 16***

ਕਹਿਣ ਲੱਗੇ, "ਜਿਹੜੀ ਹੰਗਤਾ ਤੇ ਮਮਤਾ ਅੰਦਰ ਪਈ ਹੈ, 'ਮੈਂ ਤੇ ਮੇਰਾ' ਦੋ ਚੀਜ਼ਾਂ ਇਹ ਮੋਹ ਦੇ ਹਿੱਸੇ ਨੇ। ਇਨ੍ਹਾਂ ਨੂੰ ਤਾਂ ਜਾਲ ਕੇ ਸਿਆਹੀ ਬਣਾ ਲੈ ਤੇ ਸਾਰ ਮੱਤ ਦਾ ਕਾਗਜ਼ ਲੈ।"

ਸਾਰ ਮੱਤ ਕੀ ਹੁੰਦੀ ਹੈ? ਕਿ ਇੱਥੇ ਸੰਸਾਰ ਵਿਚ ਸੱਚ ਕੀ ਹੈ ਤੇ ਝੂਠ ਕੀ ਹੈ? ਸੱਚ ਤਾਂ ਇਥੇ ਹੈ ਸਾਧ-ਸੰਗਤ ਜੀ ਵਾਹਿਗੁਰੂ, ਝੂਠ ਹੈ ਜਿੰਨਾ ਕੁਝ ਤੁਸੀਂ ਅੱਖਾਂ ਨਾਲ ਦੇਖਦੇ ਹੋ, ਕੰਨਾਂ ਨਾਲ ਸੁਣਦੇ ਹੋ। ਇਹ ਰਹਿਣ ਵਾਲੀ ਚੀਜ਼ ਨਹੀਂ ਹੈ। ਇਹ ਛਿੰਨ-ਛਿੰਨ ਦੇ ਅੰਦਰ ਬਦਲਦੀ ਹੈ। ਇੱਕ ਬੰਦੇ ਨੂੰ 5-7 ਸਾਲ ਬਾਅਦ ਦੇਖ ਲਓ, ਕਿੰਨਾ ਬਦਲਿਆ ਹੋਇਆ ਲੱਗੇਗਾ; ਕਹਾਂਗੇ ਬੜਾ ਤਕੜਾ ਹੋ ਗਿਆ, ਜਾਂ ਕਹਾਂਗੇ ਬੜਾ ਮਾੜਾ ਹੋ ਗਿਆ। ਕੋਠੀ ਪਾ ਲਓ, ਪੰਜਾਹ ਸਾਲ ਤੋਂ ਬਾਅਦ ਉਸ ਦੀ ਸ਼ਕਲ ਹੀ ਬਦਲ ਜਾਏਗੀ, ਐਵੇਂ ਹੋ ਜਾਏਗੀ ਪੁਰਾਣੀ ਜਿਹੀ। ਹਰ ਚੀਜ਼ ਬਦਲਦੀ ਹੈ, ਸੂਰਜ, ਚੰਦ, ਤਾਰੇ ਜਿਹੜੀ ਚੀਜ਼ ਬਣੀ ਹੈ ਉਹ ਬਦਲਣ ਵਾਸਤੇ ਹੀ ਬਣੀ ਹੈ। ਪਹਿਲਾਂ ਚੀਜ਼ ਵਧਦੀ ਹੈ, ਫੇਰ ਠਹਿਰਦੀ ਹੈ, ਫੇਰ ਘਟਦੀ ਹੈ। ਠਹਿਰਦੀ ਨਹੀਂ ਹੈ ਪਰ ਉਸ ਦਾ ਪਤਾ ਨਹੀਂ ਲਗਦਾ ਘਟਦੀ ਦਾ। ਇਕ ਡਿਗਰੀ ਐਸੀ ਹੈ ਜਿਸ ਦਾ ਆਮ ਆਦਮੀ ਨੂੰ ਨਹੀਂ, ਸਾਇੰਸ ਨੂੰ ਪਤਾ ਹੈ ਕਿ ਇਹ ਚੀਜ਼ ਹੁਣ ਘਾਟੇ ਵੱਲ

ਨੂੰ ਜਾ ਰਹੀ ਹੈ। ਸਾਇੰਸ ਨੇ ਇਹ ਗੱਲ ਜਾਣ ਹੈ ਲਈ ਕਿ ਸੂਰਜ ਹੁਣ ਘਾਟੇ ਵੱਲ ਨੂੰ ਜਾ ਰਿਹਾ ਹੈ। ਇਹ ਇਕ ਦਿਨ ਖਤਮ ਹੋ ਜਾਏਗਾ – ਅੱਠ ਅਰਬ ਚੌਹਠ ਕਰੋੜ ਸਾਲ ਬਾਅਦ ਇਸ ਦਾ ਬਿਲਕੁਲ ਨਾਸ਼ ਹੋ ਜਾਏਗਾ, ਧਰਤੀ ਦਾ ਨਾਸ਼ ਹੋ ਜਾਏਗਾ, ਕੁਝ ਨਹੀਂ ਰਹੇਗਾ ਇਥੇ। ਇਹ ਸਾਰਾ ਤਾਂ ਹੈ ਝੂਠ; ਜਿਹੜਾ ਬਦਲੀ ਨਹੀਂ ਹੁੰਦਾ, 'ਆਦਿ–ਜੁਗਾਦਿ' ਤੋਂ ਇਕ ਰਸ ਹੈ ਉਹ ਹੈ ਵਾਹਿਗੁਰੂ। ਕਹਿੰਦੇ ਇਹ ਮਤ ਧਾਰਨ ਕਰ ਲੈ, ਇਸ ਨੂੰ ਬਿਬੇਕ ਕਹਿੰਦੇ ਨੇ। ਬਿਬੇਕ ਦੀ ਮੱਤ ਧਾਰਨ ਕਰ ਲੈ ਜਿਵੇਂ ਹੰਸ ਦੇ ਅੱਗੇ ਦੁਧ ਰੱਖ ਦਿਓ, ਚੁੰਝ ਮਾਰਦਾ ਹੈ ਪਿਛੇ ਹਟ ਜਾਂਦਾ ਹੈ। ਚੁੰਝ ਵਿਚ ਹੁੰਦੀ ਹੈ ਖਟਿਆਈ, ਦੁੱਧ ਫਟ ਜਾਂਦਾ ਹੈ ਅਤੇ ਪਾਣੀ ਪਾਸੇ ਰਹਿ ਜਾਂਦਾ ਹੈ ਤੇ ਉਹ ਫੁੱਟੀਆਂ ਖਾ ਲੈਂਦਾ ਹੈ। ਇਸੇ ਤਰ੍ਹਾਂ ਜਿਹੜੇ ਗਿਆਨਵਾਨ ਪੁਰਸ਼ ਨੇ, ਉਹ ਵੀ ਵਿਚਾਰ ਦੀ ਚੁੰਝ ਦੇ ਨਾਲ ਮਾਇਆ ਨੂੰ ਪ੍ਰਕਿਰਤੀ ਤੇ ਜੋਤ ਨੂੰ ਵੱਖਰਾ ਕੱਢ ਲੈਂਦੇ ਨੇ, ਪ੍ਰਾਕਿਰਤੀ ਨੂੰ ਛੱਡ ਦਿੰਦੇ ਨੇ ਤੇ ਪ੍ਰਮੇਸ਼ਰ ਦੀ ਜੋਤ ਨੂੰ ਗ੍ਰਹਿਣ ਕਰ ਲੈਂਦੇ ਨੇ। ਸੋ ਇਸ ਨੂੰ ਸਾਰ ਮੱਤ ਕਹਿੰਦੇ ਨੇ।

............. ***ਮਤਿ ਕਾਗਦੁ ਕਰਿ ਸਾਰੁ॥***

***ਪੰਨਾ – 16***

ਹੁਣ ਕਲਮ ਤੂੰ ਪਿਆਰ ਦੀ ਬਣਾ, ਭਗਤੀ ਦੀ ਬਣਾ; ਦਰਸ਼ਨ, ਫਿਲੌਸਫੀ ਦੀ ਨਾ ਬਣਾਈਂ, ਅਕਲ ਦੀ ਨਾ ਬਣਾਈਂ ਕਿਉਂਕਿ ਅਕਲ ਤੇ ਪਿਆਰ ਦਾ ਅੱਜ–ਤੱਕ ਮੇਲ ਨਹੀਂ ਹੋਇਆ। ਅਕਲ, ਪਿਆਰ ਨੂੰ ਹਮੇਸ਼ਾਂ ਪਾਗਲਪੁਣ ਕਹਿੰਦੀ ਹੈ। ਅਕਲ ਦੀ ਨਾ ਬਣਾਈਂ, ਅਕਲ ਦੀ ਰੂਹਾਨੀਅਤ ਵਿਚ ਬਿਲਕੁਲ ਲੋੜ ਨਹੀਂ, 1% ਵੀ ਨਹੀਂ, ਇਥੇ ਪਿਆਰ ਦੀ, ਜਜ਼ਬੇ ਦੀ ਲੋੜ ਹੈ।

***'ਗਯਾਨੀ' ਸਾਨੂੰ ਹੋੜਦਾ ਤੇ 'ਵਹਿਮੀ ਢੋਲਾ' ਆਖਦਾ ਏ,***
***'ਮਾਰੇ ਗਏ ਜਿਨ੍ਹਾਂ ਲਾਈਆਂ ਬੁੱਧੋਂ ਪਾਰ ਤਾਰੀਆਂ।'***
***'ਬੈਠ ਵੇ ਗਿਆਨੀ! ਬੁੱਧੀ ਮੰਡਲੇ ਦੀ ਕੈਦ ਵਿਚ,***
***'ਵਲਵਲੇ ਦੇ ਦੇਸ਼' ਸਾਡੀਆਂ ਲਗ ਗਈਆਂ ਯਾਰੀਆਂ।***

***ਡਾ. ਭਾਈ ਵੀਰ ਸਿੰਘ ਜੀ***

ਅਸੀਂ ਤਾਂ ਪਿਆਰ ਦੇ ਮੰਡਲ ਵਿਚ ਖੇਡਦੇ ਹਾਂ। ਸੋ ਪਿਆਰ ਦੀ ਕਲਮ ਬਣਾ ਤੇ ਚਿਤ ਨੂੰ ਲਿਖਾਰੀ ਬਣਾ ਫੇਰ ਆਪੇ ਨਾ ਲਿਖੀਂ – ਊਟ ਪਟਾਂਗ –

.............. ***ਗੁਰ ਪੁਛਿ ਲਿਖੁ ਬੀਚਾਰੁ॥***

***ਪੰਨਾ – 16***

ਗੁਰੂ ਧਾਰਨ ਕਰ – ਸਮਰੱਥ ਗੁਰੂ; ਫੇਰ ਉਸ ਤੋਂ ਵਿਚਾਰ ਲੈ ਕੇ ਲਿਖ ਇਸ ਦੇ ਉਤੇ। ਕੀ ਲਿਖਣਾ ਹੈ?

***ਲਿਖੁ ਨਾਮੁ*** ...................॥ ***ਪੰਨਾ – 16***

ਚਿੱਤ ਦੇ ਉਤੇ ਲਿਖਣਾ ਹੈ, ਚਿਤ ਲਿਖਾਰੀ ਨੇ ਲਿਖਣਾ ਹੈ ਨਾਮ। ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ –

***ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ॥***
***ਲਿਖੁ ਨਾਮੁ ਸਾਲਾਹ ਲਿਖੁ*** .....................॥

***ਪੰਨਾ – 16***

ਨਾਮ ਲਿਖ ਤੇ ਉਸਤਤ ਲਿਖ ਵਾਹਿਗੁਰੂ ਦੀ –

***ਧਾਰਨਾ– ਸਤਿਨਾਮ ਸਤਿਨਾਮ ਲਿਖ ਲੈ,***
***ਹਿਰਦੇ ਲਿਖ ਲੈ, ਹਿਰਦੇ ਲਿਖ ਲੈ –2, 2.***
***ਵਾਹਿਗੁਰੂ–ਵਾਹਿਗੁਰੂ ਲਿਖ ਲੈ, ਹਿਰਦੇ ਲਿਖ ਲੈ, –2, 2***

***ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ॥***

***ਪੰਨਾ – 16***

ਲਿਖਣਾ ਕਿਥੇ ਹੈ? ਐਵੇਂ ਨਾ ਏਧਰ–ਉਧਰ ਲਿਖੀ ਜਾਵੀਂ, ਇਸ ਨੂੰ ਦਿਲ ਵਿਚ ਲਿਖ ਲੈ, ਹਿਰਦੇ ਵਿਚ ਇਕਾਗਰ ਚਿਤ ਹੋ ਕੇ ਲਿਖ ਲੈ।

***ਬਾਬਾ ਏਹੁ ਲੇਖਾ ਲਿਖਿ ਜਾਣੁ॥*** ***ਪੰਨਾ – 16***

ਜੇ ਲਿਖਣਾ ਹੈ ਤਾਂ ਇਹ ਲੇਖਾ ਲਿਖ ਲੈ –

***ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ॥***

***ਪੰਨਾ – 16***

ਇਹ ਲੇਖਾ ਉਥੇ ਤੇਰੇ ਬਰਾਬਰ ਖੜ੍ਹ ਜਾਏਗਾ।

***'ਚਲਦਾ'***

L L L L L L

## ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ –** – 3, 10, 17, 24, ਸਤੰਬਰ, ਰਤਵਾੜਾ ਸਾਹਿਬ। (ਸਮਾਂ ਸਵੇਰੇ 12.00 ਵਜੇ ਤੋਂ ਬਾਅਦ ਦੁਪਿਹਰ 4.00 ਵਜੇ ਤੱਕ)

**ਪੂਰਨਮਾਸ਼ੀ –** 13 ਸਤੰਬਰ, ਦਿਨ ਬੁੱਧਵਾਰ, ਰਤਵਾੜਾ ਸਾਹਿਬ। (ਸਮਾਂ – ਦੁਪਹਿਰ 12.00 ਵਜੇ ਤੋਂ ਸ਼ਾਮ 4.00 ਵਜੇ ਤਕ)

**ਸੰਗਰਾਂਦ –** 16 ਸਤੰਬਰ, ਦਿਨ ਸ਼ਨੀਵਾਰ, ਰਤਵਾੜਾ ਸਾਹਿਬ (ਸਮਾਂ – ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਮੱਸਿਆ –** 27 ਸਤੰਬਰ, ਬੁੱਧਵਾਰ, ਗੁਰਦੁਆਰਾ ਈਸ਼ਰ ਪ੍ਰਕਾਸ਼, ਬਨੂੜ (ਰਾਜਪੁਰਾ) ਪਟਿਆਲਾ

(ਸਮਾਂ – ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਮਹੀਨੇ ਦਾ ਆਖਰੀ ਸ਼ਨੀਵਾਰ** – 30 ਸਤੰਬਰ ਡੇਰਾ ਹਿਰਦਾਪੁਰ ਚੰਗਰ, ਜ਼ਿਲਾ ਰੋਪੜ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ –** ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

# ਮਨ ਬੈਰਾਗੀ ਹੋਇ ਅਤੀਤਾ

*ਸੰਤ ਵਰਿਆਮ ਸਿੰਘ ਜੀ*
*ਉਤਾਰਾ ਕਰਤਾ - ਪ੍ਰੋ. ਗੁਰਦੇਵ ਸਿੰਘ*

**ਨੋਟ : (ਇਹ ਕੀਰਤਨ ਲੜੀ 1984 ਵਿਚ, 781 ਨੰਬਰ ਕੋਠੀ ਸੈਕਟਰ 60, ਮੋਹਾਲੀ ਵਿਚ ਹੋਏ ਕੀਰਤਨ ਦੀ ਚਲ ਰਹੀ ਹੈ)**

ਸ਼ਾਨ .................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ॥*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਪੰਨਾ - 289*

*ਤੂੰ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ॥*
*ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ॥*
*ਪੰਨਾ - 1094*

*ਧਾਰਨਾ - ਪ੍ਰੀਤਮ ਮੇਰਾ ਪਿਆਰਾ,*
*ਕੋਈ ਆਣ ਕੇ ਮਿਲਾਵੇ -2, 2.*
*ਆਣ ਕੇ ਮਿਲਾਵੇ ਕੋਈ ਆਣ ਕੇ ਮਿਲਾਵੇ -2, 2.*
*ਪ੍ਰੀਤਮ ਮੇਰਾ ਪਿਆਰਾ, ................ -2.*

*ਕੋਈ ਆਨਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ*
*ਹਉ ਤਿਸੁ ਪਹਿ ਆਪੁ ਵੇਚਾਈ॥*
*ਦਰਸਨੁ ਹਰਿ ਦੇਖਨ ਕੈ ਤਾਈ॥*
*ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ*
*ਹਰਿ ਹਰਿ ਨਾਮੁ ਧਿਆਈ॥*
*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ*
*ਦੁਖਿ ਭੀ ਤੁਝੈ ਧਿਆਈ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ*
*ਦੁਖ ਵਿਚਿ ਸੂਖ ਮਨਾਈ॥*
*ਤਨੁ ਮਨੁ ਕਾਟਿ ਕਾਟਿ ਸਭੁ ਅਰਪੀ*
*ਵਿਚਿ ਅਗਨੀ ਆਪੁ ਜਲਾਈ॥*
*ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ॥*
*ਨਾਨਕੁ ਗਰੀਬੁ ਢਹਿ ਪਇਆ ਦੁਆਰੈ*
*ਹਰਿ ਮੇਲਿ ਲੈਹੁ ਵਡਿਆਈ॥ ਪੰਨਾ - 757*

*ਧਾਰਨਾ - ਪ੍ਰੀਤਮ ਮੇਰਾ ਪਿਆਰਾ*
*ਕੋਈ ਆਣ ਕੇ ਮਿਲਾਵੇ -2, 2.*
*ਆਣ ਕੇ ਮਿਲਾਵੇ ਕੋਈ ਆਣ ਕੇ ਮਿਲਾਵੇ -2, 2.*
*ਪ੍ਰੀਤਮ ਮੇਰਾ ਪਿਆਰਾ, ................ -2.*

*ਗੁਰਮੁਖਿ ਪਿਆਰੇ ਆਇ ਮਿਲੁ*
*ਮੈ ਚਿਰੀ ਵਿਛੁੰਨੇ ਰਾਮ ਰਾਜੇ॥*
*ਮੇਰਾ ਮਨੁ ਤਨੁ ਬਹੁਤੁ ਬੈਰਾਗਿਆ*
*ਹਰਿ ਨੈਣ ਰਸਿ ਭਿੰਨੇ॥*
*ਮੈ ਹਰਿ ਪ੍ਰਭੁ ਪਿਆਰਾ ਦਸਿ ਗੁਰੁ*
*ਮਿਲਿ ਹਰਿ ਮਨੁ ਮੰਨੇ॥*
*ਹਉ ਮੂਰਖੁ ਕਾਰੈ ਲਾਈਆ ਨਾਨਕ ਹਰਿ ਕੰਮੇ॥*
*ਪੰਨਾ - 449*

*ਧਾਰਨਾ - ਮਨ ਬੈਰਾਗ ਭਇਆ*
*ਦਰਸ਼ਨ ਦੇਖਣੇ ਕਾ ਚਾਓ -2, 2.*
*ਦੇਖਣੇ ਕਾ ਚਾਓ, ਦਰਸ਼ਨ ਦੇਖਣੇ ਕਾ ਚਾਓ -2, 2*
*ਮਨ ਬੈਰਾਗ ਭਇਆ,.................. -2.*

*ਤਿਚਰੁ ਵਸਹਿ ਸੁਹੇਲੜੀ ਜਿਚਰੁ ਸਾਥੀ ਨਾਲਿ॥*
*ਜਾ ਸਾਥੀ ਉਠੀ ਚਲਿਆ ਤਾ ਧਨ ਖਾਕੂ ਰਾਲਿ॥*
*ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ॥*
*ਧੰਨੁ ਸੁ ਤੇਰਾ ਥਾਨੁ॥ ਪੰਨਾ - 50*

ਸਾਧ ਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਫੀ ਸਮੇਂ ਤੋਂ ਆਪ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਸੁਸ਼ੋਭਤ ਹੋ। ਕਾਫੀ ਦਿਨਾਂ ਤੋਂ ਬਾਅਦ ਅੱਜ 25 ਨਵੰਬਰ 1984 ਨੂੰ ਆਪਾਂ ਫੇਰ ਗੁਰੂ ਮਹਾਰਾਜ ਦੀ ਹਜ਼ੂਰੀ ਦੇ ਅੰਦਰ ਇਕੱਤਰ ਹੋਏ ਹਾਂ। ਐਨੇ ਸਮੇਂ ਦੇ ਅੰਦਰ ਬੜਾ ਕੁਛ ਲੰਘ ਗਿਆ ਲੇਕਿਨ ਆਦਮੀ ਦਾ ਮਨ ਐਨਾ ਅਮੋੜ ਹੈ ਕਿ ਨਾ ਕੋਈ ਸਿਖਿਆ ਲੈਂਦਾ ਹੈ ਤੇ ਨਾ ਹੀ ਇਹ ਸੋਚਦਾ ਹੈ ਕਿ ਮੈਂ ਕਿਸ ਵਾਸਤੇ ਸੰਸਾਰ ਤੇ ਆਇਆ ਹਾਂ। ਸਮਾਂ ਬਹੁਤ ਥੋੜ੍ਹਾ ਹੈ। ਪਿਛਲੀ ਕੈਸਟ ਸੁਣਦੇ ਸੀ, ਉਸ ਕੈਸਟ ਦੇ ਅੰਦਰ ਆਪ ਨੇ ਬੜੀ ਵਿਆਖਿਆ ਦੇ ਨਾਲ ਸਰਵਣ ਕੀਤਾ ਹੈ ਕਿ ਇਹ ਸੰਸਾਰ ਰਹਿਣ ਵਾਲੀ ਥਾਂ ਨਹੀਂ ਹੈ। ਰਹਿਣਾ ਤੇ ਵਸਣਾ ਕਿਸੇ ਹੋਰ ਥਾਂ ਤੇ ਹੈ, ਇਥੇ ਕੇਵਲ ਥੋੜ੍ਹੀ ਦੇਰ ਵਾਸਤੇ ਆਦਮੀ ਆਇਆ ਹੈ ਤਾਂ ਕਿ ਇਹ ਦੁਖਾਂ ਦਾ ਨਾਸ਼ ਕਰ ਸਕੇ ਕਿਉਂਕਿ ਤਿੰਨ ਦੁਖ ਤੇ ਪੰਜ ਕਲੇਸ਼ ਇਸ ਆਦਮੀ ਦੇ ਪਿਛੇ ਪਏ ਹੋਏ ਹਨ। ਜਦੋਂ ਤੱਕ ਪੰਜਾਂ ਕਲੇਸ਼ਾਂ ਤੇ ਤਿੰਨਾਂ ਤਾਪਾਂ ਦਾ ਨਾਸ਼ ਨਹੀਂ ਹੁੰਦਾ, ਉਤਨੀ ਦੇਰ ਤੱਕ ਆਦਮੀ ਦੇ ਮਨ ਨੂੰ ਸ਼ਾਂਤੀ ਨਹੀਂ ਆਇਆ ਕਰਦੀ ਤੇ ਇਹ ਦੁਖੀ ਹੀ ਰਿਹਾ ਕਰਦਾ ਹੈ। ਸੰਸਾਰ ਦੇ ਸਿਆਣਿਆਂ ਨੇ ਦੁਨੀਆਂ ਨੂੰ ਇਹ ਕਹਿ ਦਿਤਾ ਕਿ ਭਾਈ ਇਹ ਤਾਂ ਦੁਖਾਂ ਦਾ ਘਰ ਹੈ। ਪਰ ਗੁਰੂ ਮਹਾਰਾਜ ਜੀ ਨੇ ਇਹ ਨਹੀਂ ਕਿਹਾ। ਉਨ੍ਹਾਂ ਨੇ ਫੁਰਮਾਇਆ ਹੈ ਕਿ ਭਾਈ! ਜੇਕਰ ਵਿਚਾਰ ਨਹੀਂ ਤਾਂ ਇਸ ਸੰਸਾਰ ਦੇ ਅੰਦਰ ਕੋਈ ਸੁਖੀ ਨਹੀਂ ਹੈ -

*ਨਾਨਕ ਦੁਖੀਆ ਸਭੁ ਸੰਸਾਰ॥ ਪੰਨਾ - 954*

ਸਾਰਾ ਸੰਸਾਰ - ਕੀ ਛੋਟੇ ਕੀ ਵੱਡੇ ਸਭ ਨੂੰ ਕਿਸੇ ਨਾ ਕਿਸੇ ਕਿਸਮ ਦਾ ਦੁਖ ਜ਼ਰੂਰ ਹੈ। ਕੋਈ ਮਾਨਸਿਕ ਤੌਰ ਤੇ ਦੁਖੀ ਹੈ, ਕੋਈ ਰਾਜਸੀ ਤੌਰ ਤੇ ਦੁਖੀ ਹੈ, ਕੋਈ ਆਰਥਿਕ ਤੌਰ ਤੇ ਦੁਖੀ ਹੈ, ਕੋਈ ਸਰੀਰਿਕ ਤੌਰ ਤੇ ਦੁਖੀ ਹੈ ਅਤੇ ਕੋਈ ਭਾਈਚਾਰਕ ਤੌਰ ਤੇ ਦੁਖੀ ਹੈ। ਆਦਮੀ ਨੂੰ ਅਨੇਕਾਂ ਕਿਸਮਾਂ

ਦੇ ਦੁਖ ਲੱਗੇ ਹੋਏ ਹਨ ਅਤੇ ਜਦ ਤਕ ਇਨ੍ਹਾਂ ਦੁਖਾਂ ਦਾ ਇਲਾਜ ਨਾ ਕੀਤਾ ਜਾਵੇ, ਓਨੀਂ ਦੇਰ ਤਕ ਸੁਖ ਦੀ ਪ੍ਰਾਪਤੀ ਨਹੀਂ ਹੋਇਆ ਕਰਦੀ। ਸਾਰਾ ਸੰਸਾਰ ਦੁਖਾਂ ਦੇ ਵਿਚ ਪਿਆ ਹੋਇਆ ਕੁਰਲਾ ਰਿਹਾ ਹੈ, ਵਿਰਲਾਪ ਕਰ ਰਿਹਾ ਹੈ ਲੇਕਿਨ ਭੁਲਿਆ ਹੋਇਆ ਹੈ, ਗਲਤ ਗੱਲਾਂ ਦੇ ਵਿਚ ਪਿਆ ਹੋਇਆ ਹੈ। ਭਾਵੇਂ ਜਿੰਨੀ ਮਰਜ਼ੀ ਦੌਲਤ ਆ ਜਾਵੇ ਪਰ ਕਿਸੇ ਦਾ ਵੀ ਮਨ ਸ਼ਾਂਤ ਨਹੀਂ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਹੋਰ ਦੀ ਤਾਂ ਗੱਲ ਛੱਡੋ, ਸਵਰਗ ਦਾ ਰਾਜਾ ਜਿਸ ਨੂੰ ਇੰਦਰ ਪਦ ਦੀ ਪ੍ਰਾਪਤੀ ਹੈ ਉਹ ਵੀ ਸੁਖੀ ਨਹੀਂ। ਸੁਖ ਵਾਸਤੇ ਇਕੋ ਹੀ ਸਾਧਨ ਹੈ ਕਿ ਜੀਵ ਨੂੰ ਵਾਹਿਗੁਰੂ ਦਾ ਮਿਲਾਪ ਹੋ ਜਾਵੇ, ਫੇਰ ਇਸ ਦੇ ਤਮਾਮ ਦੁਖਾਂ ਦਾ ਖਾਤਮਾ ਹੋ ਜਾਇਆ ਕਰਦਾ ਹੈ।

ਸੋ ਪਿਛਲੇ ਕਈ ਸਤਸੰਗਾਂ ਤੋਂ ਕੇਵਲ ਇਹੋ ਹੀ ਲੜੀ ਤੇ ਵਿਚਾਰ ਹੋ ਰਹੀ ਹੈ ਜਿਸ ਵਿਚ ਬਾਬਾ ਸਾਹਿਬ ਸਿੰਘ ਜੀ ਊਨੇ ਵਾਲੇ, ਗਜ਼ਨੀ ਤੋਂ ਆਏ ਪ੍ਰੇਮੀ ਭਾਈ ਚੰਦਾ ਸਿੰਘ ਜੀ ਨੂੰ ਦੱਸ ਰਹੇ ਹਨ ਕਿ ਵਾਹਿਗੁਰੂ ਨੂੰ ਕਿਵੇਂ ਮਿਲਿਆ ਜਾਵੇ। ਕਈ ਪੱਖਾਂ ਤੇ ਵਿਚਾਰ ਕਰ ਚੁੱਕੇ ਹਾਂ। ਸਿਆਣੇ ਪੁਰਸ਼ ਜਿਨ੍ਹਾਂ ਨੇ ਲਾਭ ਲੈਣਾ ਹੈ, ਜਿਹੜੇ ਆਤਮ-ਮਾਰਗ ਤੇ ਚਲ ਰਹੇ ਹਨ ਉਹ ਯਤਨ ਕਰਦੇ ਹਨ ਕਿ ਅਸੀਂ ਇਨ੍ਹਾਂ ਰਹਿਤਾਂ ਨੂੰ ਤੇ ਇਨ੍ਹਾਂ ਗੁਣਾਂ ਨੂੰ ਧਾਰਨ ਕਰੀਏ। ਇਸ ਦੇ ਵਿਚ ਸਭ ਤੋਂ ਪਹਿਲਾਂ 'ਵਿਸ਼ਵਾਸ' ਸੀ -

***ਜਾ ਕੈ ਮਨਿ ਗੁਰ ਕੀ ਪਰਤੀਤ॥***
***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥ ਪੰਨਾ - 283***

ਦੂਸਰਾ ਸੀ ਕਿ ਨਾਮ ਦੇ ਉਤੇ ਭਰੋਸਾ ਲਿਆਂਦਾ ਜਾਵੇ। ਨਾਮ ਦੇ ਵਿਚ ਬੜੀ ਭਾਰੀ ਸ਼ਕਤੀ ਹੈ ਤੇ ਨਾਮ ਦਾ ਕੋਈ ਮੁੱਲ ਨਹੀਂ ਹੈ, ਇਹ ਅਮੋਲਕ ਵਸਤੂ ਹੈ। ਤੀਸਰੀ ਵਿਚਾਰ ਸੀ ਕਿ ਨਾਮ ਜਪਣ ਦੇ ਨਾਲ ਵੱਡੇ ਵੱਡੇ ਪਾਪੀਆਂ ਦੇ ਮਨ ਸ਼ੁੱਧ ਹੋ ਜਾਇਆ ਕਰਦੇ ਹਨ ਕਿਉਂਕਿ ਨਾਮ ਇਕ ਐਸਾ ਸਾਬਣ ਹੈ ਜਿਹੜਾ ਕਲੰਕਾਂ ਨੂੰ ਧੋ ਦਿੰਦਾ ਹੈ ਤੇ ਵੱਡੇ ਵੱਡੇ ਪਾਪਾਂ ਦਾ ਨਾਸ਼ ਕਰਦਾ ਹੈ।

***ਗੁਰ ਕਾ ਸਬਦੁ ਕਾਟੈ ਕੋਟਿ ਕਰਮ॥ ਪੰਨਾ - 1195***

ਪ੍ਰਮੇਸ਼ਰ ਦਾ ਨਾਮ ਕਰੋੜਾਂ ਕਰਮਾਂ ਦਾ ਨਾਸ਼ ਕਰਨ ਵਾਲਾ ਹੈ।

ਪਿਛਲੀ ਵਾਰੀ ਬੇਨਤੀ ਕੀਤੀ ਸੀ ਕਿ ਇਕ ਸਾਧਾਰਨ ਮਨੁੱਖ (ਭਗਤ ਬੇਣੀ) ਸਤਸੰਗ ਕਰਕੇ ਅਧਿਆਤਮ ਕਰਮਾਂ ਵਿਚ ਪਿਆ ਐਨਾ ਜ਼ਿਆਦਾ ਅੱਗੇ ਵੱਧ ਗਿਆ ਕਿ ਉਹ ਨਿਰਾਕਾਰ ਪ੍ਰਮੇਸ਼ਰ ਜਿਸ ਦਾ ਰੂਪ, ਰੰਗ, ਰੇਖ, ਭੇਖ ਨਹੀਂ, ਇਕ ਰਾਜੇ ਦਾ ਰੂਪ ਧਾਰ ਕੇ ਉਸ ਦੇ ਘਰ ਰਾਸ਼ਨ ਲੈ ਕੇ ਆਉਂਦਾ ਹੈ। ਬੇਣੀ ਭਗਤ ਦਾ ਗੁਰੂ ਗਰੰਥ ਸਾਹਿਬ ਮਹਾਰਾਜ ਦੇ ਅੰਦਰ ਜ਼ਿਕਰ ਕੀਤਾ ਗਿਆ ਹੈ।

ਅਗਲੀ ਬੜੀ ਜ਼ਰੂਰੀ ਚੀਜ਼ ਵੈਰਾਗ ਹੈ, ਜਦੋਂ ਤਕ ਆਦਮੀ ਦੇ ਮਨ ਦੇ ਅੰਦਰ ਵੈਰਾਗ ਪੈਦਾ ਨਹੀਂ ਹੁੰਦਾ ਓਨੀ ਦੇਰ ਤਕ ਮਾਇਆ ਤੋਂ ਛੁਟਕਾਰਾ ਨਹੀਂ ਹੁੰਦਾ ਤੇ ਪ੍ਰਮੇਸ਼ਰ ਦੇ ਨਾਲ ਪਿਆਰ ਨਹੀਂ ਲੱਗਿਆ ਕਰਦਾ ਕਿਉਂਕਿ ਪਹਿਲਾਂ ਮਾਇਆ ਤੋਂ ਵੈਰਾਗ ਹੁੰਦਾ ਹੈ। ਵੈਰਾਗ ਪੈਦਾ ਹੋਣ ਵਾਸਤੇ ਦੁਖ ਦੀ ਲੋੜ ਪੈਂਦੀ ਹੈ। ਦੁਖ, ਆਦਮੀ ਦਾ ਮਾਇਆ ਤੋਂ ਛੁਟਕਾਰਾ ਕਰਾਉਣ ਵਾਸਤੇ ਇਕ ਦਾਰੂ ਹੁੰਦਾ ਹੈ। ਸੋ ਦੁਖ ਬੁਰਾ ਨਹੀਂ ਹੈ। ਕਿਸੇ ਨੇ 'ਦੁਖ' ਨੂੰ ਪੁਛਿਆ ਕਿ ਤੂੰ ਕਿਉਂ ਪੈਦਾ ਹੋ ਗਿਆ? ਕੋਈ ਵੀ ਸੰਸਾਰ ਤੇ ਐਸਾ ਬੰਦਾ ਨਹੀਂ ਜਿਹੜਾ ਦੁਖ ਚਾਹੁੰਦਾ ਹੋਵੇ। ਉਸ ਨੇ ਇਕੋ ਲਾਈਨ ਵਿਚ ਜਵਾਬ ਦੇ ਦਿਤਾ। ਕਹਿਣ ਲੱਗਿਆ ਕਿ 'ਸੁਖ' ਨੂੰ ਜਾ ਕੇ ਪੁੱਛ ਤਾਂ ਉਸ ਨੇ ਕਿਹਾ ਕਿ 'ਸੁਖ' ਨੂੰ ਪੁੱਛਣ ਦੀ ਕੀ ਲੋੜ ਹੈ? ਕਹਿਣ ਲੱਗਿਆ ਕਿ ਮੇਰਾ ਤਾਂ ਵਜੂਦ ਹੀ ਹੋਂਦ ਵਿਚ ਤਾਂ ਆਇਆ ਹੈ ਤਾਂ ਕਿ ਮੈਂ 'ਸੁਖ' ਨੂੰ ਪੈਦਾ ਕਰ ਸਕਾਂ ਕਿਉਂਕਿ ਜਿੰਨੀ ਦੇਰ ਤੱਕ ਮੈਂ ਨਹੀਂ ਆਉਂਦਾ, ਓਨੀ ਦੇਰ ਤਕ ਕੋਈ ਸੁਖ ਸੁਆਦ ਨਹੀਂ ਰਖਦਾ; ਸੁਖ ਦਾ ਅਨੁਭਵ ਤਾਂ ਹੀ ਹੁੰਦਾ ਹੈ ਜੇਕਰ ਦੁਖ ਬਰਾਬਰ ਖੜ੍ਹਾ ਹੋਵੇ ਤੇ ਕਹਿਣ ਲੱਗਿਆ ਜਿਸ ਚੀਜ਼ ਨੂੰ ਤੁਸੀਂ ਦੁਖ ਆਖਦੇ ਹੋ, ਉਹ ਦਰਅਸਲ ਸੁਖ ਨੂੰ ਜਨਮ ਦੇ ਰਿਹਾ ਹੁੰਦਾ ਹੈ। ਕੋਈ ਬੱਚਾ ਸਕੂਲ ਜਾਂ ਕਾਲਜ ਵਿਚ ਪੜ੍ਹਦਾ ਹੈ, ਰਾਤਾਂ ਨੂੰ ਜਾਗ ਜਾਗ ਕੇ ਵੱਡੀਆਂ ਵੱਡੀਆਂ ਕਿਤਾਬਾਂ ਪੜ੍ਹਦਾ ਹੈ, ਨੀਂਦ ਨੂੰ ਕੁਰਬਾਨ ਕਰਦਾ ਹੈ, ਖੇਚਲ ਝਲਦਾ ਹੈ ਲੇਕਿਨ ਜਦੋਂ ਪੜ੍ਹ ਜਾਂਦਾ ਹੈ, ਇਮਤਿਹਾਨ ਪਾਸ ਕਰਕੇ ਇੰਜਨੀਅਰਿੰਗ, ਪੀ-ਐਚ.ਡੀ ਜਾਂ ਸਾਇੰਸ ਦੀ ਪ੍ਰਾਪਤ ਡਿਗਰੀ ਕਰ ਲਈ ਫੇਰ ਉਹਦੇ ਵਾਸਤੇ ਪੈਸੇ-ਟਕੇ ਵੱਲੋਂ ਸੁਖ ਸ਼ੁਰੂ ਹੋ ਜਾਇਆ ਕਰਦਾ ਹੈ। ਇਸੇ ਤਰ੍ਹਾਂ ਦੇ ਨਾਲ ਕੋਈ ਮਹਾਤਮਾ ਹੈ, ਜਦੋਂ ਸਾਰਾ ਸੰਸਾਰ ਸੁੱਤਾ ਹੋਇਆ ਘੂਕ ਨੀਂਦ ਦੇ ਅੰਦਰ ਹੁੰਦਾ ਹੈ ਤਾਂ ਉਸ ਵੇਲੇ ਉਠ ਕੇ ਠੰਢੇ ਪਾਣੀ ਨਾਲ ਇਸ਼ਨਾਨ ਕਰਦਾ ਹੈ ਤੇ ਉਸ ਵੇਲੇ ਰਾਤ ਦੇ ਦੋ ਤਿੰਨ ਵੱਜੇ ਹੁੰਦੇ ਹਨ। ਨੀਂਦ ਲੈਣ ਵਾਲਿਆਂ ਨੂੰ, ਰਜਾਈ ਦਾ ਨਿਘ ਲੈਣ ਵਾਲਿਆਂ ਨੂੰ ਪ੍ਰਤੀਤ ਦਿੰਦਾ ਹੈ ਕਿ ਇਹ ਕਿਉਂ ਸਰੀਰ ਨੂੰ ਠੰਢਾ ਕਰਕੇ ਕਸ਼ਟ ਦੇ ਰਿਹਾ ਹੈ, ਇਹ ਕਿਉਂ ਨਹੀਂ ਸੌਂਦਾ? ਪਰੰਤੂ ਉਸ ਨੂੰ ਪਤਾ ਹੈ ਕਿ ਇਹ ਖੇਚਲ, ਕਸ਼ਟ, ਤਤਿਕਸ਼ਾ, ਜਿਸ ਨੂੰ ਇਹ ਦੁਖ ਸਮਝਦਾ ਹੈ, ਇਹ ਮੈਨੂੰ ਪਰਮ ਆਨੰਦ ਦੇ ਵਿਚ ਪਹੁੰਚਾ ਦੇਵੇਗਾ ਤੇ ਉਸ ਵੇਲੇ ਮੇਰੇ ਦੇ ਸਾਰੇ ਦੁਖਾਂ ਦਾ ਨਾਸ ਹੋ ਜਾਵੇਗਾ। ਸੋ ਮਹਾਰਾਜ ਜੀ ਤਾਂ ਇਸ ਤਰ੍ਹਾਂ ਫੁਰਮਾਉਂਦੇ ਹਨ ਕਿ ਦੁਖ ਤਾਂ ਦਾਰੂ ਦਾ ਕੰਮ ਕਰਿਆ ਕਰਦੇ ਹਨ ਤੇ ਸੁਖ ਰੋਗਾਂ ਵਾਗੂੰ ਹੁੰਦੇ ਹਨ।

***ਧਾਰਨਾ - ਤੇਰੇ ਦੁਖਾਂ ਦੀ ਬਣੇਗੀ ਦਾਰੂ,***
***ਸੁਖ ਤੇਰੇ ਰੋਗ ਹੋਣਗੇ -2, 2.***
***ਮੇਰੇ ਪਿਆਰੇ, ਸੁਖ ਤੇਰੇ ਰੋਗ ਹੋਣਗੇ -2, 2.***
***ਤੇਰੇ ਦੁਖਾਂ ਦੀ ਬਣੇਗੀ ਦਾਰੂ ...... - 2.***

***ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ॥***
***ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ॥***
***ਪੰਨਾ - 469***

ਸੋ ਆਦਮੀ ਉਸ ਵੇਲੇ ਭੁਲਦਾ ਹੈ ਜਦੋਂ ਸੁਖੀ ਹੋਇਆ ਕਰਦਾ ਹੈ, ਫੇਰ ਸ਼ਰਾਬਾਂ ਪੀਂਦਾ ਹੈ, ਲੜਾਈਆਂ ਝਗੜੇ ਕਰਦਾ ਹੈ, ਮੁਕੱਦਮੇ ਕਰਦਾ ਹੈ, ਕਿਸੇ ਦਾ ਸਮਝਾਇਆ ਸਮਝਦਾ ਨਹੀਂ ਕਿਉਂਕਿ ਮਨ ਦੇ ਅੰਦਰ ਇਸ ਤਰ੍ਹਾਂ ਦਾ ਅਸਰ ਹੋ ਜਾਂਦਾ ਹੈ ਕਿ ਪ੍ਰਮੇਸ਼ਰ ਨੂੰ ਭੁਲ ਜਾਂਦਾ ਹੈ। ਪਰਮੇਸ਼ਰ ਨੂੰ ਭੁਲਣ ਨਾਲ

ਕੀ ਹੁੰਦਾ ਹੈ? ਸੰਸਾਰ ਭਰ ਦੇ ਜਿੰਨੇ ਵੀ ਰੋਗ ਹਨ ਇਸ ਨੂੰ ਲੱਗ ਜਾਂਦੇ ਹਨ ਜਿਸ ਵਿਚ ਆਰਥਕ ਰੋਗ, ਭਾਈਚਾਰਕ ਰੋਗ, ਰਾਜਸੀ ਰੋਗ, ਸਰੀਰਕ ਰੋਗ ਤੇ ਮਾਨਸਕਿ ਰੋਗ ਆਦਿ ਸਭ ਲੱਗ ਜਾਇਆ ਕਰਦੇ ਹਨ ਕਿਉਂਕਿ –

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥***

***ਪੰਨਾ – 135***

ਵਾਹਿਗੁਰੂ ਨੂੰ ਭੁਲ ਕੇ ਗਲਤ ਗੱਲਾਂ ਵਿਚ ਪ੍ਰਵਿਰਤ ਹੋਣਾ, ਦੁਖ ਸਹੇੜਨ ਦਾ ਕਾਰਨ ਬਣ ਜਾਂਦਾ ਹੈ। ਦੁਖ ਜਿਸ ਚੀਜ਼ ਨੂੰ ਪੈਦਾ ਕਰਦਾ ਹੈ ਉਸ ਨੂੰ ਵੈਰਾਗ ਕਹਿੰਦੇ ਹਨ। ਜਿੰਨਾ ਜ਼ਿਆਦਾ ਦੁਖ ਆਵੇਗਾ, ਓਨਾ ਹੀ ਜ਼ਿਆਦਾ ਵੈਰਾਗ ਆਵੇਗਾ। ਜਦੋਂ ਵੈਰਾਗ ਆ ਜਾਵੇ, ਉਸ ਵੇਲੇ ਇਹ ਸਮਝ ਲੈਣਾ ਚਾਹੀਦਾ ਹੈ ਕਿ ਪ੍ਰਮੇਸ਼ਰ ਨੂੰ ਮਿਲਣ ਵਾਲੀ ਇਕ ਬਹੁਤ ਹੀ ਵਧੀਆ ਸਵਾਰੀ ਪ੍ਰਾਪਤ ਹੋ ਗਈ ਹੈ ਕਿਉਂਕਿ ਵੈਰਾਗ ਤੋਂ ਬਗੈਰ ਆਦਮੀ ਦਾ ਰੱਬ ਨੂੰ ਪਾਉਣਾ ਮੁਸ਼ਕਲ ਹੈ, ਪਾ ਨਹੀਂ ਸਕਿਆ ਕਰਦਾ। ਇਹ ਸਾਰੇ ਮਹਾਂਪੁਰਸ਼ਾਂ ਦਾ ਫੈਸਲਾ ਹੈ। ਜਦੋਂ ਤਕ ਅੰਦਰ ਵੈਰਾਗ ਨਹੀਂ, ਉਦੋਂ ਤੱਕ ਮਾਇਆ ਤੋਂ ਛੁਟਕਾਰਾ ਨਹੀਂ ਮਿਲਦਾ।

***ਬਿਨੁ ਬੈਰਾਗ ਨ ਛੂਟਸਿ ਮਾਇਆ॥ ਪੰਨਾ – 329***

ਜਦੋਂ ਇਸ ਦੇ ਮਨ ਦੇ ਅੰਦਰ ਪਰਮ ਵੈਰਾਗ ਆ ਜਾਵੇਗਾ ਉਸ ਵੇਲੇ ਇਹ ਖੋਜ ਵਿਚ ਪੈਂਦਾ ਹੈ ਕਿ ਇਹ ਮਾਇਆ ਤਾਂ ਨਾਸ਼ ਹੋਣ ਵਾਲੀ ਚੀਜ਼ ਹੈ, ਨਾ ਪੁੱਤਰ ਥਿਰ ਹਨ, ਨਾ ਮਿੱਤਰ ਥਿਰ ਹਨ, ਨਾ ਜ਼ਮੀਨ ਜਾਇਦਾਦ ਹੀ ਰਹਿੰਦੀ ਹੈ ਤੇ ਨਾ ਹੀ ਆਪਣਾ ਸਰੀਰ ਰਹਿੰਦਾ ਹੈ ਅਤੇ ਸੁਖ ਸਦਾ ਵਾਸਤੇ ਨਹੀਂ ਰਿਹਾ ਕਰਦਾ; ਅੱਜ ਸੁਖ ਹੈ ਕੱਲ੍ਹ ਨੂੰ ਦੁਖ ਹੈ, ਇਹ ਤਾਂ ਮੇਘ ਦੀ ਛਾਇਆ ਵਰਗਾ ਹੈ, ਤ੍ਰਿਣ ਦੀ ਅੱਗ ਵਰਗਾ ਹੈ। ਸੋ ਇਹ ਕੋਈ ਸਥਾਈ ਚੀਜ਼ ਨਹੀਂ ਹੋਇਆ ਕਰਦੀ। ਕੋਈ ਐਸਾ ਸੁਖ ਵੀ ਸੰਸਾਰ ਦੇ ਅੰਦਰ ਹੈ ਜਿਸ ਦਾ ਕਦੀ ਵੀ ਨਾਸ਼ ਨਾ ਹੋਵੇ?

ਪਿਛਲੀ ਵਾਰੀ ਮੈਂ ਬੇਨਤੀ ਕੀਤੀ ਸੀ ਕਿ ਮਹਾਤਮਾ ਬੁੱਧ, ਦੁਖਾਂ ਤੋਂ ਘਬਰਾ ਗਿਆ ਤੇ ਸੁਖ ਦੀ ਢੂੰਡ ਵਿਚ ਜਾ ਕੇ ਪਰਮ ਸੁਖ ਦੀ ਲੋਚਾ ਦੇ ਨਾਲ ਗਯਾ ਦੇ ਮੁਕਾਮ ਤੇ ਜਾ ਕੇ ਬੋਹੜ ਦੇ ਦਰਖਤ ਥੱਲੇ ਬੈਠ ਗਿਆ ਅਤੇ ਉਸ ਨੂੰ ਕੁਝ ਪ੍ਰਕਾਸ਼ ਪ੍ਰਾਪਤ ਹੋਇਆ ਕਿਉਂਕਿ ਮਨ ਦੇ ਅੰਦਰ ਵੈਰਾਗ ਆ ਗਿਆ ਸੀ। ਜਿੰਨਾਂ ਚਿਰ ਵੈਰਾਗ ਨਹੀਂ ਆਉਂਦਾ, ਓਨਾਂ ਚਿਰ ਇਸ ਰਸਤੇ ਚਲਿਆ ਨਹੀਂ ਜਾ ਸਕਦਾ। ਵੈਰਾਗ ਤੇ ਦ੍ਰਿੜ੍ਹਤਾ ਦੋਵੇਂ ਚੀਜ਼ਾਂ ਹੋਣ ਤਾਂ ਪ੍ਰਮੇਸ਼ਰ ਨੂੰ ਮਿਲਣਾ ਅਸਾਨ ਹੋ ਜਾਇਆ ਕਰਦਾ ਹੈ। ਵੈਰਾਗ ਕਈ ਕਿਸਮ ਦਾ ਹੁੰਦਾ ਹੈ। ਪਹਿਲਾ ਵੈਰਾਗ ਜੋ ਹੁੰਦਾ ਹੈ ਉਸ ਨੂੰ ਕਾਰਨ ਵੈਰਾਗ ਕਹਿੰਦੇ ਹਨ। ਇਹ ਇਸ ਤਰ੍ਹਾਂ ਹੁੰਦਾ ਹੈ ਕਿ ਇਸ ਦਾ ਕੋਈ ਕਾਰਨ ਬਣ ਗਿਆ, ਕਿਸੇ ਮਿੱਤਰ ਨੇ ਧੋਖਾ ਦੇ ਦਿਤਾ, ਘਰ ਵਾਲੀ ਨੇ ਧੋਖਾ ਦੇ ਦਿਤਾ, ਪੁੱਤਰਾਂ ਨੇ ਧੋਖਾ ਦੇ ਦਿਤਾ ਤਾਂ ਐਸੇ ਕਾਰਨਾਂ ਕਰਕੇ ਮਨ ਦੇ ਅੰਦਰ ਵੈਰਾਗ ਆ ਜਾਏਗਾ। ਜਿਸ ਤਰ੍ਹਾਂ ਰਾਜਾ ਭਰਥਰੀ ਸੀ, ਜਦੋਂ ਉਸ ਨੂੰ ਆਪਣੀ ਰਾਣੀ ਬਾਰੇ ਪਤਾ ਲੱਗਿਆ ਕਿ ਮੇਰੇ ਨਾਲ ਧੋਖਾ ਕੀਤਾ ਹੈ, ਮੇਰੇ ਨਾਲ ਬੇਵਫਾਈ ਕੀਤੀ ਹੈ, ਉਸ ਵੇਲੇ ਉਸ ਦੇ ਮਨ ਵਿਚ ਐਨਾ ਵੈਰਾਗ ਪੈਦਾ ਹੋਇਆ ਕਿ ਘਰ ਬਾਰ ਤੇ ਰਾਜ ਭਾਗ ਛੱਡ ਕੇ, ਗੋਰਖਨਾਥ ਦਾ ਚੇਲਾ ਬਣ ਕੇ ਸਿੱਧਾਂ ਵਿਚ ਸ਼ਾਮਲ ਹੋ ਗਿਆ। ਦੂਸਰਾ ਵੈਰਾਗ ਹੁੰਦਾ ਹੈ ਜਿਸ ਨੂੰ ਮੰਦ ਵੈਰਾਗ ਕਹਿੰਦੇ ਹਨ। ਮੰਦ ਵੈਰਾਗ ਥੋੜ੍ਹੀ ਦੇਰ ਦਾ ਵੈਰਾਗ ਹੁੰਦਾ ਹੈ, ਤੇ ਕੁਝ ਦਿਨਾਂ ਵਾਸਤੇ ਹੋਇਆ ਕਰਦਾ ਹੈ। ਘਰ ਦੇ ਅੰਦਰ ਕੋਈ ਰਿਸ਼ਤੇਦਾਰ ਚੜ੍ਹਾਈ ਕਰ ਗਿਆ, ਘਰ ਵਾਲੀ ਚੜ੍ਹਾਈ ਕਰ ਗਈ ਤਾਂ ਇਹ ਹਾਲਤ ਹੁੰਦੀ ਹੈ।

***ਨਾਰ ਮਰੇ ਘਰ ਸੰਪਤ ਨਾਸੀ॥***
***ਮੂੰਡ ਮੁੰਡਾਏ ਭਇਆ ਸਨਿਆਸੀ॥***

ਘਰ ਵਾਲੀ ਮਰ ਗਈ, ਪੈਸਾ ਟਕਾ ਜਾਂਦਾ ਰਿਹਾ, ਹੁਣ ਵੈਰਾਗੀ ਹੋ ਗਿਆ ਤੇ ਸੰਨਿਆਸੀ ਬਣ ਗਿਆ। ਜਦੋਂ ਮੁੜ ਕੇ ਐਸ਼ ਵਿਚ ਆ ਗਿਆ, ਫੇਰ ਗਿਰ ਜਾਇਆ ਕਰਦਾ ਹੈ।

***ਆਇਆ ਬੁਲ੍ਹਾ ਪਉਣ ਦਾ ਕੱਖ ਚੜ੍ਹਿਆ ਅਕਾਸ਼॥***
***ਢਹਿੰਦਾ ਢਹਿੰਦਾ ਢਹਿ ਪਿਆ ਕੱਖ ਕੱਖਾਂ ਦੇ ਪਾਸ॥***

ਮੁੜ ਕੇ ਫੇਰ ਉਥੇ ਹੀ ਆ ਜਾਇਆ ਕਰਦਾ ਹੈ ਕਿਉਂਕਿ ਵੈਰਾਗ ਪੂਰਾ ਨਹੀਂ ਸੀ। ਜਿਸ ਤਰ੍ਹਾਂ ਮਹਾਰਾਜ ਫੁਰਮਾਉਂਦੇ ਹਨ ਕਿ –

***ਫਿਰਦੀ ਫਿਰਦੀ ਦਹ ਦਿਸਾ ਜਲ ਪਰਬਤ ਬਨਰਾਇ॥***
***ਜਿਥੈ ਡਿਠਾ ਮਿਰਤਕੋ ਇਲ ਬਹਿਠੀ ਆਇ॥***

***ਪੰਨਾ – 322***

ਉਡੀ ਤਾਂ ਬਹੁਤ ਉੱਚੀ ਅਤੇ ਦੂਰ ਦਰਾਜ਼ ਤੱਕ ਗਈ, ਲੇਕਿਨ ਜਦੋਂ ਮ੍ਰਿਤਕ ਨੂੰ ਦੇਖਿਆ, ਮਰੇ ਹੋਏ ਪਸ਼ੂ ਨੂੰ ਦੇਖਿਆ, ਨੀਚੇ ਆ ਕੇ ਫੇਰ ਉਸ ਦੇ ਪਾਸ ਬੈਠ ਗਈ। ਇਸ ਤਰ੍ਹਾਂ ਉਠਿਆ ਤਾਂ ਸਹੀ, ਘਰੋਂ ਨਿਕਲਿਆ ਸੀ ਪ੍ਰਭੂ ਨੂੰ ਮਿਲਣ ਵਾਸਤੇ ਪਰੰਤੂ ਜਦੋਂ ਸੁਖੀ ਹੋ ਗਿਆ, ਸੁਖ ਪ੍ਰਾਪਤ ਹੋ ਗਿਆ, ਓਹੀ ਮਨ ਬਿਰਤੀਆਂ ਫੇਰ ਜਾਗ ਪੈਂਦੀਆਂ ਹਨ। ਤੀਸਰਾ ਵੈਰਾਗ 'ਏਕ ਇੰਦਰੇ ਵੈਰਾਗ' ਕਹਾਉਂਦਾ ਹੈ। ਉਹ ਇਹ ਹੁੰਦਾ ਹੈ ਕਿ ਸਰੀਰਿਕ ਤੌਰ ਤੇ ਤਾਂ ਇੰਦਰੇ ਵਿਕਾਰਾਂ ਤੋਂ ਬਚੇ ਰਹਿਣਾ ਲੇਕਿਨ ਮਨ ਤੋਂ ਨਾ ਬਚਣਾ ਤੇ ਮਨ ਦੇ ਅੰਦਰ ਵਿਕਾਰ ਚਿਤਵਦੇ ਰਹਿਣਾ। ਚੌਥੀ ਕਿਸਮ ਦਾ ਵੈਰਾਗ ਜਿਸ ਨੂੰ ਸਿਆਣੇ ਯਤਮਾਨ ਵੈਰਾਗ ਆਖਦੇ ਹਨ। ਇਸ ਵਿਚ ਸਤਿ ਵਸਤੂ ਨੂੰ ਗ੍ਰਹਿਣ ਕਰਨ ਵਾਸਤੇ ਮਨ ਵਿਚ ਸ਼ੌਕ ਜਾਗਦਾ ਹੈ ਤੇ ਝੂਠੀ ਚੀਜ਼ ਨੂੰ ਤਿਆਗ ਕਰਨ ਵਾਸਤੇ ਮਨ ਵਿਚ ਵਿਚਾਰ ਪੈਦਾ ਹੁੰਦੀ ਹੈ। ਇਸ ਤਰ੍ਹਾਂ ਵਿਚਾਰ ਦੇ ਨਾਲ ਵੈਰਾਗ ਪੈਦਾ ਹੁੰਦਾ ਹੈ ਕਿ ਮੈਂ ਇਹ ਕਿਹੜੇ ਕੰਮਾਂ 'ਚ ਪੈ ਗਿਆ, ਮੈਨੂੰ ਨਾਮ ਜਪਣਾ ਚਾਹੀਦਾ ਹੈ, ਬੰਦਗੀ ਕਰਨੀ ਚਾਹੀਦੀ ਹੈ ਜੋ ਮੇਰੇ ਨਾਲ ਚਲੇਗੀ, ਬਾਕੀ ਤਾਂ ਸਾਰਾ ਸੰਸਾਰ ਝੂਠਾ ਹੈ, ਮੈਂ ਝੂਠੇ ਸੰਸਾਰ ਵਿਚ ਫਸਿਆ ਹੋਇਆ ਹਾਂ।

***ਕਹਤ ਕਬੀਰ ਚੇਤਿ ਰੇ ਅੰਧਾ॥***
***ਸਤਿ ਰਾਮੁ ਝੂਠਾ ਸਭੁ ਧੰਧਾ॥ ਪੰਨਾ – 326***

ਐਸੀਆਂ ਵਿਚਾਰਾਂ ਸਤਸੰਗ 'ਚੋਂ ਸੁਣ ਕੇ ਮਨ ਦੇ ਅੰਦਰ ਕੁਛ ਵੈਰਾਗ ਆ ਜਾਇਆ ਕਰਦਾ ਹੈ। ਪੰਜਵੇਂ ਨੂੰ ਵਿਤਰੇਕ ਵੈਰਾਗ ਆਖਦੇ ਹਨ। ਇਹ ਵੈਰਾਗ ਜਦੋਂ ਹੁੰਦਾ ਹੈ ਤਾਂ ਆਦਮੀ ਵੀਚਾਰ ਕਰਕੇ ਆਪਣੇ ਵਿਚੋਂ ਔਗੁਣ ਕੱਢਣੇ ਸ਼ੁਰੂ ਕਰਦਾ ਹੈ ਕਿ ਮੈਂ ਕਿਸੇ ਦੀ ਨਿੰਦਿਆ ਨਹੀਂ ਕਰਨੀ, ਚੁਗਲੀ ਨਹੀਂ ਕਰਨੀ,

ਕਿਸੇ ਨਾਲ ਈਰਖਾ ਨਹੀਂ ਕਰਨੀ, ਵਿਕਾਰ ਛੱਡਣ ਦਾ ਯਤਨ ਕਰਨਾ ਹੈ ਤੇ ਗੁਣ ਧਾਰਨ ਕਰਨੇ ਹਨ ਕਿਉਂਕਿ ਉਸ ਨੂੰ ਇਸ ਗੱਲ ਦਾ ਗਿਆਨ ਹੋ ਜਾਂਦਾ ਹੈ ਕਿ ਦਰਗਾਹ ਵਿਚ ਜਾ ਕੇ, ਉਥੇ ਮਨ ਦੀ ਪਵਿੱਤਰਤਾ ਸਾਥ ਦਿੰਦੀ ਹੈ ਤੇ ਖੋਟੇ ਨੂੰ ਸੁਟ ਦਿਤਾ ਜਾਂਦਾ ਹੈ।

***ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ॥***

***ਪੰਨਾ - 146***

***ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥***
***ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥***
***ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ॥***
***ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥***
***ਲਿਖਿ ਨਾਵੈ ਧਰਮੁ ਬਹਾਲਿਆ॥ ਪੰਨਾ - 463***

ਐਸੇ ਬਚਨ, ਵਿਚਾਰ ਸੁਣ ਕੇ ਮਨ ਦੇ ਅੰਦਰ ਵੈਰਾਗ ਹੋ ਜਾਇਆ ਕਰਦਾ ਹੈ।

***ਧਾਰਨਾ - ਜਿੰਦੇ ਰੋਵੇਂਗੀ ਤੇ ਰੋ ਰੋ ਪਛੋਤਾਵੇਂਗੀ,***
***ਫੇਰ ਤੇਰਾ ਕੋਈ ਨਾ ਬਣੇ -2, 2.***
***ਫੇਰ ਤੇਰਾ ਜੀ ਕੋਈ ਨਾ ਬਣੇ, -2, 2.***
***ਜਿੰਦੇ ਰੋਵੇਂਗੀ ਤੇ ਰੋ ਰੋ ਪਛੋਤਾਂਵੇਂਗੀ,.. -2.***

***ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥***
***ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥***
***ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥***
***ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ॥***
***ਮਨਿ ਅੰਧੈ ਜਨਮੁ ਗਵਾਇਆ॥ ਪੰਨਾ - 464***

ਐਸੀ ਵਿਚਾਰ, ਬਾਣੀ ਸਰਵਣ ਕਰਕੇ ਮਨ ਦੇ ਅੰਦਰ ਵੈਰਾਗ ਹੋ ਜਾਣਾ ਕਿ ਅੱਗੇ ਜਾ ਕੇ ਤਾਂ ਲੇਖੇ ਦੇਣੇ ਪੈਣਗੇ, ਇਸ ਸੰਸਾਰ ਨੇ ਤਾਂ ਮੇਰੇ ਨਾਲ ਨਹੀਂ ਜਾਣਾ ਤੇ ਐਸੇ ਵੈਰਾਗ ਦਾ ਹੋ ਜਾਣਾ, ਇਸ ਦਾ ਨਾਮ ਵਿਤਰੇਕ ਵੈਰਾਗ ਹੋਇਆ ਕਰਦਾ ਹੈ। ਛੇਵੀਂ ਕਿਸਮ ਦਾ ਵੈਰਾਗ ਵਸੀਕਾਰ ਵੈਰਾਗ ਹੁੰਦਾ ਹੈ। ਇਹ ਇਸ ਤਰ੍ਹਾਂ ਹੁੰਦਾ ਹੈ ਕਿ ਅੱਖਾਂ ਦੇ ਨਾਲ-

***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ॥..........॥***
***ਕਰਨ ਨ ਸੁਨੈ ਕਾਹੂ ਕੀ ਨਿੰਦਾ॥ ਪੰਨਾ - 274***

***ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ॥***
***ਕਰਨ ਨ ਸੁਨਹੀ ਨਾਦੁ ਕਰਨ ਮੁੰਦਿ ਘਾਲਿਆ॥***
***ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ॥***
***ਹਰਿਹਾਂ ਜਬ ਬਿਸਰੈ ਗੋਬਿਦ ਰਾਇ ਦਿਨੋ ਦਿਨੁ ਘਟੀਐ॥***

***ਪੰਨਾ - 1363***

ਐਸੀ ਗੁਰਬਾਨੀ ਦੀਆਂ ਵਿਚਾਰਾਂ ਤੇ ਹੁਕਮ ਸੁਣ ਕੇ ਮਨ ਵਿਚ ਵੈਰਾਗ ਹੋ ਜਾਣਾ ਤੇ ਇੰਦਰਿਆਂ ਨੂੰ ਵੱਸ ਵਿਚ ਕਰ ਲੈਣਾ। ਇਨ੍ਹਾਂ ਪੰਜੇ ਵਿਸ਼ਿਆਂ - ਸ਼ਬਦ, ਸਪਰਸ਼, ਰੂਪ, ਰਸ, ਗੰਧ 'ਚ ਜਾਣ ਤੋਂ ਰੋਕਣਾ। ਐਸਾ ਵਸੀਕਾਰ ਵੈਰਾਗ ਹੋਇਆ ਕਰਦਾ ਹੈ ਜਿਸ ਵਿਚ ਆਪਣੇ ਮਨ ਨੂੰ ਵੱਸ ਕਰਨ ਦਾ ਯਤਨ ਕਰਨਾ ਹੁੰਦਾ ਹੈ। ਇਸ ਤੋਂ ਬਾਅਦ ਤੀਬਰ ਵੈਰਾਗ ਹੁੰਦਾ ਹੈ। ਮਨ ਤੇ ਭਾਰੀ ਸੱਟ ਲੱਗਣੀ ਤੇ ਮਨ ਦੇ ਅੰਦਰ ਪ੍ਰਭੂ ਮਿਲਾਪ ਦੀ ਤੀਬਰ ਇੱਛਾ ਪੈਦਾ ਹੋ ਜਾਂਦੀ ਹੈ ਤੇ ਵੈਰਾਗੀ ਹੋ ਜਾਂਦਾ ਹੈ, ਪ੍ਰਮੇਸ਼ਰ ਨੂੰ ਮਿਲਣ ਵਾਸਤੇ ਹਰ ਵਕਤ ਅੱਖਾਂ ਵਿਚੋਂ ਹੰਝੂਆਂ ਦਾ ਰੂਪ ਬਣ ਕੇ ਪਾਨੀ ਸਿਮਦਾ ਰਹਿੰਦਾ ਹੈ ਜਿਸ ਨੂੰ ਆਸ਼ਕੀ ਆਖਦੇ ਹਨ। ਇਸ ਨੂੰ ਆਸ਼ਕਾਂ ਵਾਲਾ ਦਰਜਾ ਪ੍ਰਾਪਤ ਹੋ ਜਾਂਦਾ ਹੈ ਜਿਸ ਦੀਆਂ ਨੌ ਨਿਸ਼ਾਨੀਆਂ ਹੁੰਦੀਆਂ ਹਨ -

***ਆਸ਼ਕਾਰਾ ਨਵ ਨੀਸ਼ਾਨੀ ਐ ਪਿਸਰ,***
***ਆਹ ਸਰਦੋ, ਰੰਗ ਜ਼ਰਦੋ ਚਸ਼ਮਤਰ।***
***ਕਮਗੁਫਤਨੋ, ਕਮ ਖੁਰਦਨੋਂ,***
***ਖੁਆਬਸ਼ ਹਰਾਮ, ਇੰਤਜ਼ਾਰੀ, ਬੇਕਰਾਰੀ, ਦਸਤਸਰ।***

ਇਕ ਮਹਾਤਮਾ ਮੌਲਾਨਾ ਰੂਮ ਆਪਣੇ ਮੁਰੀਦ ਨੂੰ ਦੱਸਦੇ ਹਨ ਕਿ ਐ ਪੁੱਤਰ! ਜਦੋਂ ਪ੍ਰਮੇਸ਼ਰ ਦੇ ਪਿਆਰ ਵਿਚ ਕੋਈ ਵੈਰਾਗੀ ਹੋ ਜਾਵੇ, ਉਸ ਦੀਆਂ ਨੌਂ ਨਿਸ਼ਾਨੀਆਂ ਹੋਇਆ ਕਰਦੀਆਂ ਹਨ। ਰੰਗ ਜ਼ਰਦ ਹੋ ਜਾਂਦਾ ਹੈ, ਠੰਢੀਆਂ ਆਹਾਂ ਆਉਂਦੀਆਂ ਹਨ ਤੇ ਹਰ ਵਕਤ ਅੱਖਾਂ ਵਿਚੋਂ ਪਾਨੀ ਹੰਝੂ ਬਣ ਕੇ ਚਲਦਾ ਰਹਿੰਦਾ ਹੈ, ਥੋੜ੍ਹਾ ਖਾਂਦਾ ਹੈ, ਥੋੜ੍ਹਾ ਬੋਲਦਾ ਹੈ, ਤੇ ਨੀਂਦ ਘਟ ਆਉਂਦੀ ਹੈ। ਇਸ ਤਰ੍ਹਾਂ ਨਹੀਂ ਕਿ ਸ਼ਾਮ ਨੂੰ ਪੈ ਗਿਆ ਤੇ ਸਵੇਰੇ ਉਠਿਆ ਕਿਉਂਕਿ ਹਾਲੇ ਵੈਰਾਗ ਪੈਦਾ ਨਹੀਂ ਹੋਇਆ। ਵੈਰਾਗ ਨਾ ਹੋਣ ਕਰਕੇ ਫੇਰ ਇਹ ਸਵਾਲ ਰਹਿੰਦਾ ਹੈ ਕਿ ਮੇਰੀ ਬਿਰਤੀ ਨਹੀਂ ਲਗਦੀ। ਪਰ ਦੂਜੇ ਪਾਸੇ ਉਹ ਹਰ ਵਕਤ ਇੰਤਜ਼ਾਰ ਵਿਚ ਰਹਿੰਦਾ ਹੈ। ਮੱਥੇ ਤੇ ਹੱਥ ਰੱਖਦਾ ਹੈ ਕਿਉਂਕਿ ਬੇਕਰਾਰੀ ਰਹਿੰਦੀ ਹੈ ਕਿ ਮੈਨੂੰ ਅਜੇ ਤਕ ਰੱਬ ਨਹੀਂ ਮਿਲਿਆ ਤੇ ਕੋਈ ਹੈ ਸੰਸਾਰ ਉਤੇ ਐਸਾ ਕਾਮਲ ਮੁਰਸ਼ਦ ਜਿਹੜਾ ਮੈਨੂੰ ਵਾਹਿਗੁਰੂ ਨਾਲ ਮਿਲਾ ਦੇਵੇ। ਸੰਸਾਰ ਤੇ ਸਾਰੇ ਪਾਸੇ ਨਿਗਾਹ ਮਾਰ ਕੇ ਦੇਖਦਾ ਹੈ ਕਿ ਕੋਈ ਹੈ ਐਸਾ ਜਿਹੜਾ ਮੈਨੂੰ ਪ੍ਰਭੂ ਮਿਲਾ ਦੇਵੇ ਤੇ ਫੇਰ ਮੈਂ ਉਸ ਨੂੰ ਕੀ ਦੇਵਾਂ?

***ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥***
***ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥***

***ਪੰਨਾ - 558***

***ਧਾਰਨਾ - ਸੀਸ ਵੱਢ ਕੇ ਬਣਾ ਦਿਆਂ ਮੂੜ੍ਹਾ,***
***ਗੱਲਾਂ ਜੋ ਸੁਣਾਵੇ ਤੇਰੀਆਂ -2, 2.***
***ਮੇਰੇ ਪਿਆਰੇ, ਗੱਲਾਂ ਜੋ ਸੁਣਾਵੇ ਤੇਰੀਆਂ -2, 2.***
***ਸੀਸ ਵੱਢ ਕੇ ਬਣਾ ਦਿਆਂ ਮੂੜ੍ਹਾ,.... -2.***

ਐਸਾ ਵੈਰਾਗ ਦੇ ਅੰਦਰ ਪੁਕਾਰ ਕਰਦਾ ਹੈ ਕਿ ਜੇ ਕੋਈ ਮੇਰੇ ਪਿਆਰੇ ਦਾ ਮੈਨੂੰ ਕੋਈ ਸੰਦੇਸ਼ਾ ਦੇ ਦੇਵੇ ਤੇ ਉਸ ਦੀ ਗੱਲ ਸੁਣਾ ਦੇਵੇ ਤਾਂ ਉਸ ਨੂੰ ਕੀ ਦੇਣਾ ਚਾਹੀਦਾ ਹੈ? ਪੈਸੇ ਦੇਣੇ ਚਾਹੀਦੇ ਹਨ, ਜ਼ਮੀਨ-ਜਾਇਦਾਦ ਅਰਪਣ ਕਰ ਦੇਵਾਂ, ਕਹਿੰਦੇ ਕਿ ਮੈਂ ਆਪਣਾ ਸੀਸ ਹੀ ਅਰਪਣ ਕਰ ਦੇਵਾਂ ਕਿਉਂਕਿ ਪਿਆਰ ਦੀ ਖੇਡ ਅਜੀਬ ਹੋਇਆ ਕਰਦੀ ਹੈ। ਸੋ ਇਸ ਕਰਕੇ ਇਹ ਤੀਬਰ ਵੈਰਾਗ ਕਹਾਉਂਦਾ ਹੈ। ਜਦੋਂ ਇਸ ਤਰ੍ਹਾਂ ਦਾ ਹੋ ਜਾਵੇ, ਫੇਰ ਤਾਂ ਵੈਰਾਗੀ ਹੋ ਕੇ ਆਵਾਜ਼ਾਂ ਦਿੰਦਾ ਹੈ ਕਿ-

***ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ॥***
***ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥***

***ਪੰਨਾ - 1368***

***ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥***

***ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥***
***ਪੰਨਾ – 1379***

ਜਦੋਂ ਤਕ ਬਿਰਹਾ ਨਹੀਂ ਜਾਗਿਆ ਤਾਂ ਉਹ ਮੁਰਦਾ ਹੋਇਆ ਕਰਦਾ ਹੈ ਕਿਉਂਕਿ ਅੰਦਰੋਂ ਜਾਗਿਆ ਨਹੀਂ, ਪਿਆਰ ਦੀ ਖਿਚ ਨਹੀਂ ਪਈ। ਪਰੰਤੂ ਜਦੋਂ ਬਿਰਹਾ ਪੈਦਾ ਹੋ ਗਿਆ ਤਾਂ ਫਿਰ ਜੀ ਨਹੀਂ ਸਕਿਆ ਕਰਦਾ, ਵਿਯੋਗ ਵਿਚ ਬਉਰਿਆਂ ਵਰਗੀ ਹਾਲਤ ਹੋ ਜਾਂਦੀ ਹੈ ਤੇ ਇਸ ਕਰਕੇ ਤੀਬਰ ਵੈਰਾਗ ਜੋ ਹੈ, ਇਹ ਸਤਵੀਂ ਕਿਸਮ ਦਾ ਵੈਰਾਗ ਹੋਇਆ ਕਰਦਾ ਹੈ।

ਇਸ ਤੋਂ ਉਪਰਲਾ ਵੈਰਾਗ, ਤਰ–ਤੀਬਰ ਵੈਰਾਗ ਹੁੰਦਾ ਹੈ। ਜਿਸ ਨੂੰ ਚਰਨਾਂ–ਕੰਵਲਾਂ ਦੀ ਮੌਜ ਦਾ ਸੁਆਦ ਆ ਜਾਵੇ, ਨਸ਼ਾ ਆ ਜਾਵੇ ਉਸ ਨੂੰ ਵੈਰਾਗ ਹੋਇਆ ਕਰਦਾ ਹੈ ਕਿਉਂਕਿ ਉਹ ਪ੍ਰਮੇਸ਼ਰ ਤੋਂ ਬਗੈਰ ਕਿਸੇ ਚੀਜ਼ ਨੂੰ ਨਹੀਂ ਚਾਹੁੰਦਾ ਹੁੰਦਾ, ਨਾ ਨਰਕ ਤੋਂ ਡਰਦਾ ਹੈ, ਨਾ ਸਵਰਗ ਨੂੰ ਚਾਹੁੰਦਾ ਹੈ –

***ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ॥***
***ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ॥***
***ਪੰਨਾ – 1370***

ਚਰਨਾਂ ਕੰਵਲਾਂ ਦੀ ਮੌਜ ਵਿਚ ਜੋ ਨਾਮ ਦਾ ਰਸ ਹੈ, ਕੇਵਲ ਉਸ ਨੂੰ ਚਾਹੁੰਦਾ ਹੈ। ਹੋਰ ਕਿਸੇ ਚੀਜ਼ ਨੂੰ ਨਹੀਂ ਚਾਹੁੰਦਾ। ਜੇਕਰ ਉਸ ਨੂੰ ਕੋਈ ਚੀਜ਼ ਅਰਪਣ ਵੀ ਕਰੋ ਤਾਂ ਨਾਂਹ ਕਰ ਦਿਆ ਕਰਦਾ ਹੈ ਕਿਉਂਕਿ ਉਹ ਕਹੇਗਾ ਕਿ ਇਹ ਮੈਥੋਂ ਪ੍ਰਮੇਸ਼ਰ ਨੂੰ ਭੁਲਾ ਦੇਵੇਗੀ। ਜਿਹੜੀ ਚੀਜ਼ ਮੈਨੂੰ ਪ੍ਰਮੇਸ਼ਰ ਭੁਲਾ ਦੇਵੇ ਉਸ ਦੀ ਮੈਨੂੰ ਲੋੜ ਨਹੀਂ। ਸੋ ਇਸ ਤਰ੍ਹਾਂ ਨਾਲ ਜੋ ਵੈਰਾਗ ਹੈ ਇਹਦੇ ਵਿਚ –

***ਰਾਜ ਨ ਭਾਗ ਨ ਹੁਕਮ ਨ ਸਾਦਨ॥***
***ਕਿਛੁ ਕਿਛੁ ਨ ਚਾਹੀ॥ ਪੰਨਾ – 406***

ਕੋਈ ਚੀਜ਼ ਨਹੀਂ ਚਾਹੀਦੀ। ਚਾਹੀਦਾ ਕੀ ਹੈ?

***ਚਰਨਨ ਸਰਨਨ ਸੰਤਨ ਬੰਦਨ॥***
***ਸੁਖੋ ਸੁਖੁ ਪਾਹੀ॥ ਪੰਨਾ – 407***

ਸੰਤਾਂ ਦੀ ਸੰਗਤ ਤੇ ਗੁਰੂ ਦੇ ਚਰਨ ਹਿਰਦੇ ਵਿਚ ਵਸਣੇ ਚਾਹੀਦੇ ਹਨ ਕਿਉਂਕਿ ਇਸ ਦੇ ਵਿਚ ਮਹਾਨ ਸੁਖ ਹੈ, ਰਾਜ ਵਿਚ ਸੁਖ ਨਹੀਂ ਹੁੰਦਾ।

***ਰਾਜੁ ਨ ਚਾਹਉ ਮੁਕਤਿ ਨ ਚਾਹਉ***
***ਮਨਿ ਪ੍ਰੀਤਿ ਚਰਨ ਕਮਲਾਰੇ॥ ਪੰਨਾ – 534***

ਸਭ ਤੋਂ ਆਖਰੀ ਜੋ ਵੈਰਾਗ ਹੁੰਦਾ ਹੈ ਉਸ ਨੂੰ ਤਰ–ਤੀਬਰ–ਤਮ ਵੈਰਾਗ ਕਹਿੰਦੇ ਹਨ। ਇਹਦੇ ਵਿਚ ਇਸ ਤਰ੍ਹਾਂ ਹੁੰਦਾ ਹੈ ਕਿ ਕੋਈ ਵੀ ਕਿਸੇ ਤਰ੍ਹਾਂ ਦਾ ਲੋਭ, ਜਿਵੇਂ ਸਵਰਗ ਦਾ ਸੁਖ, ਸੱਤਾਂ ਪੁਰੀਆਂ ਦਾ ਕੋਈ ਸੁਖ, ਕਿਸੇ ਲੋਕ ਦਾ ਵੀ ਸੁਖ ਨਹੀਂ ਚਾਹੁੰਦੇ –

***ਬ੍ਰਹਮ ਲੋਕ ਲੌਂ ਭੋਗ ਜੇ ਚਹੈ ਸਬਨ ਕੋ ਤਿਆਗ॥***
***ਵੇਦ ਅਰਥ ਗਿਆਤਾ ਮੁਨੀ ਕਹਤ ਤਾਹਿ ਵੈਰਾਗ॥***
***ਵਿਚਾਰ ਸਾਗਰ, ਪੰਨਾ 5***

ਜਿੰਨੇ ਵੀ ਸਿਆਣੇ ਬੰਦੇ ਹਨ ਉਹ ਵੈਰਾਗ ਇਸ ਨੂੰ ਕਹਿੰਦੇ ਹਨ ਕਿ ਸਾਰੀਆਂ ਪੁਰੀਆਂ ਦਾ ਬੈਕੁੰਠ ਧਾਮ ਤੱਕ ਜਿੰਨਾਂ ਵੀ ਸੁਖ ਹੈ, ਉਹ ਸਾਰਿਆਂ ਨੂੰ ਨਹੀਂ ਚਾਹੁੰਦਾ।

***ਬ੍ਰਹਮ ਲੋਕ ਲੌਂ ਭੋਗ ਜਉ ਕਾਗ ਵਿਸ਼ਟ ਜਿਉਂ ਜਾਨ।***

ਇਨ੍ਹਾਂ ਸਾਰਿਆਂ ਨੂੰ ਗਿਲਾਨੀ ਕਰਦਾ ਹੈ ਤੇ ਇਸ ਨੂੰ ਕਾਂ ਦੀ ਬਿਠ ਸਮਾਨ ਸਮਝਦਾ ਹੈ। ਇਸ ਕਰਕੇ ਸਾਧ ਸੰਗਤ ਜੀ, ਵੈਰਾਗ ਜ਼ਰੂਰੀ ਹੋਇਆ ਕਰਦਾ ਹੈ।

ਵੈਰਾਗ ਬਾਰੇ ਗੁਰਬਾਣੀ ਅੰਦਰ ਐਸਾ ਫੁਰਮਾਨ ਕਰਦੇ ਹਨ –

***ਧਾਰਨਾ – ਸ਼ਰਨ ਵਿਚਾਰੋ, ਮਨ ਰੇ ਪ੍ਰਭਿ ਕੀ –2, 2.***
***ਮਨ ਰੇ ਪ੍ਰਭ ਕੀ ਸ਼ਰਨ ਬਿਚਾਰੋ –2, 2.***
***ਸ਼ਰਨ ਬਿਚਾਰੋ, ............... –2.***

***ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥***
***ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰ ਧਾਰੋ॥***
***ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ॥***
***ਦੁਖ ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ॥***
***ਪੰਨਾ – 632***

ਉਸ ਦੇ ਬਾਰੇ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਫੁਰਮਾਉਂਦੇ ਹਨ ਕਿ –

***ਧ੍ਰੂ ਕਉ ਮਿਲਿਆ ਹਰਿ ਨਿਸੰਗ॥ ਪੰਨਾ – 1192***

ਇਕ ਐਸਾ ਬੱਚਾ ਜਿਸ ਨੂੰ ਬਹੁਤ ਉਚੀ ਪਦਵੀ ਪ੍ਰਾਪਤ ਹੋਈ ਤੇ ਪ੍ਰਭੂ ਨੇ ਉਸ ਦੀ ਭਗਤੀ ਤੋਂ ਪ੍ਰਸੰਨ ਹੋ ਕੇ ਨਿਸੰਗ ਹੋ ਕੇ ਦਰਸ਼ਨ ਦਿਤੇ। ਗੁਰੂ ਨਾਨਕ ਪਾਤਸ਼ਾਹ ਜੀ ਜਿਸ ਵਕਤ ਅਕਾਲ ਪੁਰਖ ਦੀ ਦਰਗਾਹ ਵੱਲ ਨੂੰ ਜਾ ਰਹੇ ਹਨ, ਸਾਕਾਰ ਮੰਡਲਾਂ ਨੂੰ ਦੇਖਦੇ ਹੋਏ ਜਾ ਰਹੇ ਹਨ ਤਾਂ ਮਰਦਾਨਾ ਕਹਿਣ ਲਗਿਆ ਕਿ ਸੱਚੇ ਪਾਤਸ਼ਾਹ! ਇਹ ਐਨਾ ਪ੍ਰਕਾਸ਼ ਕਿਥੋਂ ਆ ਰਿਹਾ ਹੈ ਤੇ ਇਹ ਤਾਂ ਪ੍ਰਕਾਸ਼ ਹੀ ਪ੍ਰਕਾਸ਼ ਹੈ। ਮਹਾਰਾਜ ਕਹਿਣ ਲੱਗੇ ਭਾਈ ਮਰਦਾਨਾ! ਆਪਾਂ ਧ੍ਰੂਅ ਮੰਡਲ ਵਿਚ ਆ ਗਏ ਹਾਂ। ਪੁੱਛਣ ਲੱਗਾ ਕਿ ਮਹਾਰਾਜ ਜੀ! ਧ੍ਰੂਅ ਕੌਣ ਸੀ? ਇਸ ਨੇ ਐਸਾ ਕਿਹੜਾ ਪੁੰਨ ਕਰਮ ਕੀਤਾ ਹੈ ਜਿਸ ਕਰਕੇ ਇਸ ਨੂੰ ਇਹ ਅਟੱਲ ਪਦਵੀ ਪ੍ਰਾਪਤ ਹੋਈ ਹੈ ਤੇ ਇਸ ਨੂੰ ਪ੍ਰਮੇਸ਼ਰ ਦੇ ਦੁਆਰੇ ਦਾ ਅਗਲਾ ਥਾਂ ਮਿਲਿਆ ਹੈ। ਮਹਾਰਾਜ ਕਹਿਣ ਲੱਗੇ, ਮਰਦਾਨਿਆ! ਧ੍ਰੂਅ ਪੰਜ ਸਾਲ ਦਾ ਬੱਚਾ ਸੀ, ਉਸ ਨੂੰ ਵੈਰਾਗ ਹੋਇਆ ਤੇ ਦ੍ਰਿੜ੍ਹਤਾ ਦੇ ਨਾਲ ਉਸ ਨੇ ਭਗਤੀ ਕੀਤੀ। ਇਸ ਕਰਕੇ ਉਸ ਨੇ ਇਹ ਪਦਵੀ ਪ੍ਰਾਪਤ ਕੀਤੀ। ਸੋ ਮਹਾਰਾਜ ਇਹ ਫੁਰਮਾਉਂਦੇ ਹਨ ਕਿ ਪੰਜ ਸਾਲ ਦਾ ਇਕ ਬੱਚਾ ਜਿਸ ਦੇ ਬਾਰੇ ਭਾਈ ਗੁਰਦਾਸ ਜੀ ਦੱਸਦੇ ਹਨ ਕਿ –

***ਧ੍ਰੂ ਹਸਦਾ ਘਰਿ ਆਇਆ ਕਰਿ ਪਿਆਰੁ ਪਿਉ ਕੁਛੜਿ ਲੀਤਾ।***
***ਭਾਈ ਗੁਰਦਾਸ ਜੀ ਵਾਰਨ 10/1***

ਇਕ ਰਾਜਾ ਉਤਾਨਪਾਦ ਹੋਇਆ ਹੈ ਜਿਸ ਦੀਆਂ ਦੋ ਰਾਣੀਆਂ ਸਨ। ਇਹ ਧ੍ਰੂਅ ਵੱਡੀ ਰਾਣੀ ਦਾ ਲੜਕਾ ਸੀ। ਰਾਜਾ ਉਤਾਨਪਾਦ ਦੇ ਬਹੁਤ ਦੇਰ ਤੱਕ ਔਲਾਦ ਨਾ ਹੋਣ ਕਾਰਨ, ਉਸ ਦੇ ਅਮੀਰ ਵਜੀਰਾਂ ਨੇ ਸਲਾਹਾਂ ਦੇਣੀਆਂ ਸ਼ੁਰੂ ਕਰ ਦਿਤੀਆਂ। ਕਹਿਣ ਲੱਗੇ, ਮਹਾਰਾਜ! ਕੋਈ ਗੱਦੀ ਦਾ ਮਾਲਕ ਨਹੀਂ ਆਇਆ ਇਸ ਕਰਕੇ ਆਪ ਦੂਜੀ ਸ਼ਾਦੀ ਕਰਵਾ

ਲਵੋ। ਰਾਜੇ ਦਾ ਰਾਣੀ ਨਾਲ ਬਹੁਤ ਪਿਆਰ ਸੀ। ਕਹਿਣ ਲੱਗਿਆ ਮੈਂ ਦੂਜੀ ਸ਼ਾਦੀ ਨਹੀਂ ਕਰਵਾਉਣੀ। ਇਥੇ ਹੀ ਕੋਈ ਯਤਨ ਕਰਕੇ ਦੇਖਦੇ ਹਾਂ। ਬੇਅੰਤ ਯਤਨ ਕੀਤੇ, ਪਰ ਕੁਝ ਨਾ ਬਣਿਆ, ਅਖੀਰ ਦੂਜੀ ਸ਼ਾਦੀ ਕਰਵਾਉਣ ਲਈ ਰਜ਼ਾਮੰਦ ਹੋ ਗਿਆ। ਵਜ਼ੀਰਾਂ ਨੂੰ ਕਹਿਣ ਲੱਗਿਆ ਕਿ ਮੈਂ ਘਰ ਸਲਾਹ ਕਰਾਂਗਾ। ਰਾਣੀ ਨੂੰ ਆ ਕੇ ਪੁਛਿਆ ਤੇ ਉਸ ਨੂੰ ਫਿਕਰ ਪੈ ਗਿਆ ਕਿਉਂਕਿ ਸੌਕਣ ਸਾੜਾ ਦੁਨੀਆਂ ਦੇ ਅੰਦਰ ਬਹੁਤ ਵੱਡਾ ਰੋਗ ਹੈ। ਸੋਚ ਸੋਚ ਕੇ ਕਹਿਣ ਲੱਗੀ ਕਿ ਐਸ ਤਰ੍ਹਾਂ ਕਰੋ ਕਿ ਮੇਰੀ ਛੋਟੀ ਭੈਣ ਹੈ, ਮੈਂ ਉਸ ਦਾ ਰਿਸ਼ਤਾ ਲੈ ਆਉਂਦੀ ਹਾਂ। ਅਸੀਂ ਦੋਵੇਂ ਭੈਣਾਂ ਹੋਵਾਂਗੀਆਂ ਅਤੇ ਅਸੀਂ ਆਪਸ ਵਿਚ ਪਿਆਰ ਨਾਲ ਰਹਾਂਗੀਆਂ। ਤੁਸੀਂ ਵੀ ਸੁਖੀ ਰਹੋਗੇ ਤੇ ਅਸੀਂ ਵੀ ਸੁਖੀ ਰਹਾਂਗੇ। ਛੋਟੀ ਭੈਣ ਦਾ ਰਿਸ਼ਤਾ ਲਿਆ ਕੇ ਸ਼ਾਦੀ ਕਰਵਾ ਦਿਤੀ ਲੇਕਿਨ ਉਸ ਦਾ ਸੁਭਾਅ ਬਿਲਕੁਲ ਵੱਡੀ ਭੈਣ ਤੋਂ ਉਲਟ ਸੀ। ਇਹ ਗੁਰਮੁਖ ਸੀ, ਉਹ ਪੂਰੀ ਮਨਮੁਖ ਸੀ। ਉਸ ਨੇ ਰਾਜੇ ਨੂੰ ਝੂਠੀਆਂ ਚੁਗਲੀਆਂ ਲਾਉਣੀਆਂ ਸ਼ੁਰੂ ਕਰ ਦਿਤੀਆਂ।

ਸਾਧ ਸੰਗਤ ਜੀ! ਸੰਸਾਰ ਦੇ ਅੰਦਰ ਦੋ ਚੀਜ਼ਾਂ ਬਹੁਤ ਬੁਰੀਆਂ ਹਨ। ਇਕ ਤਾਂ ਈਰਖਾ, ਇਸ ਨੂੰ ਸਿਉਂਕ ਆਖਿਆ ਹੈ। ਜਿਸ ਰੂਹਾਨੀ ਬੰਦੇ ਨੂੰ ਈਰਖਾ ਦੀ ਸਿਉਂਕ ਲਗੀ ਹੋਈ ਹੈ, ਉਹ ਖਬਰਦਾਰ ਹੋਵੇ ਕਿਉਂਕਿ ਉਸ ਦਾ ਕੁਝ ਬਣ ਨਹੀਂ ਰਿਹਾ, ਅੰਦਰ ਈਰਖਾ ਹੈ। ਜਿਹੜੇ ਦਰਖਤ ਨੂੰ ਸਿਉਂਕ ਲਗੀ ਹੋਈ ਹੋਵੇ ਉਹ ਕਿਵੇਂ ਫਲੀਭੂਤ ਹੋ ਸਕਦਾ ਹੈ, ਕਿਵੇਂ ਪੱਤੇ ਕੱਢ ਸਕਦਾ ਹੈ ਕਿਉਂਕਿ ਸਿਉਂਕ ਤਾਂ ਜੜ੍ਹਾਂ ਖਾ ਰਹੀ ਹੈ। ਖਾਦ ਵੀ ਪਾਉਂਦਾ ਹੈ, ਪਾਣੀ ਵੀ ਪਾਉਂਦਾ ਹੈ, ਹੋਰ ਵੀ ਸਾਰੇ ਸਾਧਨ ਕਰਦਾ ਹੈ, ਸਰਦੀ ਤੋਂ ਵੀ ਬਚਾਉਂਦਾ ਹੈ ਪਰ ਇਹ ਦੇਖਦਾ ਨਹੀਂ ਹੈ ਕਿ ਇਸ ਨੂੰ ਕੀ ਬੀਮਾਰੀ ਹੈ ਕਿਉਂਕਿ ਈਰਖਾ ਨੂੰ ਸਿਊਂਕ ਆਖਿਆ ਹੈ। ਈਰਖਾ ਦੇ ਨਾਲ ਫੇਰ ਚੁਗਲੀ ਤੇ ਨਿੰਦਾ ਚਲਦੀ ਹੈ, ਨਫਰਤ ਚਲਦੀ ਹੈ। ਇਹ ਸਾਰੀਆਂ ਚੀਜ਼ਾਂ ਜਿਹੜੀਆਂ ਹਨ ਇਹ ਰੂਹਾਨੀ ਜੀਵਨ ਨੂੰ ਬਿਲਕੁਲ ਬਰਬਾਦ ਕਰ ਦਿੰਦੀਆਂ ਹਨ। ਦੁਨਿਆਵੀ ਜੀਵਨ ਨੂੰ ਵੀ ਬਹੁਤ ਦੁਖੀ ਕਰ ਦਿੰਦੀਆਂ ਹਨ। ਸੋ ਜੇ ਕਿਸੇ ਦੇ ਮਨ ਵਿਚ ਇਹ ਖਿਆਲ ਹੋਵੇ ਕਿ ਮੈਂ ਈਰਖਾ ਵੀ ਕਰਦਾ ਰਹਾਂ ਤੇ ਰੂਹਾਨੀ ਤੌਰ ਤੇ ਵੀ ਕੁਝ ਉੱਚਾ ਹੋ ਜਾਵਾਂ, ਇਹ ਬਿਲਕੁਲ ਗਲਤ ਹੈ ਤੇ ਇਹ ਹੋ ਨਹੀਂ ਸਕਿਆ ਕਰਦਾ ਕਿਉਂਕਿ ਮਹਾਰਾਜ ਫੁਰਮਾਉਂਦੇ ਹਨ ਕਿ –

***ਜਿਸੁ ਅੰਦਰਿ ਤਾਤਿ ਪਰਾਈ ਹੋਵੈ***
***ਤਿਸ ਦਾ ਕਦੇ ਨ ਹੋਵੀ ਭਲਾ॥ ਪੰਨਾ – 308***

ਉਸ ਦਾ ਭਲਾ ਹੀ ਨਹੀਂ ਹੋ ਸਕਿਆ ਕਰਦਾ।

***ਸੁਆਦ ਬਾਦ ਈਰਖ ਮਦ ਮਾਇਆ॥***
***ਇਨ ਸੰਗਿ ਲਾਗਿ ਰਤਨ ਜਨਮੁ ਗਵਾਇਆ॥***
***ਪੰਨਾ – 741***

ਭਾਈ! ਤੂੰ ਤਾਂ ਈਰਖਾ ਕਰਕੇ ਜਨਮ ਗਵਾਈ ਬੈਠਾ ਹੈਂ। ਅੰਮ੍ਰਿਤ ਵੇਲੇ ਵੀ ਜਾਗਦਾ ਹੈਂ, ਸਿਮਰਨ ਵੀ ਕਰਦਾ ਹੈਂ, ਬਾਣੀਆਂ ਵੀ ਪੜ੍ਹਦਾ ਹੈਂ, ਸਭ ਕੁਝ ਕਰਦਾ ਹੈਂ ਪਰ ਤੇਰੇ ਅੰਦਰ ਈਰਖਾ ਨੇ ਜਨਮ ਲਿਆ ਹੋਇਆ ਹੈ। ਰੋਗ ਲਗਿਆ ਹੋਇਆ ਹੈ, ਸਿਉਂਕ ਲੱਗੀ ਹੋਈ ਹੈ। ਇਸ ਦੇ ਨਾਲ ਤੇਰਾ ਜਿਹੜਾ ਰਤਨ ਜਨਮ ਹੈ, ਤੁਰਿਆ ਜਾ ਰਿਹਾ ਹੈ, ਖਤਮ ਹੁੰਦਾ ਜਾ ਰਿਹਾ ਹੈ। ਇਸੇ ਤਰ੍ਹਾਂ ਜੋ ਚੁਗਲੀ ਕਰਦਾ ਹੈ ਉਸ ਬਾਰੇ ਮਹਾਰਾਜ ਫੁਰਮਾਨ ਕਰਦੇ ਹਨ –

***ਜਿਸੁ ਅੰਦਰਿ ਚੁਗਲੀ ਚੁਗਲੋ ਵਜੈ***
***ਕੀਤਾ ਕਰਤਿਆ ਓਸ ਦਾ ਸਭੁ ਗਇਆ॥***
***ਪੰਨਾ – 308***

ਜੋ ਚੁਗਲੀ ਕਰਦਾ ਹੈ ਉਸ ਦੇ ਪੱਲੇ ਵੀ ਕੁਝ ਨਹੀਂ ਪਿਆ ਕਰਦਾ। ਅਸੀਂ ਕਹਿ ਦਿੰਦੇ ਹਾਂ ਜੀ, ਇਹ ਤਾਂ ਰਾਜਨੀਤੀ ਹੈ ਕਿ ਇਸ ਦੀ ਗੱਲ ਉਸ ਦੇ ਉਲਟ ਤੇ ਉਸਦੀ ਗੱਲ ਇਹਦੇ ਉਲਟ। ਭੱਠ ਵਿਚ ਪਵੇ ਇਹੋ ਜਿਹੀ ਰਾਜਨੀਤੀ ਜਿਹੜੀ ਕਿ ਰੂਹਾਨੀ ਜੀਵਨ ਬਿਲਕੁਲ ਬਰਬਾਦ ਕਰਕੇ ਰੱਖ ਦਿੰਦੀ ਹੈ। ਸੋ ਸਿਆਣੇ ਬੰਦੇ ਈਰਖਾ ਨਹੀਂ ਕਰਿਆ ਕਰਦੇ।

ਇਕ ਵਾਰੀ ਗੁਰੂ ਪੰਜਵੇਂ ਪਾਤਸ਼ਾਹ ਜੀ ਦੇ ਪਾਸ ਕੁਝ ਸਿੱਖ ਆਏ ਤੇ ਕਹਿਣ ਲੱਗੇ ਕਿ ਮਹਾਰਾਜ! ਅਸੀਂ ਬਾਣੀ ਤੇ ਚੱਲਣ ਦਾ ਯਤਨ ਕਰਦੇ ਹਾਂ ਪਰ ਸਾਡੇ ਅੰਦਰ ਐਸੇ ਜਜ਼ਬੇ ਉਭਰਦੇ ਹਨ ਕਿ ਸਾਨੂੰ ਭੁਲਾ ਦਿੰਦੇ ਹਨ। ਮਹਾਰਾਜ ਨੇ ਪੁਛਿਆ, ਭਾਈ ਕਿਵੇਂ? ਕਹਿਣ ਲੱਗੇ, ਮਹਾਰਾਜ! ਈਰਖਾ ਖਾਹ-ਮ-ਖਾਹ (ਬੇਮਤਲਬੀ ਹੀ) ਹੋ ਜਾਂਦੀ ਹੈ ਕਿਉਂਕਿ ਈਰਖਾ ਦੇ ਬੜੇ ਰੂਪ ਹਨ। ਇਕ ਵਿਦਿਆਰਥੀ ਪਹਿਲੇ ਨੰਬਰ ਤੇ ਫਸਟ ਆ ਜਾਵੇ, ਦੂਸਰਾ ਈਰਖਾ ਕਰੇਗਾ। ਇਕ ਬੰਦੇ ਦਾ ਕੰਮ ਕਾਰ ਚਲ ਜਾਵੇ, ਦੂਜਾ ਈਰਖਾ ਕਰੇਗਾ। ਕੋਈ ਟਰਾਂਸਪੋਰਟ ਕੰਪਨੀ ਕਿਸੇ ਦੀ ਚੰਗੀ ਚਲ ਜਾਵੇ, ਦੂਸਰਾ ਈਰਖਾ ਕਰੇਗਾ। ਲੈਕਚਰ ਦੇਣ ਵਾਲਾ ਆ ਜਾਵੇ, ਕੋਈ ਸੰਤ ਆ ਜਾਵੇ ਉਸ ਦੇ ਨਾਲ ਉਸਦੇ ਬਰਾਬਰ ਈਰਖਾ ਕਰੇਗਾ। ਮੈਂ ਸਾਧੂ-ਸੰਤ ਵੀ ਨੇੜੇ ਤੋਂ ਦੇਖੇ ਹਨ ਪਰ ਉਹਨਾਂ ਦੇ ਅੰਦਰ ਵੀ ਈਰਖਾ ਭਰੀ ਹੁੰਦੀ ਹੈ। ਦੇਖਣ ਨੂੰ ਚੋਲਾ ਪਾਇਆ ਹੋਇਆ ਹੈ। ਅੰਮ੍ਰਿਤ ਵੇਲੇ ਵੀ ਉਠਦੇ ਹਨ, ਕੀਰਤਨ ਵੀ ਬਹੁਤ ਸੋਹਣਾ ਕਰਦੇ ਹਨ, ਵਿਆਖਿਆ ਵੀ ਬੜੀ ਸੋਹਣੀ ਕਰਦੇ ਹਨ ਪਰ ਈਰਖਾ ਤੋਂ ਆਜ਼ਾਦ ਨਹੀਂ ਹਨ। ਈਰਖਾ ਤੋਂ ਆਜ਼ਾਦ ਨਾ ਹੋਣ ਕਰਕੇ ਜੋ ਅਟੱਲ ਅਕਾਲੀ ਹੁਕਮ ਹੈ ਕਿ –

***ਜਿਸੁ ਅੰਦਰਿ ਤਾਤਿ ਪਰਾਈ ਹੋਵੈ***
***ਤਿਸ ਦਾ ਕਦੇ ਨ ਹੋਵੀ ਭਲਾ॥ ਪੰਨਾ – 308***

ਉਹ ਚਾਹੇ ਕਿੱਡਾ ਹੀ ਵੱਡਾ ਹੋ ਜਾਵੇ ਪਰ ਉਸ ਦਾ ਭਲਾ ਨਹੀਂ ਹੋਇਆ ਕਿਉਂਕਿ ਬੀਮਾਰੀ ਨਹੀਂ ਹੱਟਦੀ। ਜਦੋਂ ਤੱਕ ਈਰਖਾ ਦੀ ਬੀਮਾਰੀ ਨਾ ਦੂਰ ਹੋਵੇ ਉਦੋਂ ਤੱਕ ਸਮਝੋ ਕਿ ਇਹ ਮਾਨਸਕਿ ਬੀਮਾਰ ਹੈ। ਸੋ ਐਸੀਆਂ ਬੀਮਾਰੀਆਂ ਮਹਾਰਾਜ! ਮਲੋਮਲੀ ਲੱਗ ਜਾਂਦੀਆਂ ਹਨ। ਕ੍ਰਿਪਾ ਕਰਕੇ ਸਾਨੂੰ ਇਸ ਮੈਲ ਤੋਂ ਦੂਰ ਕਰਨ ਦੀ, ਈਰਖਾ 'ਚੋਂ ਨਿਕਲਣ ਦੀ ਕੋਈ ਜੁਗਤ ਦੱਸੋ ਜਿਸ ਦੇ ਨਾਲ ਅਸੀਂ ਨਿਕਲ ਜਾਈਏ। ਮਹਾਰਾਜ ਜੀ ਕਹਿਣ ਲੱਗੇ, ਦੇਖੋ ਭਾਈ! ਗੱਲ ਤਾਂ ਇਹ ਹੈ ਕਿ ਅਕਾਲ ਪੁਰਖ ਦੀ ਦਇਆ ਦੇ ਨਾਲ ਕੋਈ ਵੱਡਾ ਬਣਦਾ ਹੈ ਤੇ ਉਹਦੀ ਦ੍ਰਿਸ਼ਟੀ ਨਾ ਹੋਵੇ ਤਾਂ ਛੋਟਾ ਬਣਦਾ ਹੈ ਕਿਉਂਕਿ ਉਸ ਨੇ ਕਰਮ ਐਸੇ ਕੀਤੇ ਹੋਏ ਹਨ।

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥***

***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥***
***ਪੰਨਾ - 433***

ਚੰਗੇ ਕਰਮਾਂ ਨਾਲ ਵਧ ਜਾਂਦਾ ਹੈ, ਮਾੜੇ ਕਰਮਾਂ ਨਾਲ ਘਟ ਜਾਇਆ ਕਰਦਾ ਹੈ। ਸੋ ਇਸ ਕਰਕੇ ਇਹ ਤਾਂ ਸਾਰਾ ਉਸਦਾ ਹੀ ਪ੍ਰਬੰਧ ਚਲ ਰਿਹਾ ਹੈ।

***ਧਾਰਨਾ - ਇਕਨਾ ਨੂੰ ਪਲੰਘ ਨਵਾਰ ਦੇ,***
***ਇਕਨਾ ਨੂੰ ਹੈ ਨਾ ਗੋਦੜੀ -2, 2.***
***ਮੇਰੇ ਪਿਆਰੇ, ਇਕਨਾ ਨੂੰ ਹੈ ਨਾ ਗੋਦੜੀ -2, 2.***
***ਇਕਨਾ ਨੂੰ ਪਲੰਘ ਨਵਾਰ ਦੇ, .... -2.***

***ਕਾਹੂ ਦੀਨੇ ਪਾਟ ਪਟੰਬਰ ਕਾਹੂ ਪਲਘ ਨਿਵਾਰਾ॥***
***ਕਾਹੂ ਗਰੀ ਗੋਦਰੀ ਨਾਹੀ ਕਾਹੂ ਖਾਨ ਪਰਾਰਾ॥***
***ਅਹਿਰਖ ਵਾਦੁ ਨ ਕੀਜੈ ਰੇ ਮਨ॥***
***ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ॥ ਪੰਨਾ - 479***

ਮਹਾਰਾਜ ਕਹਿਣ ਲੱਗੇ ਇਹ ਤਾਂ ਵਾਹਿਗੁਰੂ ਦੀ ਮਾਇਆ ਹੋਇਆ ਕਰਦੀ ਹੈ। ਇਕਨਾਂ ਪਾਸ ਸੁਖਾਂ ਦੇ ਸਾਧਨਾਂ ਦਾ ਅੰਤ ਨਹੀਂ ਹੋਇਆ ਕਰਦਾ ਤੇ ਇਕਨਾਂ ਪਾਸ ਪਹਿਨਣ ਤੇ ਖਾਣ ਨੂੰ ਕੁਝ ਵੀ ਨਹੀਂ ਮਿਲਦਾ। ਇਸ ਲਈ ਕਿਉਂ ਈਰਖਾ ਕਰਦਾ ਹੈਂ। ਪ੍ਰੇਮੀਆਂ! ਤੇਰੇ ਈਰਖਾ ਕਰਨ ਨਾਲ ਕੁਝ ਸੰਵਰੇਗਾ ਨਹੀਂ, ਤੂੰ ਤਾਂ ਆਪਣਾ ਆਪ ਹੀ ਜਾਲ ਰਿਹਾ ਹੈ। ਈਰਖਾਲੂ ਆਪਣਾ ਮਾਸ ਆਪ ਹੀ ਖਾਇਆ ਕਰਦਾ ਹੈ ਕਿਉਂਕਿ ਆਪਣੇ ਸਰੀਰ ਨੂੰ ਨੁਕਸਾਨ ਪਹੁੰਚਾ ਰਿਹਾ ਹੁੰਦਾ ਹੈ। ਈਰਖਾ ਕਰਨ ਨਾਲ ਹਰ ਵਕਤ ਦਿਮਾਗ ਦੇ ਅੰਦਰ ਤਨਾਵ (tension) ਰਹਿੰਦਾ ਹੈ, ਮਿਹਦਾ ਕੰਮ ਕਰਨ ਤੋਂ ਹਟ ਜਾਂਦਾ ਹੈ ਅਤੇ ਗੈਸ ਦੀ ਬੀਮਾਰੀ ਹੋ ਜਾਇਆ ਕਰਦੀ ਹੈ। ਜਿਗਰ ਦੇ ਵਿਚ ਨੁਕਸ ਪੈ ਜਾਂਦਾ ਹੈ, ਗੁਰਦਿਆਂ ਵਿਚ ਨੁਕਸ ਪੈ ਜਾਂਦਾ ਹੈ। ਬਲੱਡ ਪਰੈਸ਼ਰ ਅਤੇ ਦਿਲ ਦੀ ਬੀਮਾਰੀ ਹੋ ਜਾਇਆ ਕਰਦੀ ਹੈ, ਗੈਸ ਬਣ ਜਾਂਦੀ ਹੈ ਤੇ ਰੋਗ ਆਪਣੇ ਆਪ ਹੀ ਸਹੇੜ ਲਿਆ।

ਮਹਾਰਾਜ ਕਹਿਣ ਲੱਗੇ, ਦੇਖੋ ਭਾਈ! ਤੁਸੀਂ ਇਸ ਤਰ੍ਹਾਂ ਕਰੋ ਕਿ ਚਾਰ-ਚਾਰ ਵਿਆਹ ਹੋਰ ਕਰਵਾ ਲਵੋ। ਸਾਰੀ ਸੰਗਤ ਹੈਰਾਨ ਹੋ ਰਹੀ ਹੈ ਤੇ ਹੱਥ ਬੰਨ੍ਹੀ ਖੜ੍ਹੇ ਹਨ। ਇਹ ਪਿਸ਼ਾਵਰ ਦੀ ਸੰਗਤ ਹੈ। ਇਕ ਦੂਜੇ ਦੇ ਚਿਹਰਿਆਂ ਵੱਲ ਤੱਕਣ ਲੱਗ ਗਏ ਕਿ ਮਹਾਰਾਜ ਦਾ ਬਚਨ ਨਾ ਟਾਲਿਆ ਜਾ ਸਕਦਾ ਹੈ ਤੇ ਹੁਣ ਕੀ ਹੋਏਗਾ? ਮਹਾਰਾਜ ਕਹਿਣ ਲੱਗੇ ਭਾਈ ਕੀ ਸੋਚਦੇ ਹੋ? ਕਹਿਣ ਲੱਗੇ ਮਹਾਰਾਜ ਜੀ ਕੀ ਦੱਸੀਏ, ਟੱਬਰ ਤਾਂ ਇਕ-ਇਕ ਹੀ ਸੰਭਾਲਣਾ ਬਹੁਤ ਔਖਾ ਹੈ ਤੇ ਜੇ ਚਾਰ-ਚਾਰ ਹੋਰ ਕਰ ਲਏ ਤਾਂ ਪੰਜ-ਪੰਜ ਹੋ ਜਾਣਗੇ। ਇਹ ਕਿਸ ਤਰ੍ਹਾਂ ਹੋਏਗਾ? ਮਹਾਰਾਜ ਕਹਿਣ ਲੱਗੇ ਭਾਈ ਅਸੀਂ ਸਰੀਰਕ ਵਿਆਹ ਕਰਨ ਵਾਸਤੇ ਨਹੀਂ ਕਹਿੰਦੇ। ਅਸੀਂ ਕਹਿੰਦੇ ਹਾਂ ਕਿ ਤੁਸੀਂ ਮਨ ਦੇ ਵਿਆਹ ਕਰ ਲਓ। ਕਹਿਣ ਲੱਗੇ, "ਮਹਾਰਾਜ! ਕਿਰਪਾ ਕਰੋ, ਆਪ ਜੀ ਦੀ ਰਮਜ਼ ਅਸੀਂ ਸਮਝ ਨਹੀਂ ਸਕੇ।" ਮਹਾਰਾਜ ਕਹਿਣ ਲੱਗੇ, "ਦੇਖੋ, ਭਾਈ ਧਿਆਨ ਨਾਲ ਸੁਣੋ। ਚਾਰ ਇਸਤਰੀਆਂ ਹੋਇਆ ਕਰਦੀਆਂ ਹਨ - ਇਕ ਦਾ ਨਾਉ ਮੈਤਰੀ ਹੈ, ਦੂਜੀ ਦਾ ਨਾਮ ਮੁਦਤਾ, ਤੀਜੀ ਦਾ ਨਾਮ ਕਰੁਣਾ ਹੈ ਅਤੇ ਚੌਥੀ ਦਾ ਨਾਮ ਉਪੇਖਿਆ ਹੈ। ਇਹ ਚਾਰੇ ਤੁਸੀਂ ਧਾਰਨ ਕਰੋ। ਜਿਹੜਾ ਤਾਂ ਆਪ ਤੋਂ ਗਰੀਬ ਹੈ, ਉਸ ਨੂੰ ਅਭਿਮਾਨ ਕਰਕੇ ਨਾ ਦਿਖਾਓ, ਤੇ ਉਸ ਨੂੰ ਇਹ ਨਾ ਜਣਾਓ ਕਿ ਮੇਰੇ ਕੋਲ ਬਹੁਤ ਧਨ ਹੈ ਤੇ ਇਹ ਗਰੀਬ ਹੈ। ਉਸ ਵਾਸਤੇ ਕਰੁਣਾ ਰੱਖਣੀ ਹੈ। ਅਰਦਾਸ ਕਰਨੀ ਹੈ ਕਿ ਹੇ ਸੱਚੇ ਪਾਤਸ਼ਾਹ! ਇਸ ਤੇ ਵੀ ਕ੍ਰਿਪਾ ਕਰ, ਹੋਰ ਸਾਰਿਆਂ ਨੂੰ ਤੁਸੀਂ ਦਾਤਾਂ ਬਖਸ਼ਦੇ ਹੋ, ਇਥੇ ਦਇਆ ਦੀ ਬਿਰਤੀ ਧਾਰਨ ਕਰੋ। ਉਥੇ ਅਭਿਮਾਨ ਕਰਕੇ ਨਾ ਦਿਖਾਓ, ਆਪਣੀਆਂ ਗੱਲਾਂ ਕਰਕੇ ਉਸ ਨੂੰ ਨੀਵਾਂ ਨਾ ਕਰੋ ਕਿ ਸਾਡੇ ਕਾਕੇ ਕੋਲ ਤਾਂ ਬਹੁਤ ਵਧੀਆ ਚੀਜ਼ਾਂ ਹਨ, ਉਸ ਕੋਲ ਵਧੀਆ ਸਾਈਕਲ ਹੈ। ਉਸ ਨੂੰ ਮੋਟਰ ਸਾਈਕਲ ਲੈ ਦਿਤਾ ਹੈ ਤੇ ਉਹ ਵਿਚਾਰਾ ਸਾਈਕਲ ਲੈ ਕੇ ਨਹੀਂ ਦੇ ਸਕਦਾ। ਸੋ ਇਸ ਤਰ੍ਹਾਂ ਅਭਿਮਾਨ ਦੀ ਬਾਤ ਮਨ ਵਿਚ ਨਾ ਲਿਆਓ।

ਜਿਹੜਾ ਬਰਾਬਰ ਦਾ ਹੋਵੇ, ਜਿਸ ਨੂੰ ਵਾਹਿਗੁਰੂ ਨੇ ਤੁਹਾਡੇ ਜਿੰਨਾ ਦਿਤਾ ਹੈ, ਉਸ ਨਾਲ ਮੈਤਰੀ ਭਾਵ ਰੱਖੋ, ਮਿੱਤਰਤਾ ਰੱਖੋ। ਜਦੋਂ ਮਿੱਤਰਤਾ ਰੱਖਾਂਗੇ ਉਸ ਵੇਲੇ ਈਰਖਾ ਨਹੀਂ ਆਏਗੀ। ਜਿਸ ਨੂੰ ਵਾਹਿਗੁਰੂ ਨੇ ਬਹੁਤਾ ਦਿਤਾ ਹੋਇਆ ਹੈ, ਉਸ ਨਾਲ ਮੁਦਤਾ ਦਾ ਵਰਤਾਓ ਕਰੋ। ਮੁਦਤਾ ਉਸ ਨੂੰ ਕਹਿੰਦੇ ਹਨ ਕਿ ਦੂਸਰੇ ਨੂੰ ਦੇਖ ਕੇ ਖੁਸ਼ ਹੋਣਾ, ਦੂਸਰੇ ਦੀ ਤਰੱਕੀ ਨੂੰ ਦੇਖ ਕੇ ਖੁਸ਼ ਹੋਣਾ। ਚੌਥਾ ਹੈ ਕਿ ਜੇ ਕੋਈ ਤੁਹਾਡੇ ਨਾਲ ਵੈਰ ਭਾਵ ਰੱਖਦਾ ਹੈ, ਤੁਹਾਡੇ ਨਾਲ ਖਾਮ-ਖਾਹ ਲੜਾਈ ਝਗੜਾ ਫਸਾਦ ਕਰਨਾ ਚਾਹੁੰਦਾ ਹੈ ਤਾਂ ਉਸ ਦਾ ਤਰੀਕਾ ਇਹ ਹੋਇਆ ਕਰਦਾ ਹੈ ਕਿ ਹੌਲੀ-ਹੌਲੀ ਉਸ ਤੋਂ ਪਿਛੇ ਹਟਣਾ ਸ਼ੁਰੂ ਹੋ ਜਾਓ। ਇਕ ਦਮ ਨਾ ਹਟੋ, ਸਗੋਂ ਆਹਿਸਤਾ-ਆਹਿਸਤਾ ਹਟੋ। ਜਿਵੇਂ ਪਹਿਲਾਂ ਰੋਜ਼ ਮਿਲਦੇ ਹੋ ਤਾਂ ਹਫਤੇ ਵਿਚ ਤਿੰਨ ਵਾਰੀ ਜਾਣਾ ਸ਼ੁਰੂ ਕਰ ਦਿਓ, ਫੇਰ ਦੋ ਵਾਰੀ, ਫੇਰ ਇਕ ਵਾਰੀ, ਫੇਰ ਸਾਲ ਬਾਅਦ ਤੇ ਐਨੇ ਨੂੰ ਭੁਲ ਭੁਲਾ ਜਾਵੇਗਾ। ਸੋ ਤੁਸੀਂ ਇਹ ਚਾਰ ਬਿਰਤੀਆਂ ਨੂੰ ਧਾਰਨ ਕਰੋ ਤੇ ਫੇਰ ਇਸ ਦਾ ਨਤੀਜਾ ਕੀ ਹੋਏਗਾ ਕਿ ਇਹ ਤਾਤ-ਪਰਾਈ (ਈਰਖਾ) ਹਟ ਜਾਵੇਗੀ।

***ਬਿਸਰਿ ਗਈ ਸਭ ਤਾਤਿ ਪਰਾਈ॥***
***ਜਬ ਤੇ ਸਾਧਸੰਗਤਿ ਮੋਹਿ ਪਾਈ॥ ਪੰਨਾ - 1299***

ਇਹ ਈਰਖਾ ਜੋ ਹੈ, ਦੁਨੀਆ ਦੇ ਅੰਦਰ ਬਹੁਤ ਭਿਆਨਕ ਸਿੱਟੇ ਕੱਢਿਆ ਕਰਦੀ ਹੈ। ਇਕ ਵਾਰੀ ਇਕ ਪ੍ਰੇਮੀ ਜਿਸ ਨੂੰ ਪੈਸੇ ਟਕੇ ਦੀ ਲੋੜ ਸੀ, ਇਕ ਮਹਾਤਮਾ ਕੋਲ ਗਿਆ। ਮਹਾਤਮਾ ਦੀ ਸੇਵਾ ਕੀਤੀ, ਸੇਵਾ ਤੋਂ ਪ੍ਰਸੰਨ ਹੋ ਕੇ ਮਹਾਤਮਾ ਕਹਿਣ ਲੱਗੇ ਕਿ ਲੈ ਪ੍ਰੇਮੀਆ। ਤੈਨੂੰ ਅਸੀਂ ਇਕ ਸੰਖ ਦਿੰਦੇ ਹਾਂ, ਇਸ ਨੂੰ ਵਜਾ ਕੇ ਜੋ ਤੂੰ ਮੰਗੇਂਗਾ, ਤੈਨੂੰ ਮਿਲ ਜਾਇਆ ਕਰੇਗਾ, ਪਰ ਇਹਦੇ ਵਿਚ ਇਕ ਨੁਕਸ ਹੈ। ਕਹਿੰਦਾ, "ਕੀ ਮਹਾਰਾਜ, ਇਹਦੇ ਵਿਚ ਕੀ ਨੁਕਸ ਹੈ?" ਮਹਾਤਮਾ ਕਹਿਣ ਲੱਗੇ ਕਿ ਜੋ ਕੁਝ ਤੂੰ ਆਪਣੇ ਲਈ ਮੰਗੇਂਗਾ ਉਹ ਤੈਨੂੰ ਤਾਂ ਮਿਲੇਗਾ ਹੀ ਪਰ ਤੇਰੇ ਪੜੌਸੀਆਂ ਦੇ ਦੁਗਣਾ ਹੋ ਜਾਇਆ ਕਰੇਗਾ। ਉਸ ਸਮੇਂ ਤਾਂ ਉਸ ਨੇ ਇਸ ਦੇ ਸਿੱਟੇ ਨੂੰ ਨਾ ਸੋਚਿਆ ਅਤੇ ਖੁਸ਼ੀ-ਖੁਸ਼ੀ ਘਰ ਆ ਗਿਆ। ਬੀਬੀ, ਉਸ ਦੀ ਘਰ ਵਾਲੀ ਕਹਿਣ ਲੱਗੀ, ਕੁਛ ਮਿਲ ਗਿਆ? ਕਹਿੰਦਾ ਇਹੋ ਜਿਹਾ ਮਿਲ ਗਿਆ ਕਿ ਜੋ ਚੀਜ਼ ਚਾਹੀਦੀ ਹੈ ਲੈ ਲਓ,

ਇਸ ਪਾਸੋਂ ਸਭ ਚੀਜ਼ਾਂ ਮਿਲ ਜਾਣਗੀਆਂ। ਪਰ ਸੰਤ ਇਕ ਗੱਲ ਕਹਿੰਦੇ ਸੀ ਕਿ ਇਸਦੇ ਵਿਚ ਇਹ ਨੁਕਸ ਹੈ ਕਿ ਤੈਥੋਂ ਦੁਗਣਾਂ ਤੇਰੇ ਪੜੌਸੀਆਂ ਦੇ, ਤੇਰੇ ਸ਼ਰੀਕਾਂ ਦੇ ਚਲਿਆ ਜਾਇਆ ਕਰੇਗਾ। ਕਹਿਣ ਲੱਗੀ ਇਹ ਤਾਂ ਮਾੜੀ ਗੱਲ ਹੋਈ, ਉਨ੍ਹਾਂ ਦੇ ਕਿਉਂ ਚਲਿਆ ਜਾਵੇ? ਉਨ੍ਹਾਂ ਨੇ ਕਿਹੜੀ ਮਿਹਨਤ ਕੀਤੀ ਹੈ? ਇਥੋਂ ਹੀ ਈਰਖਾ ਪੈਦਾ ਹੋ ਗਈ। ਹਾਲੇ ਕੁਛ ਲਿਆ ਨਹੀਂ ਹੈ। ਉਸ ਤੋਂ ਬਾਅਦ ਉਨ੍ਹਾ ਨੇ ਸੰਖ ਪੂਰਿਆ ਤੇ ਸਾਹਮਣੇ ਹੋ ਕੇ ਗੱਲ ਕਹਿਣ ਲੱਗ ਗਏ। ਜੋ ਵੀ ਮੰਗਦੇ ਹਨ ਮਿਲ ਜਾਂਦਾ ਹੈ ਤੇ ਉਸ ਤੋਂ ਦੁਗਣਾ-ਦੁਗਣਾ ਗਵਾਂਢੀਆਂ ਦੇ ਆਈ ਜਾਂਦਾ ਹੈ। ਅਖੀਰ ਰੋਟੀ ਪਾਨੀ ਛੁਟ ਗਿਆ। ਭੁਖ ਲੱਗਣ ਤੋਂ ਹੱਟ ਗਈ ਕਿਉਂਕਿ ਈਰਖਾ ਐਸੀ ਬੀਮਾਰੀ ਹੈ ਕਿ ਭੁਖ ਮਰ ਜਾਇਆ ਕਰਦੀ ਹੈ। ਈਰਖਾਲੂ ਦੇ ਮਨ ਵਿਚ ਹਰ ਵਕਤ ਇਹੀ ਰਹਿੰਦਾ ਹੈ ਕਿ ਮੈਂ ਹੁਣ ਇਸ ਦਾ ਕੀ ਨੁਕਸਾਨ ਕਰਾਂ? ਉਸਦਾ ਨੁਕਸਾਨ ਹੋ ਜਾਵੇ, ਫਸਲ ਮਾਰੀ ਜਾਵੇ, ਟਰੱਕ ਚਲਦੇ ਹਨ ਤਾਂ ਐਕਸੀਡੈਂਟ ਹੋ ਜਾਵੇ ਤਾਂ ਖੁਸ਼ ਹੋ ਜਾਂਦਾ ਹੈ ਕਿਉਂਕਿ ਉਹ ਦੂਜੇ ਦੇ ਨੁਕਸਾਨ ਹੋਣ ਤੇ ਖੁਸ਼ ਹੋਇਆ ਕਰਦਾ ਹੈ।

ਕਾਫੀ ਸਮੇਂ ਤੋਂ ਬਾਅਦ ਘਰ ਵਾਲੀ ਕਹਿਣ ਲੱਗੀ ਕਿ ਚੰਗਾ ਸੰਖ ਲਿਆਂਦਾ ਹੈ, ਆਪਣਾ ਤਾਂ ਰੋਟੀ ਪਾਨੀ ਵੀ ਛੁੱਟ ਗਿਆ। ਅੱਗੇ ਹੱਸ ਕੇ ਆਪਸ ਵਿਚ ਤਾਂ ਬੋਲ ਲੈਂਦੇ ਸੀ, ਹੁਣ ਉਹ ਵੀ ਜਾਂਦਾ ਰਿਹਾ। ਕਹਿਣ ਲੱਗਿਆ ਤੂੰ ਫਿਕਰ ਨਾ ਕਰ। ਮੈਂ ਸਭ ਕੁਛ ਸੋਚ ਲਿਆ ਹੈ, ਹੁਣੇ ਦੇਖ ਸਭ ਇਲਾਜ ਕਰ ਦਿੰਦਾ ਹਾਂ। ਸੰਖ ਸਾਮ੍ਹਣੇ ਰੱਖ ਲਿਆ ਜਿਸ ਤਰ੍ਹਾਂ ਸੰਤਾਂ ਨੇ ਦੱਸਿਆ ਸੀ, ਕਹਿਣ ਲੱਗਿਆ, ਹੇ ਸੰਖ ਦੇਵਤਾ! ਮੇਰੀ ਇਕ ਅੱਖ ਕਾਨੀ ਕਰ ਦੇ। ਕਿਉਂਕਿ ਉਹਨਾਂ ਦੇ ਦੁਗਣਾ ਜਾਨਾ ਸੀ, ਉਨ੍ਹਾਂ ਦੀਆਂ ਦੋਵੇਂ ਅੱਖਾਂ ਅੰਨ੍ਹੀਆਂ ਹੋ ਗਈਆਂ। ਦੂਜੀ ਮੰਗ ਕੀਤੀ, ਹੇ ਸੰਖ ਦੇਵਤਾ! ਮੇਰੇ ਦਰਵਾਜ਼ੇ ਅੱਗੇ ਇਕ ਖੂਹ ਲਾ ਦੇ। ਉਸਦੇ ਇਕ ਲੱਗ ਗਿਆ, ਉਹਨਾਂ ਦੇ ਦੋ ਲੱਗ ਗਏ। ਜਿਹੜਾ ਵੀ ਘਰੋਂ ਘਬਰਾ ਕੇ ਅੰਨ੍ਹਾ ਹੋ ਕੇ ਬਾਹਰ ਨਿਕਲੇ, ਦੜੰਮ ਖੂਹ ਵਿਚ ਗਿਰ ਜਾਇਆ ਕਰੇ ਤੇ ਇਹ ਦੋਵੇਂ ਪਤੀ-ਪਤਨੀ ਕਾਨੇ ਹੋਏ ਹੋਏ, ਇਕ-ਇਕ ਅੱਖ ਨਾਲ ਦੇਖੀ ਜਾ ਰਹੇ ਹਨ ਤੇ ਘਰ ਵਾਲੀ ਨੂੰ ਕਹਿੰਦਾ ਹੈ ਕਿ ਹੁਣ ਤਾਂ ਤੂੰ ਖੁਸ਼ ਹੈਂ? ਹੁਣ ਤਾਂ ਠੀਕ ਹੋ ਗਿਆ ਕਿਉਂਕਿ ਉਹਨਾਂ ਦਾ ਵੀ ਸਭ ਕੁਝ ਆਪਣਾ ਹੀ ਬਣ ਗਿਆ। ਸੋ ਸਾਧ ਸੰਗਤ ਜੀ! ਈਰਖਾ ਐਸੀ ਚੀਜ਼ ਹੈ। ਇਹ ਮਾਨਸਿਕ ਬੀਮਾਰੀ ਹੈ ਤੇ ਇਹ ਬਹੁਤ ਬੁਰੀ ਬੀਮਾਰੀ ਹੈ। ਇਸੇ ਤਰ੍ਹਾਂ ਚੁਗਲੀ ਦਾ ਫਲ ਵੀ ਬਹੁਤ ਮਾੜਾ ਹੁੰਦਾ ਹੈ।

ਮਹਾਂਪੁਰਸ਼ ਸੁਣਾਇਆ ਕਰਦੇ ਸੀ ਕਿ ਇਕ ਪਠਾਨ ਸੀ। ਉਸਨੇ ਬਹੁਤ ਹੀ ਕੰਮ ਕਰਨ ਵਾਲਾ ਇਕ ਨੌਕਰ ਰੱਖਿਆ, ਸਾਰੇ ਹੀ ਕੰਮ ਕਰਦਾ ਸੀ ਤੇ ਉਹ ਬੜਾ ਹੀ ਪ੍ਰਸੰਨ ਸੀ। ਕਹਿਣ ਲੱਗਿਆ, ਤੂੰ ਦੱਸ! ਤੈਨੂੰ ਤਨਖਾਹ ਕੀ ਦੇਈਏ? ਉਹ ਕਹਿਣ ਲੱਗਿਆ, ਖਾਨ ਸਾਹਿਬ! ਮੈਂ ਤਨਖਾਹ ਨਹੀਂ ਲਿਆ ਕਰਦਾ। ਹੋਰ ਫੇਰ ਕੀ ਲਿਆ ਕਰਦਾ ਹੈਂ? ਤਾਂ ਨੌਕਰ ਕਹਿਣ ਲੱਗਿਆ ਕਿ ਮੈਨੂੰ ਰੋਟੀ ਖਾਣ ਵਾਸਤੇ ਜਿਵੇਂ ਮਰਜ਼ੀ ਦੀ ਦੇ ਦਿਓ, ਸਾਲ ਵਿਚ ਦੋ ਤਰ੍ਹਾਂ ਦੇ ਕੱਪੜੇ ਪਹਿਨਣ ਨੂੰ-ਸਰਦੀਆਂ ਵਿਚ ਜ਼ਰਾ ਮੋਟਾ ਹੋਵੇ ਤੇ ਗਰਮੀਆਂ ਵਿਚ ਸੂਤ ਦਾ ਪਹਿਨਣ ਵਾਸਤੇ ਤੇ ਹੋਰ ਮੈਨੂੰ ਕੁਝ ਨਹੀਂ ਚਾਹੀਦਾ। ਪਠਾਨ ਕਹਿਣ ਲੱਗਿਆ ਕਿ ਤੇਰੀ ਹੋਰ ਕੋਈ ਮੰਗ ਤਾਂ ਨਹੀਂ, ਕੋਈ ਸ਼ਰਤ ਤਾਂ ਨਹੀਂ? ਕਹਿਣ ਲੱਗਿਆ, "ਖਾਨ ਸਾਹਿਬ! ਅਸ਼ਟਾਮ ਲੈ ਕੇ ਆਓ ਤੇ ਮੇਰੀ ਇਕ ਸ਼ਰਤ ਹੈ। ਅਸ਼ਟਾਮ ਮੰਗਵਾ ਲਿਆ - ਇਕਰਾਰਨਾਮਾ ਲਿਖਣ ਵਾਸਤੇ। ਲਿਖਾਉਣਾ ਸ਼ੁਰੂ ਕਰ ਦਿਤਾ ਤੇ ਪਠਾਨ ਨੇ ਪੁਛਿਆ ਕਿ ਦੱਸ ਕੀ ਲਿਖਵਾਉਣਾ ਹੈ। ਕਹਿੰਦਾ ਪਹਿਲਾਂ ਇਹ ਸਾਰੀਆਂ ਗੱਲਾਂ ਲਿਖੋ ਕਿ ਤਨਖਾਹ ਨਹੀਂ ਲੈਣੀ, ਕੱਪੜੇ ਐਨੇ ਕੁ ਲੈਣੇ ਹਨ, ਕੰਮ ਨਿਆਣਿਆਂ ਨੂੰ ਖਿਡਾਉਣ ਤੋਂ ਲੈ ਕੇ ਖੇਤੀ ਦਾ ਕੰਮ ਵੀ ਕਰਨਾ ਹੈ, ਮੱਝਾਂ ਦਾ ਕੰਮ ਵੀ ਕਰਨਾ ਹੈ, ਧਾਰਾਂ ਵੀ ਕੱਢਣੀਆਂ ਹਨ, ਭਾਂਡੇ ਵੀ ਮਾਂਜਣੇ ਹਨ, ਪ੍ਰਸ਼ਾਦਾ ਵੀ ਪਕਾਉਣਾ, ਸਾਰੇ ਕੰਮ ਕਰਾਂਗਾ। ਜਦੋਂ ਸਾਰਾ ਕੁਝ ਲਿਖ ਲਿਆ ਤੇ ਕਹਿਣ ਲੱਗਿਆ ਅਖੀਰ ਤੇ ਕਿ ਇਹ ਮੇਰੀ ਸ਼ਰਤ ਲਿਖਣ ਲੱਗਿਆਂ ਜਰਾ ਸੋਚ ਲੈਣਾ ਕਿ ਮੈਨੂੰ ਚੁਗਲੀ ਕਰਨ ਦੀ ਆਦਤ ਹੈ ਤੇ ਮੈਂ ਤਿੰਨ ਚਾਰ ਸਾਲ ਬਾਅਦ ਕਰਿਆ ਕਰਦਾ ਹਾਂ। ਕਦੇ ਕਦੇ ਮੈਨੂੰ ਭਲਕ ਉਠਦੀ ਹੈ; ਜੇ ਕੋਈ ਤੁਹਾਡਾ ਨੁਕਸਾਨ ਹੋ ਗਿਆ ਫੇਰ ਤੁਸੀਂ ਜਿੰਮੇਵਾਰ ਹੋਵੋਂਗੇ। ਇਸ ਦਾ ਮੈਂ ਜਿੰਮੇਵਾਰ ਨਹੀਂ ਹੋਵਾਂਗਾ। ਇਹ ਸ਼ਰਤ ਇਸ ਤੇ ਲਿਖ ਦਿਓ। ਜੇ ਤੁਹਾਨੂੰ ਮਨਜ਼ੂਰ ਹੈ ਤਾਂ ਨੌਕਰੀ ਤੇ ਰੱਖ ਲਓ। ਪਠਾਨ ਕਹਿਣ ਲੱਗਿਆ ਇਹ ਕਿਹੜੀ ਗੱਲ ਹੈ, ਜਦੋਂ ਤੂੰ ਦੱਸ ਹੀ ਦਿਤਾ ਕਿ ਚੁਗਲੀ ਕਰਨ ਦੀ ਤੇਰੀ ਆਦਤ ਹੈ ਤਾਂ ਅਸੀਂ ਸਾਵਧਾਨ ਰਹਾਂਗੇ। ਕਹਿਣ ਲੱਗਿਆ, ਖਾਨ ਸਾਹਿਬ! ਪਤਾ ਨਹੀਂ ਲੱਗਦਾ ਹੁੰਦਾ, ਇਹ ਚੰਗੀ ਤਰ੍ਹਾਂ ਲਿਖ ਲਓ ਕਿ ਜੇ ਕੋਈ ਨੁਕਸਾਨ ਹੋਇਆ ਤਾਂ ਮੈਂ ਜਿੰਮੇਵਾਰ ਨਹੀਂ ਹੋਵਾਂਗਾ। ਲਿਖ ਲਿਆ, ਤੇ ਅਸ਼ਟਾਮ ਪਠਾਨ ਨੇ ਸਾਂਭ ਕੇ ਰੱਖ ਲਿਆ। ਘਰ ਵਿਚ ਰਹਿਣ ਲੱਗ ਪਿਆ। ਸਾਰੇ ਕੰਮ ਕਰੀ ਜਾਂਦਾ ਹੈ ਤੇ ਚਾਰ ਸਾਲ ਲੰਘ ਗਏ ਤੇ ਘਰ ਵਾਲੇ ਭੁਲ ਗਏ। ਇਕ ਦਿਨ ਉਠ ਕੇ ਕੋਈ ਕੰਮ ਹੀ ਨਾ ਕਰਿਆ, ਨਾ ਨਾਤ੍ਹਾ, ਨਾ ਕੱਪੜੇ ਬਦਲੇ ਤੇ ਠੋਡੀ ਹੇਠਾਂ ਹੱਥ ਰੱਖ ਕੇ ਬਹਿ ਗਿਆ। ਪਠਾਨ ਦੇ ਘਰੋਂ ਬੇਗਮ ਨੇ ਦੇਖਿਆ, ਕਹਿਣ ਲੱਗੀ ਤੈਨੂੰ ਕੀ ਹੋ ਗਿਆ ਭਾਈ! ਅੱਜ ਕੀ ਹੋ ਗਿਆ ਤੈਨੂੰ? ਕੋਈ ਸੰਦੇਸ਼ਾ ਆ ਗਿਆ? ਤੂੰ ਕੰਮ ਕਿਉਂ ਨਹੀਂ ਕਰਨ ਲੱਗਿਆ? ਕੋਈ ਜਵਾਬ ਨਹੀਂ ਦਿਤਾ, ਚਿਖ ਕਰਕੇ ਹੀ ਉਤਰ ਦਿਤਾ, ਫੇਰ ਉਸ ਨੇ ਦੋ-ਚਾਰ ਵਾਰੀ ਪੁਛਿਆ ਤੇ ਨੇੜੇ ਆ ਗਈ ਤੇ ਸੋਚਿਆ ਕਿ ਕੋਈ ਗੰਭੀਰ ਗੱਲ ਹੈ, ਜਿਹੜਾ ਇਹ ਦੱਸ ਨਹੀਂ ਰਿਹਾ। ਕਹਿਣ ਲੱਗੀ, ਕੀ ਗੱਲ ਹੈ ਭਾਈ! ਦੱਸ ਤੂੰ ਬੋਲਦਾ ਕਿਉਂ ਨਹੀਂ? ਕਹਿਣ ਲੱਗਿਆ, ਬੀਬੀ ਜੀ ਕੀ ਦੱਸਾਂ, ਮੂੰਹ ਤਾਂ ਮੇਰਾ ਦੋ ਕੁ ਉਂਗਲ ਦਾ ਹੀ ਹੈ ਪਰ ਗੱਲ ਬਹੁਤੀ ਵੱਡੀ ਹੈ, ਦੱਸੀ ਨਹੀਂ ਜਾ ਸਕਦੀ। ਕਹਿਣ ਲੱਗੀ ਇਹੋ ਜਿਹੀ ਕਿਹੜੀ ਗੱਲ ਹੈ? ਕਹਿਣ ਲੱਗਿਆ ਕਿ ਬੇਗਮ ਸਾਹਿਬਾ! ਕੀ ਦੱਸਾਂ, ਜਦੋਂ ਤੋਂ ਮੈਂ ਗੱਲ ਸੁਣੀ ਹੈ, ਉਸ ਵੇਲੇ ਤੋਂ ਮੇਰਾ ਮਨ ਹੀ ਨਹੀਂ ਲੱਗ ਰਿਹਾ। ਕਹਿਣ ਲੱਗੀ, ਕੀ ਗੱਲ ਹੈ ਭਾਈ ਦੱਸ ਤਾਂ ਸਹੀ। ਨੌਕਰ ਕਹਿਣ ਲੱਗਿਆ ਕਿ ਰਾਤ ਆਪਣੇ ਘਰ ਪ੍ਰੀਤੀ ਭੋਜਨ ਸੀ ਨਾ, ਕਹਿਣ ਲੱਗੀ ਹਾਂ, ਸੀ। ਬੀਬੀ ਜੀ! ਤੁਸੀਂ ਤਾਂ ਲਾਂਭੇ ਗਏ ਹੋਏ ਸੀ ਤੇ ਖਾਨ ਸਾਹਿਬ ਹੋਰਾਂ ਦੇ ਯਾਰ ਦੋਸਤ ਕਹਿ ਰਹੇ

ਸੀ ਕਿ ਤੂੰ ਦੂਜੀ ਸ਼ਾਦੀ ਕਰਾ ਲੈ, ਇਕ ਬੜੀ ਸੁੰਦਰ ਲੜਕੀ ਅਸੀਂ ਤੇਰੇ ਵਾਸਤੇ ਦੇਖੀ ਹੈ। ਸੋ ਬੀਬੀ ਜੀ ਕੀ ਦੱਸਾਂ, ਉਸ ਤੋਂ ਬਾਅਦ ਮੇਰਾ ਮਨ ਨਹੀਂ ਲੱਗਿਆ। ਉਹ ਵੀ ਸੁਣ ਕੇ ਹੈਰਾਨ ਹੋ ਗਈ ਤੇ ਆਖਣ ਲੱਗੀ ਕਿ ਤੂੰ ਆਪਣੇ ਕੰਨਾਂ ਨਾਲ ਸੁਣਿਆ ਹੈ? ਲਓ ਬੀਬੀ ਜੀ! ਕੀ ਗੱਲ ਕਰ ਦਿਤੀ, ਮੈਂ ਤਾਂ ਅੱਜ ਰੋਟੀ ਵੀ ਨਹੀਂ ਖਾਧੀ ਤੇ ਮੇਰਾ ਤਾਂ ਕੁਛ ਖਾਣ ਨੂੰ ਜੀਅ ਨਹੀਂ ਕੀਤਾ ਕਿ ਮੈਨੂੰ ਇਹ ਸੁਣ ਕੇ ਐਨਾ ਦੁਖ ਹੋਇਆ। ਕਹਿਣ ਲੱਗੀ ਕਿ ਫੇਰ ਹੁਣ ਕੀ ਕੀਤਾ ਜਾਵੇ? ਕਹਿਣ ਲੱਗਿਆ, ਤੁਸੀਂ ਉਦਾਸ ਨਾ ਹੋਵੋ, ਮੈਂ ਨਿਆਣੇ ਹੁੰਦੇ ਨੇ, ਫਕੀਰਾਂ ਤੋਂ ਇਕ ਮੰਤਰ ਸਿਖਿਆ ਸੀ, ਪਰੰਤੂ ਉਹਦੇ ਵਿਚ ਮੁਸ਼ਕਲ ਇਹ ਹੈ ਕਿ ਖਾਨ ਸਾਹਿਬ ਦੀ ਦਾੜ੍ਹੀ ਦਾ ਸਾਹ ਰਗ ਵਾਲੇ ਪਾਸਿਓਂ ਇਕ ਵਾਲ ਚਾਹੀਦਾ ਹੈ। ਉਹ ਤਵੀਤ 'ਚ ਮੜ੍ਹਨਾ ਪਵੇਗਾ। ਕਹਿਣ ਲੱਗੀ ਇਹ ਕਿਹੜੀ ਗੱਲ ਹੈ, ਇਹ ਤਾਂ ਮੈਂ ਲਿਆ ਦਿਆਂਗੀ। ਇਹਦੇ ਕੋਲੋਂ ਜਾ ਕੇ ਉਹ ਪਠਾਨ ਕੋਲ ਚਲਿਆ ਗਿਆ ਤੇ ਉਹਦੇ ਕੋਲ ਵੀ ਨਿਮੋਝੂਣਾ ਹੋ ਕੇ ਬਹਿ ਗਿਆ। ਖਾਨ ਕਹਿਣ ਲੱਗਿਆ, ਕੀ ਗੱਲ ਹੈ ਬਈ! ਤੂੰ ਅੱਜ ਕੋਈ ਕੰਮ ਕਰਨ ਨਹੀਂ ਲੱਗਿਆ? ਕਹਿੰਦਾ ਕੰਮ ਕੀ ਕਰਾਂ ਖਾਨ ਸਾਹਿਬ! ਤੁਸੀਂ ਜ਼ਰਾ ਸਾਵਧਾਨੀ ਨਾਲ ਸੌਂਇਆ ਕਰੋ। ਕਹਿਣ ਲੱਗਿਆ ਕਿਉਂ? ਨੌਕਰ ਕਹਿਣ ਲੱਗਿਆ, ਖਾਨ ਸਾਹਿਬ! ਬੁਰਾ ਨਾ ਮਨਾਇਓ, ਇਕ ਗੱਲ ਦੱਸਣ ਲੱਗਿਆਂ ਕਿ ਬੇਗਮ ਸਾਹਿਬਾ ਤੁਹਾਨੂੰ ਮਾਰਨ ਨੂੰ ਫਿਰਦੀ ਹੈ, ਜੇ ਮੇਰੀ ਗੱਲ ਦਾ ਨਹੀਂ ਇਤਬਾਰ ਤਾਂ ਅਜ ਹੀ ਦੇਖ ਲਿਓ।

ਰਾਤ ਪੈ ਗਈ ਇਹ ਬਿਸਤਰੇ ਤੇ ਲੇਟ ਗਿਆ ਤੇ ਨਕਲੀ ਘਰਾੜੇ ਮਾਰਨ ਲੱਗ ਗਿਆ ਤੇ ਲੇਟ ਗਿਆ ਤੇ ਤਲਵਾਰ ਮਿਆਨ 'ਚੋਂ ਕੱਢ ਕੇ ਕੋਲ ਹੀ ਰੱਖ ਲਈ। ਘਰ ਵਾਲੀ ਨੇ ਵੀ ਪੈਰ ਹਿਲਾਇਆ ਤੇ ਦੇਖਿਆ ਕਿ ਘੂਕ ਸੁਤਾ ਪਿਆ ਹੈ ਤੇ ਜਦੋਂ ਉਸਤਰਾ ਲੈ ਕੇ ਸਾਹ ਰਗ ਦਾ ਵਾਲ ਕੱਟਣ ਲੱਗੀ ਉਸਨੇ ਉਸੇ ਵੇਲੇ ਫੜ ਲਿਆ ਤੇ ਯਕੀਨ ਆ ਗਿਆ ਕਿ ਇਹ ਤਾਂ ਸੱਚੀ ਮੁੱਚੀ ਮੇਰੀ ਸਾਹ ਰਗ ਤੋਂ ਗਲਾ ਕੱਟਣ ਲੱਗੀ, ਸੀ, ਉਸ ਵੇਲੇ ਤਲਵਾਰ ਨਾਲ ਕੱਟ ਕੇ ਅੱਠ ਟੁਕੜੇ ਕਰ ਦਿਤੇ। ਨੌਕਰ ਨੂੰ ਕਹਿਣ ਲੱਗਿਆ ਕਿ ਜਾਹ ਇਸ ਦੇ ਪੇਕਿਆਂ ਨੂੰ ਦੱਸ ਕੇ ਆ ਕਿ ਇਹ ਕੀ ਕਰਨ ਲੱਗੀ ਸੀ ਤੇ ਉਸਦਾ ਇਹ ਨਤੀਜਾ ਹੋਇਆ ਹੈ।

ਉਥੇ ਨੂੰ ਦੌੜਿਆ ਹੀ ਜਾ ਰਿਹਾ ਹੈ ਤੇ ਉਨ੍ਹਾਂ ਦੇ ਘਰ ਅੱਗੇ ਜਾ ਕੇ ਉਚੀ ਉਚੀ ਚੀਕਾਂ ਮਾਰ-ਮਾਰ ਕੇ ਰੋਣ ਲੱਗ ਪਿਆ। ਉਨ੍ਹਾਂ ਨੇ ਪੁਛਿਆ ਕਿ ਕੀ ਹੋ ਗਿਆ ਭਾਈ! ਤੂੰ ਰੋਂਦਾ ਕਿਉਂ ਹੈਂ? ਕੀ ਹੋ ਗਿਆ? ਕਹਿਣ ਲੱਗਿਆ ਖਾਨ ਸਾਹਿਬ ਨੇ ਤੁਹਾਡੀ ਭੈਣ ਦੇ ਵੱਢ ਕੇ ਅੱਠ ਟੋਟੇ ਕਰ ਦਿਤੇ, ਨਾਲੇ ਤੁਹਾਨੂੰ ਗਾਲ੍ਹਾਂ ਕੱਢ ਰਿਹਾ ਹੈ ਤੇ ਨਾਲੇ ਕਹਿ ਰਿਹਾ ਹੈ ਕਿ ਜੇ ਸੂਰਮੇ ਹਨ ਤਾਂ ਆ ਕੇ ਲਾਸ਼ ਨੂੰ ਲੈ ਜਾਣ। ਉਹਨਾਂ ਨੂੰ ਵੀ ਗੁੱਸਾ ਆਇਆ ਤੇ ਰੋਹ ਵਿਚ ਆ ਕੇ ਸਾਰਿਆਂ ਨੇ ਹਥਿਆਰ ਵਗੈਰਾ, ਰਾਈਫਲਾਂ ਆਦਿ ਲਈਆਂ ਤੇ ਤੁਰਨ ਦੀ ਤਿਆਰੀ ਕਰਨ ਲੱਗ ਪਏ। ਇੰਨੇ ਨੂੰ ਇਧਰ ਖਾਨ ਸਾਹਿਬ ਕੋਲ ਪਹੁੰਚ ਗਿਆ, ਕਹਿੰਦਾ ਖਾਨ ਸਾਹਿਬ! ਐਵੇਂ ਅਵੇਸਲੇ ਹੋ ਕੇ ਨਾ ਬੈਠੋ, ਉਹ ਤਾਂ ਚੜ੍ਹ ਕੇ ਆ ਰਹੇ ਹਨ। ਇਹ ਸੁਣ ਕੇ ਪਠਾਣ ਨੇ ਵੀ ਆਪਣੇ ਬੰਦੇ ਹਥਿਆਰ ਬੰਦ ਇਕੱਠੇ ਕੀਤੇ ਤੇ ਦੋਹਾਂ ਪਾਸਿਓਂ ਦੀ ਲੜਾਈ ਹੋਈ, ਪੰਜ ਸਤ ਬੰਦੇ ਮਰ ਗਏ, ਕਈ ਜ਼ਖਮੀ ਹੋ ਗਏ। ਸਿਆਣੇ ਬੰਦੇ ਆ ਕੇ ਵਿਚ ਪੈ ਗਏ ਤੇ ਆ ਕੇ ਦੋਹਾਂ ਧਿਰਾਂ ਨੂੰ ਪੁਛਣ ਲੱਗੇ ਕਿ ਇਹ ਤਾਂ ਦਸੋ ਕਿ ਗੱਲ ਕੀ ਹੋਈ ਹੈ? ਇਹ ਕਿਉਂ ਮਾਰ ਦਿਤੀ, ਇਹਨਾਂ ਦੋਨਾਂ ਦਾ ਤਾਂ ਪਿਆਰ ਹੀ ਬਹੁਤ ਸੀ। ਖਾਨ ਨੂੰ ਪੁਛਿਆ, ਕਹਿਣ ਲੱਗਿਆ ਕਿ ਮੈਨੂੰ ਮਾਰਨ ਆ ਗਈ ਸੀ, ਸੁੱਤੇ ਪਏ ਦਾ ਗਲ ਵੱਢਣ ਲਗੀ ਸੀ। ਕਹਿਣ ਲੱਗੇ ਮਾਰਨ ਦਾ ਵੀ ਕੋਈ ਕਾਰਨ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਕਿਵੇਂ ਮਾਰ ਸਕਦੀ ਹੈ? ਅਖੀਰ ਨੌਕਰ ਤੋਂ ਪੁਛਿਆ, ਕਹਿਣ ਲੱਗੇ ਤੂੰ ਦੱਸ ਭਾਈ ਸਾਰੀ ਗੱਲ, ਇਥੇ ਤੱਕ ਨੌਬਤ ਕਿਉਂ ਆਈ? ਕਹਿਣ ਲੱਗਿਆ ਹਜ਼ੂਰ! ਉਹ ਕਾਗਜ਼ ਕੱਢੋ ਜਿਸ ਉਤੇ ਮੇਰੇ ਨਾਲ ਇਕਰਾਰਨਾਮਾ ਕੀਤਾ ਹੋਇਆ ਹੈ, ਇਸ ਦੀਆਂ ਸ਼ਰਤਾਂ ਪੜ੍ਹੋ। ਜਿਸ ਵਕਤ ਲਿਖਿਆ ਹੋਇਆ ਪੜ੍ਹਿਆ ਕਿ ਮੈਨੂੰ ਚੁਗਲੀ ਦੀ ਆਦਤ ਹੈ ਤੇ ਕਦੇ ਕਦੇ ਕਰਦਾ ਹਾਂ ਤੇ ਕੋਈ ਨੁਕਸਾਨ ਹੋਇਆ, ਮੈਂ ਜ਼ਿੰਮੇਵਾਰ ਨਹੀਂ ਹੋਵਾਂਗਾ। ਕਹਿਣ ਲੱਗਿਆ ਕਿ ਇਹੋ ਗੱਲ ਹੈ ਕਿ ਮੈਂ ਚੁਗਲੀ ਕੀਤੀ ਸੀ। ਬੇਗਮ ਨੂੰ ਕਹਿ ਦਿਤਾ ਕਿ ਖਾਨ ਸਾਹਿਬ ਹੋਰ ਵਿਆਹ ਕਰਾਉਣਾ ਚਾਹੁੰਦੇ ਹਨ ਤੇ ਜੇ ਤੂੰ ਸਾਹ ਰਗ ਦਾ ਵਾਲ ਲਿਆ ਦੇਵੇਂ, ਮੈਂ ਮੰਤਰ ਕਰ ਦਿਆਂਗਾ। ਤੇ ਇਧਰ ਖਾਨ ਸਾਹਿਬ ਨੂੰ ਕਹਿ ਦਿਤਾ ਕਿ ਸਾਵਧਾਨ ਹੋ ਕੇ ਸੌਂਇਆ ਕਰੋ, ਤੇ ਇਹ ਸਾਰਾ ਚੁਗਲੀ ਦਾ ਨਤੀਜਾ ਹੈ, ਇਹ ਮੇਰੇ ਵਸ ਦੀ ਗੱਲ ਨਹੀਂ ਹੈ।

ਸੋ ਇਸ ਤਰ੍ਹਾਂ ਮਹਾਰਾਜ ਫੁਰਮਾਉਂਦੇ ਹਨ ਕਿ ਜਿਸ ਦੇ ਅੰਦਰ ਚੁਗਲੀ ਹੈ ਭਾਵ ਚੁਗਲਖੋਰ ਹੈ -

***ਜਿਸੁ ਅੰਦਰਿ ਚੁਗਲੀ ਚੁਗਲੋ ਵਜੈ ..........॥***

***ਪੰਨਾ - 308***

ਉਸ ਦਾ ਨਤੀਜਾ ਕੀ ਹੁੰਦਾ ਹੈ?

***.............ਕੀਤਾ ਕਰਤਿਆ ਓਸ ਦਾ ਸਭੁ ਗਇਆ॥***

***ਪੰਨਾ - 308***

ਭਾਵੇਂ ਰੂਹਾਨੀ ਬੰਦਾ ਹੈ, ਭਾਵੇਂ ਦੁਨਿਆਵੀ ਬੰਦਾ ਹੈ, ਉਸ ਦਾ ਕੁਝ ਨਹੀਂ ਬਣ ਸਕਦਾ।

***ਨਿਤ ਚੁਗਲੀ ਕਰੇ ਅਣਹੋਦੀ ਪਰਾਈ***
***ਮੁਹੁ ਕਢਿ ਨ ਸਕੈ ਓਸ ਦਾ ਕਾਲਾ ਭਇਆ॥***

***ਪੰਨਾ - 308***

ਐਸੇ ਬੰਦੇ ਦਾ ਦੋਵੀਂ ਜਹਾਨੀ ਮੂੰਹ ਕਾਲਾ ਹੁੰਦਾ ਹੈ ਪਰ ਅਸੀਂ ਇਸ ਨੂੰ ਬੜੇ ਹਲਕੇ ਢੰਗ ਨਾਲ ਲੈਂਦੇ ਹਾਂ ਤੇ ਗੁਰੂ ਮਹਾਰਾਜ ਇਸ ਨੂੰ ਬਹੁਤ ਗੰਭੀਰ ਲੈਂਦੇ ਹਨ ਕਿ ਜਿਸ ਦੇ ਅੰਦਰ ਚੁਗਲੀ ਤੇ ਈਰਖਾ ਚਲਦੀ ਹੈ, ਨਿੰਦਾ ਚਲਦੀ ਹੈ ਤੇ ਉਸ ਨਾਲ ਕੀ ਹੁੰਦਾ ਹੈ ਕਿ -

***ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥***

***ਪੰਨਾ - 755***

ਘੋਰ ਨਰਕਾਂ ਵਿਚ ਵਾਸਾ ਹੋਇਆ ਕਰਦਾ ਹੈ।

***'ਚਲਦਾ'***

L L L L L L L

# ਵਾਹਿਗੁਰੂ ਤੇਰਾ ਸਭ ਸਦਕਾ

ਇਸ ਬੰਦੇ ਨੂੰ ਮੇਹਰਵਾਨ ਨੇ ਬਾਰ ਬਾਰ ਸਮਝਾਇਆ ਏ,
ਅਸਲ ਤੂੰ ਪਾਂਧੀ ਹੋਰ ਦੇਸ਼ ਦਾ ਇਹ ਸਭ ਝੂਠੀ ਮਾਇਆ ਏ।
ਸੁਣ ਕੇ ਬਚਨ ਇਹ ਸਤਿਪੁਰਸ਼ਾਂ ਦੇ ਫਿਰ ਵੀ ਇਸ ਵਿਚ ਰੁਝ ਗਿਆ,
ਤਾਂ ਹੀ ਤੇ ਇਹ ਗਾਫਲ ਬੰਦਾ ਜਨਮ ਮਰਨ ਵਿਚ ਪੁਜ ਗਿਆ।
ਜਨਮ ਜਨਮ ਅਰਦਾਸਾਂ ਕਰਕੇ ਸਤਿਸੰਗ ਵਿਚ ਆਉਂਦਾ ਏ,
ਸੁਣ ਤਾਂ ਲੈਦਾ ਮਨ ਚਿੱਤ ਲਾ ਕੇ ਪਰ ਨਾ ਬਚਨ ਕਮਾਉਂਦਾ ਏ।
ਇਕ ਵੀ ਬਚਨ ਕਮਾਇਆ ਜਿਸ ਨੇ ਉਹ ਭਵਜਲ ਤੋਂ ਪਾਰ ਗਿਆ,
ਆਪ ਵੀ ਤਰ ਗਿਆ ਚਰਨੀਂ ਲਗ ਕੇ ਦੁਨੀਆਂ ਤਾਈਂ ਤਾਰ ਗਿਆ।
ਜਦ ਤੋਂ ਸੱਚ ਸੁੱਖ ਨੂੰ ਭੁੱਲ ਕੇ ਝੂਠੇ ਸੁਖ ਵਿਚ ਫਸ ਗਿਆ ਏ,
ਤਦ ਤੋਂ ਦੁਨੀਆਂਦਾਰੀ ਦਾ ਸੁਖ ਇਸ ਦੇ ਰੋਮ ਰੋਮ ਵਿਚ ਵਸ ਗਿਆ ਏ।
ਰੋਮ ਰੋਮ ਵਿਚ ਸੱਚ ਜੇ ਵਸ ਗਿਆ ਫੇਰ ਤਾਂ ਬਾਜੀ ਮਾਰ ਗਿਆ,
ਨਹੀਂ ਤਾਂ ਰਾਜਾ ਦੁਨੀਆਂ ਦਾ ਵੀ ਦਰਗਹ ਦੇ ਵਿਚ ਹਾਰ ਗਿਆ।
ਵਾਹਿਗੁਰੂ ਜੀ ਦੇ ਦਰ ਤੇ ਆ ਕੇ ਤੂੰ ਅਰਦਾਸਾਂ ਕਰਦਾ ਜਾਹ,
ਸਤਿਪੁਰਸ਼ਾਂ ਦੇ ਬਚਨ ਕਮਾ ਕੇ ਪੌੜੀ ਪੌੜੀ ਚੜ੍ਹਦਾ ਜਾਹ।
ਜੇ ਸੰਤਾਂ ਦੀ ਰਹਿਮਤ ਹੋ ਗਈ ਫੇਰ ਸਿਮਰਨ ਦਾ ਦਾਨ ਲਵੀਂ,
ਸਿਮਰਨ ਦੀ ਫਿਰ ਕਰੀਂ ਕਮਾਈ ਆਤਮ ਰਸ ਨੂੰ ਮਾਣ ਲਵੀਂ।
ਅਉਗਣ ਪਾਪਾਂ ਦਾ ਭਰਿਆ ਮੈਂ ਤੂੰ ਤੇ ਬਖਸ਼ਣਹਾਰਾ ਏਂ,
ਚੰਗੇ ਮੰਦੇ ਤੇਰੇ ਦਾਤਾ ਤੂੰ ਮੇਰਾ ਪ੍ਰਾਣ ਅਧਾਰਾ ਏਂ।
ਤੂੰ ਜਦ ਪਿਆਰਾ ਪਾਲਣਹਾਰਾ ਸੋਚ ਕੇ ਇੰਝ ਧਰਵਾਸ ਮਿਲੇ,
ਜਨਮ ਜਨਮ ਸਾਨੂੰ ਸਤਿਗੁਰੂ ਤੇਰੇ ਚਰਨਾਂ ਵਿਚ ਨਿਵਾਸ ਮਿਲੇ,
ਜਨਮ ਜਨਮ ਸਾਨੂੰ ਸਤਿਗੁਰੂ ਤੇਰੇ ਚਰਨਾਂ ਵਿਚ ਨਿਵਾਸ ਮਿਲੇ।

***ਗੁਰਮੀਤ ਸਿੰਘ ਗਿੱਲ***

# ਜੇਹਾ ਮਨੋਰਥ ਕਰਿ ਆਰਾਧੈ ਸੋ ਸੰਤਨ ਤੇ ਪਾਵੈ॥

*ਸੰਤ ਵਰਿਆਮ ਸਿੰਘ ਜੀ*
*ਬਾਨੀ ਤੇ ਮੁਖੀ ਵਿ. ਗੁ. ਰੂ. ਮਿਸ਼ਨ।*

ਸ਼ਾਨ .........................।

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ॥*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*

*ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਪੰਨਾ - 289*

*ਧਾਰਨਾ - ਹੋਹੁ ਕਿਰਪਾਲ ਸੁਆਮੀ ਮੇਰੇ,*
*ਸੰਤਾਂ ਸੰਗ ਬਿਹਾਵੈ ਜੀ -2, 2.*
*ਸੰਤਾਂ ਸੰਗ ਬਿਹਾਵੈ ਜੀ -2, 2.*
*ਹੋਹੁ ਕਿਰਪਾਲ ਸੁਆਮੀ ਮੇਰੇ........... -2.*

*ਹੋਹੁ ਕ੍ਰਿਪਾਲ ਸੁਆਮੀ ਮੇਰੇ ਸੰਤਾਂਸੰਗਿ ਵਿਹਾਵੇ॥*
*ਤੁਧਹੁ ਭੁਲੇ ਸਿ ਜਮਿ ਜਮਿ ਮਰਦੇ ਤਿਨ ਕਦੇ ਨ ਚੁਕਨਿ ਹਾਵੇ॥*

*ਪੰਨਾ - 961*

ਸਾਧ ਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮ ਸ੍ਰੀ ਵਾਹਿਗੁਰੂ।

ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ ਵਿਚ ਪਹੁੰਚੇ ਹੋ। ਪੂਰਾ-ਪੂਰਾ ਫਲ ਲੈਣ ਵਾਸਤੇ ਆਪਣੀਆਂ ਚਿੱਤ-ਬਿਰਤੀਆਂ ਨੂੰ ਇਕਾਗਰ ਕਰੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ, ਬੁੱਧੀ ਦੇ ਨਾਲ ਵਿਚਾਰ ਕਰੋ, ਵਿਚਾਰ ਕੇ ਹਿਰਦੇ ਵਿਚ ਧਾਰਨ ਕਰੋ, ਨੇਤਰਾਂ ਦੇ ਨਾਲ ਗੁਰੂ-ਸਰੂਪ ਦਾ ਦਰਸ਼ਨ ਕਰੋ, ਰਸਨਾ ਦੇ ਨਾਲ ਗੱਜ ਵੱਜ ਕੇ ਬੋਲੋ ਫੇਰ ਜੋ ਸਤਿਸੰਗ ਦੇ ਫਲ ਲਿਖੇ ਹੋਏ ਨੇ, ਉਨ੍ਹਾਂ ਮੁਤਾਬਕ ਸਾਨੂੰ ਫਲ ਪ੍ਰਾਪਤ ਹੋਣਾ ਸ਼ੁਰੂ ਹੋ ਜਾਏਗਾ। ਅਰਦਾਸ ਕੀਤੀ ਹੈ ਕਿ ਹੇ ਪਾਤਿਸ਼ਾਹ! ਜੇ ਤੂੰ ਮੇਰੇ ਉਤੇ ਦਇਆਲ ਹੋਇਆ ਹੈਂ, ਜੇ ਤੇਰੀ ਮੇਰੇ ਉਤੇ ਪ੍ਰਸੰਨਤਾ ਹੈ ਤਾਂ ਇਕ ਕ੍ਰਿਪਾ ਕਰ ਕਿ ਮੇਰਾ ਜਿਹੜਾ ਸਮਾਂ ਹੈ ਉਹ ਸਾਕਤਾਂ, ਮਨਮੁੱਖਾਂ, ਬੇਮੁੱਖਾਂ, ਨਿਗੁਰਿਆਂ ਦੇ ਨਾਲ ਨਾ ਲੰਘੇ ਸਗੋਂ ਜੋ ਤੈਨੂੰ ਪਿਆਰ ਕਰਦੇ ਨੇ, ਤੇਰੇ ਪਿਆਰੇ ਨੇ, ਹਰ ਵਕਤ ਤੇਰੇ ਧਿਆਨ ਵਿਚ ਰਹਿੰਦੇ ਨੇ -

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥*

*ਪੰਨਾ - 319*

ਹੇ ਪਾਤਿਸ਼ਾਹ! ਐਸੇ ਆਪ ਦੇ ਪਿਆਰਿਆਂ ਦੇ ਨਾਲ ਲੱਗ ਕੇ ਮੇਰਾ ਸਮਾਂ ਲੰਘੇ ਕਿਉਂਕਿ ਉਨ੍ਹਾਂ ਦੇ ਦਰਸ਼ਨਾਂ ਨਾਲ ਹੀ -

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ॥*

*ਪੰਨਾ - 520*

ਉਸ ਵੇਲੇ ਵਾਹਿਗੁਰੂ ਚਿਤ ਆਉਣਾ ਸ਼ੁਰੂ ਹੋ ਜਾਂਦਾ ਹੈ। ਮਨਮੁਖ ਦੇ ਨੇੜੇ ਆ ਕੇ ਵਾਹਿਗੁਰੂ ਭੁੱਲਣਾ ਸ਼ੁਰੂ ਹੋ ਜਾਂਦਾ ਹੈ। ਬੇਅੰਤ ਚੀਜ਼ਾਂ ਹਨ ਜਿਨ੍ਹਾਂ ਦਾ ਗੰਦਾ-ਮੰਦਾ ਪ੍ਰਭਾਵ ਹਿਰਦੇ ਵਿਚ ਆਉਣਾ ਸ਼ੁਰੂ ਹੋ ਜਾਂਦਾ ਹੈ। ਸਾਧੂ ਨੂੰ ਦੇਖ ਕੇ ਨਾਮ ਦਾ ਪਿਆਰ ਲਗਦਾ ਹੈ, ਪ੍ਰਭੂ ਦਾ ਪਿਆਰ ਲਗਦਾ ਹੈ ਕਿਉਂਕਿ ਜੇ ਤੈਨੂੰ (ਪ੍ਰਭੂ ਨੂੰ) ਭੁੱਲ ਜਾਈਏ ਫੇਰ ਜੰਮ ਪੈਂਦੇ ਹਾਂ ਮਰ ਜਾਂਦੇ ਹਾਂ ਤੇ ਜੀਵਨ ਵਿਚ ਹਾਵੇ ਖਤਮ ਨਹੀਂ ਹੁੰਦੇ, ਝੋਰੇ ਖਤਮ ਨਹੀਂ ਹੁੰਦੇ। ਇਸ ਕਰਕੇ ਜੇ ਤੂੰ ਦਇਆਲ ਹੈਂ ਤਾਂ ਮੇਰਾ ਸਮਾਂ ਸਾਧੂਆਂ ਦੇ ਨਾਲ ਰਹਿ ਕੇ ਲੰਘ ਜਾਵੇ, ਉਨ੍ਹਾਂ ਦੀ ਸੰਗਤ ਵਿਚ ਬਤੀਤ ਹੋਵੇ। ਉਨ੍ਹਾਂ ਦੇ ਉਪਦੇਸ਼ ਸੁਣਦਿਆਂ, ਹਰੀ ਜਸ ਕਰਦਿਆਂ ਬਤੀਤ ਹੋਵੇ ਕਿਉਂਕਿ ਉਹ ਕਿਸੇ ਰਾਜਨੀਤੀ ਵਿਚ ਨਹੀਂ ਪਏ ਹੁੰਦੇ ਕਿ ਸਮਾਂ ਬਰਬਾਦ ਕਰ ਦੇਣਗੇ। ਸਭ ਤੋਂ ਉਤਮ ਚੀਜ਼ -

*ਓਥੈ ਅੰਮ੍ਰਿਤੁ ਵੰਡੀਐ ਸੁਖੀਆ ਹਰਿ ਕਰਣੇ॥*

*ਪੰਨਾ - 320*

ਉਥੇ ਅੰਮ੍ਰਿਤ ਦੀ ਦਾਤ ਵੰਡੀ ਜਾਂਦੀ ਹੈ - ਆਤਮ ਗਿਆਨ ਦੀ ਦਾਤ, ਗਿਆਨ ਦੀ ਦਾਤ। ਸੋ ਨਾਮ ਦੀ ਦਾਤ ਕੀ ਕਰਦੀ ਹੈ ਕਿ ਬੰਦਾ ਸੁਖੀ ਹੋ ਜਾਂਦਾ ਹੈ ਤੇ ਜਮਾਂ ਦੇ ਪੰਥ ਵਿਚ ਨਹੀਂ ਜਾਂਦਾ, ਜੰਮਣ-ਮਰਨ ਤੋਂ ਬਰੀ ਹੋ ਜਾਂਦਾ ਹੈ ਕਿਉਂਕਿ ਮਹਾਂਪੁਰਸ਼ਾਂ ਦੀ duty (ਸੇਵਾ) ਅਕਾਲ-ਪੁਰਖ ਵਲੋਂ ਇਸੇ ਕੰਮ ਲਈ ਲੱਗੀ ਹੁੰਦੀ ਹੈ-

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥*

*ਪੰਨਾ - 749*

ਭਗਤੀ ਲਾਉਣ ਦੀ ਸੇਵਾ ਹੁੰਦੀ ਹੈ ਤੇ ਭਗਤੀ ਲਾ ਕੇ ਵਿਚਾਲੇ ਨਹੀਂ ਛਡਦੇ -

................ *ਹਰਿ ਸਿਉ ਲੈਨਿ ਮਿਲਾਏ॥*

*ਪੰਨਾ - 749*

ਵਾਹਿਗੁਰੂ ਦੇ ਨਾਲ ਮਿਲਾ ਦਿਆ ਕਰਦੇ ਨੇ। ਸੋ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ ਕਿ ਜੇ ਤੂੰ ਸੇਵਾ ਕਰਨੀ ਹੈ, ਸੇਵਾ ਤਾਂ ਸਭ ਦੀ ਹੀ ਚੰਗੀ ਹੈ - ਚਾਹੇ ਪਸ਼ੂਆਂ ਦੀ ਸੇਵਾ ਕਰ ਲੈ, ਪੰਛੀਆਂ ਦੀ ਸੇਵਾ ਕਰ ਲੈ, ਬੱਚਿਆਂ ਦੀ ਕਰ ਲੈ, ਸਮਾਜ ਦੀ ਸੇਵਾ ਕਰ ਲੈ; ਠੀਕ ਹੈ ਆਪਣਾ-ਆਪਣਾ ਫਲ ਹੈ ਪਰ ਜੋ ਸੇਵਾ ਥਾਂ ਪੈਂਦੀ ਹੈ ਜੋ ਵੱਧ ਤੋਂ ਵੱਧ 100% ਨਫਾ ਦਿੰਦੀ ਹੈ ਉਹ ਸੇਵਾ ਹੋਇਆ ਕਰਦੀ ਹੈ ਸਾਧੂਆਂ ਦੀ, ਪ੍ਰਮੇਸ਼ਰ ਦੀ। ਪ੍ਰਮੇਸ਼ਰ ਦੀ ਸੇਵਾ ਨੂੰ ਸਮਝਣ ਵਾਸਤੇ ਗਿਆਨ ਅੰਦਰ ਹੋਵੇ ਤਾਂ ਸਮਝ ਵਿਚ ਆਉਂਦਾ ਹੈ ਕਿ ਵਾਹਿਗੁਰੂ ਦੀ ਸੇਵਾ ਕੀ ਹੈ ਤੇ ਉਸ ਦੇ ਪਿਆਰਿਆਂ ਦੀ ਸੇਵਾ ਕੀ ਹੈ ਕਿਉਂਕਿ ਉਹ ਆਉਂਦੇ ਹੀ ਸੰਸਾਰ ਤੇ ਇਸ ਕੰਮ ਲਈ ਹਨ, ਪੜ੍ਹੋ ਪਿਆਰ ਨਾਲ -

*ਧਾਰਨਾ - ਸੰਤ ਜਪਾਉਂਦੇ ਨਾਮ,*
*ਰਾਮ ਦਾਤਾ ਮੁਕਤੀ ਦਾ -2, 2.*
*ਪਿਆਰੇ ਜੀ, ਰਾਮ ਦਾਤਾ ਮੁਕਤੀ ਦਾ -2, 2.*
*ਸੰਤ ਜਪਾਉਂਦੇ ਨਾਮ, ..... -2, 2.*

***ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥***
***ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥***
***ਪੰਨਾ - 1373***

ਦੋ ਦੀ ਸੇਵਾ ਭਲੀ ਹੈ ਸੰਸਾਰ ਦੇ ਅੰਦਰ-

***ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥***
***ਪੰਨਾ - 1373***

ਕਿਉਂ ਭਲੇ ਨੇ? ਕਹਿੰਦੇ -

***ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥***
***ਪੰਨਾ - 1373***

ਸੰਤਾਂ ਨੇ ਨਾਮ ਜਪਾਉਣਾ ਹੈ, ਨਾਮ ਜਪਣ ਦੇ ਨਾਲ ਗਿਆਨ ਦੀ ਪ੍ਰਾਪਤੀ ਹੋਣੀ ਹੈ। ਗਿਆਨ ਦੀ ਪ੍ਰਾਪਤੀ ਤੋਂ ਬਾਅਦ ਪ੍ਰਮੇਸ਼ਰ ਨੇ ਨਦਰੋ-ਨਦਰੀ ਨਿਹਾਲ ਕਰਨਾ ਹੈ। ਸੋ ਇਸ ਕਰਕੇ ਦੋਹਾਂ ਦੀ ਸੇਵਾ ਸੰਸਾਰ ਦੇ ਅੰਦਰ ਥਾਂ ਪੈਂਦੀ ਹੈ। ਭਾਈ ਨੰਦ ਲਾਲ ਜੀ ਲਿਖਦੇ ਨੇ ਕਿ ਸੰਤ ਜੋ ਸੰਸਾਰ ਤੇ ਆਇਆ ਕਰਦੇ ਨੇ ਉਨ੍ਹਾਂ ਦਾ ਇਕੋ ਹੀ ਕੰਮ ਹੁੰਦਾ ਹੈ। ਨਾ ਆਪਣੀ ਪ੍ਰਸਿਧੀ ਦਾ ਹੁੰਦਾ ਹੈ, ਨਾ ਵੱਡੇ-ਵੱਡੇ ਡੇਰੇ ਬਣਾਉਣ ਦਾ ਹੁੰਦਾ ਹੈ, ਉਹ ਕੇਵਲ ਭੁੱਲੜਾਂ ਨੂੰ ਰਾਹ ਪਾਉਣ ਵਾਸਤੇ ਆਉਂਦੇ ਨੇ। ਸੰਸਾਰ ਨੂੰ ਹੋਕਾ ਦਿੰਦੇ ਨੇ ਕਿ ਤੁਹਾਡਾ ਜਨਮ ਬਰਬਾਦ ਹੁੰਦਾ ਤੁਰਿਆ ਜਾ ਰਿਹਾ ਹੈ। ਜਿਹੜੇ ਇਸ ਗੱਲ ਦੇ ਚਾਹਵਾਨ ਹੁੰਦੇ ਨੇ, ਅਕਾਲ-ਪੁਰਖ ਦੇ ਦਰਸ਼ਨ ਕਰਨਾ ਚਾਹੁੰਦੇ ਨੇ ਤਾਂ ਇਹ ਸਮਝ ਲਓ ਕਿ ਜੇ ਤੈਨੂੰ ਕੋਈ ਦਰਸ਼ਨ ਕਰਾ ਸਕਦਾ ਹੈ ਤਾਂ ਰੱਬ ਦਾ ਪਿਆਰਾ ਹੀ ਕਰਾ ਸਕਦਾ ਹੈ। ਜਿਹੜਾ ਆਪ ਜਾਗਿਆ ਹੋਇਆ ਹੈ, ਜਿਸ ਦੇ ਨੈਣ ਖੁੱਲ੍ਹੇ ਹੋਏ ਨੇ, ਓਹੀ ਦੂਜੇ ਦੇ ਨੈਣ ਖੋਲ੍ਹ ਸਕਦਾ ਹੈ। ਅੰਨ੍ਹੇ ਤੋਂ ਜੇ ਰਸਤਾ ਪੁੱਛੇਗਾ ਤਾਂ ਗਲਤ ਹੋ ਜਾਏਗਾ। ਆਪ ਦਾ ਫੁਰਮਾਨ ਹੈ ਕਿ-

***ਦਰ ਦਹਰ ਕਿ ਮਰਦਾਨਿ ਖ਼ੁਦਾ ਆਮਦਹ ਅੰਦ॥***
***ਬਰ ਗੁਮ ਸ਼ੁਦਗਾਂ ਰਾਹਨੁਮਾ ਆਮਦਹ ਅੰਦ॥***
***(ਦੀਵਾਨਿ ਗੋਯਾ ਭਾਈ ਨੰਦ ਲਾਲ ਜੀ)***

ਰਸਤਾ ਦਿਖਾਉਣ ਵਾਸਤੇ ਸੰਸਾਰ ਵਿਚ ਜੋ ਹਰੀ ਦੇ ਭਗਤ ਆਉਂਦੇ ਹਨ ਉਹ ਭੁੱਲੜਾਂ ਨੂੰ ਸਿੱਧੇ ਰਾਹ ਪਾਉਣ ਲਈ ਆਉਂਦੇ ਨੇ -

***'ਗੋਯਾ' ਅਗਰ ਈਂ ਚਸ਼ਮਿ ਤੋ ਮੁਸ਼ਤਾਕਿ ਖ਼ੁਦਾ ਅਸ੍ਤ॥***
***(ਦੀਵਾਨਿ ਗੋਯਾ ਭਾਈ ਨੰਦ ਲਾਲ ਜੀ)***

ਜੇ ਇਨ੍ਹਾਂ ਅੱਖਾਂ ਦੇ ਨਾਲ ਤੂੰ ਦਰਸ਼ਨ ਕਰਨਾ ਚਾਹੁੰਦਾ ਹੈਂ ਤਾਂ -

***ਮਰਦਾਨਿ ਖ਼ੁਦਾ ਖ਼ੁਦਾਨੁਮਾ ਆਮਦਹ ਅੰਦ॥***
***(ਦੀਵਾਨਿ ਗੋਯਾ ਭਾਈ ਨੰਦ ਲਾਲ ਜੀ)***

ਜਿਹੜੇ ਪ੍ਰਮੇਸ਼ਰ ਦੇ ਪਿਆਰੇ ਨੇ, ਓਹੀ ਇਸ ਰਸਤੇ ਨੂੰ ਦਿਖਾਉਣ ਵਾਸਤੇ ਆਇਆ ਕਰਦੇ ਹਨ, ਸੋ ਉਹ ਅਮਰ ਹੋਇਆ ਕਰਨੇ ਹਨ। ਸੰਸਾਰ ਮਰ ਜਾਇਆ ਕਰਦਾ ਹੈ ਪਰ ਸਾਧੂ ਕਾਲ ਤੋਂ ਉਪਰ ਹੋਇਆ ਕਰਦੇ ਨੇ। ਇਹ ਗੱਲ ਸਮਝਣ ਵਾਸਤੇ ਬਹੁਤ ਸਮਾਂ ਚਾਹੀਦਾ ਹੈ ਕਿ ਕਾਲ ਦੀ ਪਹੁੰਚ ਕਿਥੇ ਤੱਕ ਹੈ। ਗਿਆਰਾਂ ਸਵਰਗ-ਲੋਕ ਗਿਣੇ ਨੇ, ਚੌਰਾਸੀ ਨਰਕ-ਲੋਕ ਗਿਣੇ ਨੇ। ਬਾਕੀ ਇਸ ਧਰਤੀ ਤੇ ਭੂਤ-ਪ੍ਰੇਤ, ਬੇਅੰਤ ਕਿਸਮ ਦੀਆਂ ਜੂਨਾਂ, ਅਵਿਅਕਤ ਜੂਨਾਂ, ਵਿਅਕਤੀ ਤੋਂ ਬਗੈਰ ਜੋ ਅੱਖਾਂ ਨੂੰ ਨਜ਼ਰ ਨਹੀਂ ਆਉਂਦੀਆਂ, ਉਹ ਵੀ ਇਸੇ ਸੰਸਾਰ ਤੇ ਹਨ। ਬੈਕੁੰਠ ਧਾਮ ਜਿਥੇ ਜਾ ਕੇ ਖਤਮ ਹੁੰਦਾ ਹੈ ਉਥੇ ਤੱਕ ਕਾਲ ਦਾ ਚੱਕਰ ਹੈ, ਸਮੇਂ ਦਾ ਚੱਕਰ ਹੈ। ਇਸ ਦੇ ਵਿਚ ਜੋ ਵੀ ਹੈ ਉਸ ਨੇ ਕਾਲ ਦੀ ਬੁਰਕੀ ਬਣਨਾ ਹੀ ਹੈ। ਫੇਰ ਇਸ ਦੇ ਵਿਚ ਸਵਾਲ ਆਉਂਦਾ ਹੈ ਕਿ ਜਿਹੜੇ ਵੱਡੇ-ਵੱਡੇ ਦੇਵਤੇ ਨੇ, ਜਿਨ੍ਹਾਂ ਦੀ ਪੂਜਾ ਦੁਨੀਆਂ ਕਰਦੀ ਹੈ, ਕੀ ਉਹ ਵੀ ਕਾਲ ਦੇ ਚੱਕਰ ਵਿਚ ਨੇ? ਉਹ ਪੁਰੀਆਂ ਵੀ ਕਾਲ ਦੇ ਚੱਕਰ ਵਿਚ ਨੇ? ਮਹਾਰਾਜ ਜੀ ਕਹਿੰਦੇ, ਹਾਂ! ਉਹ ਵੀ ਕਾਲ ਦੇ ਚੱਕਰ ਵਿਚ ਨੇ -

***ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,***
***ਰਾਮ ਚੰਦ੍ਰ ਕ੍ਰਿਸ਼ਨ ਕੇ, ਅਵਤਾਰ ਭੀ ਅਨੇਕ ਹੈਂ॥***
***ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,***
***ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥***
***ਮੋਨਦੀ ਮਦਾਰ ਕੇਤੇ, ਅਸੁਨੀ ਕੁਮਾਰ ਕੇਤੇ,***
***ਅੰਸਾ ਅਵਤਾਰ ਕੇਤੇ, ਕਾਲ ਬਸ ਭਏ ਹੈਂ॥***
***ਪੀਰ ਔ ਪਿਕਾਂਬਰ ਕੇਤੇ, ਗਨੇ ਨ ਪਰਤ ਏਤੇ,***
***ਭੂਮ ਹੀ ਤੇ ਹੁਇਕੈ, ਫੇਰਿ ਭੂਮ ਹੀ ਮਿਲਏ ਹੈਂ॥***
***7/77 (ਅਕਾਲ ਉਸਤਤਿ)***

ਉਹ ਕਾਲ ਦੇ ਚੱਕਰ ਵਿਚ ਹੋਣ ਕਰਕੇ ਅਮਰ ਆਤਮਾਵਾਂ ਨਹੀਂ ਹਨ। ਜੇ ਕੋਈ ਅਮਰ ਆਤਮਾ ਹੈ ਜਿਹੜੀ ਪ੍ਰਮੇਸ਼ਰ ਦੇ ਨਾਲ ਪਿਆਰ ਨਾਲ ਇਕ-ਮਿਕ ਹੋਈ ਹੋਈ ਹੈ, ਜਿਹੜੇ ਪ੍ਰਮੇਸ਼ਰ ਵਿਚ ਲੀਨ ਹੋ ਗਏ, ਪ੍ਰਮੇਸ਼ਰ ਦੀ ਜੋਤ ਵਿਚ ਸਮਾਅ ਗਏ, ਉਹ ਨੇ ਪ੍ਰਮੇਸ਼ਰ ਦੇ ਪਿਆਰੇ। ਉਨ੍ਹਾਂ ਦੇ ਵਾਸਤੇ ਗੁਰੂ ਮਹਾਰਾਜ ਜੀ ਦਾ ਏਸ ਤਰ੍ਹਾਂ ਫੁਰਮਾਨ ਹੈ -

*ਧਾਰਨਾ - ਸੰਤ ਤੁਮਾਰੇ ਤੁਮਰੇ ਪ੍ਰੀਤਮ,*
*ਤਿਨ ਕਉ ਕਾਲ ਨਾ ਖਾਤੇ ਜੀ -2, 2.*
*ਸੰਤ ਤੁਮਾਰੇ ਤੁਮਰੇ ਪ੍ਰੀਤਮ ...............-2.*

***ਸੰਤ ਤੁਮਾਰੇ ਤੁਮਰੇ ਪ੍ਰੀਤਮ ਤਿਨ ਕਉ ਕਾਲ ਨ ਖਾਤੇ॥***
***ਪੰਨਾ - 529***

ਕਿਉਂ ਨਹੀਂ ਕਾਲ ਖਾਂਦਾ? ਕਿਉਂਕਿ ਵਾਹਿਗੁਰੂ ਦੇ ਪਿਆਰ ਵਿਚ ਉਹ ਉਸ ਦਾ ਰੂਪ ਬਣ ਗਏ ਹਨ। ਜਿਸ ਦੇ ਉਤੇ ਕਾਲ ਹਾਵੀ ਨਹੀਂ ਹੈ ਉਹ ਅਕਾਲ-ਪੁਰਖ ਨੇ, ਜਿਹੜਾ ਅਕਾਲ-ਪੁਰਖ ਨੂੰ ਜਪ ਕੇ ਉਸ ਦਾ ਰੂਪ ਬਣ ਗਿਆ, ਉਹ ਵੀ ਅਕਾਲ ਹੋ ਗਿਆ-

***ਰੰਗਿ ਤੁਮਾਰੈ ਲਾਲ ਭਏ ਹੈ ਰਾਮ ਨਾਮ ਰਸਿ ਮਾਤੇ॥***
***ਪੰਨਾ - 529***

ਸੋ ਐਸੇ ਜੋ ਮਹਾਂਪੁਰਖ ਨੇ। ਵਾਹਿਗੁਰੂ ਕਿਰਪਾ ਕਰੇ, ਕੋਈ ਪਿਛਲਾ ਲੇਖ ਜਾਗ ਪਵੇ ਤਾਂ ਉਨ੍ਹਾਂ ਨਾਲ ਮੇਲ ਹੋ ਜਾਇਆ

ਕਰਦਾ ਹੈ। ਮੇਲ ਹੋਣ ਨਾਲ ਸੁੱਤੀ ਹੋਈ ਸੁਰਤ ਨੂੰ ਜਾਗ ਆ ਜਾਂਦੀ ਹੈ ਤੇ ਮਨ ਦਾ ਹਨ੍ਹੇਰਾ ਮਿਟ ਜਾਇਆ ਕਰਦਾ ਹੈ। ਮਹਾਰਾਜ ਜੀ ਦਾ ਫੁਰਮਾਨ ਹੈ ਕਿ –

***ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ॥***
***ਪੰਨਾ – 204***

ਖੁਸ਼ਕ ਫਿਲੌਸਫੀ ਵਾਲਾ ਨਹੀਂ, ਰਸ ਵਾਲਾ, ਬੰਦਗੀ ਕਰਨ ਵਾਲਾ, ਐਸਾ ਜੋ ਰਸਕ ਬੈਰਾਗੀ ਹੈ ਉਸ ਨਾਲ ਮੇਲ ਹੋ ਜਾਂਦਾ ਹੈ ਜਦੋਂ ਕੋਈ ਪਿਛਲਾ ਕਰਮ ਜਾਗਦਾ ਹੈ। ਹੁੰਦਾ ਕੀ ਹੈ?

***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ॥ ਪੰਨਾ – 204***

ਮਨ ਦਾ ਹਨ੍ਹੇਰਾ ਖਤਮ ਹੋ ਜਾਂਦਾ ਹੈ। ਹੋਰ ਕਿਸੇ ਚੀਜ਼ ਨਾਲ ਮਨ ਦਾ ਹਨ੍ਹੇਰਾ ਖਤਮ ਨਹੀਂ ਹੁੰਦਾ। ਉਹ ਹਨ੍ਹੇਰਾ ਖਤਮ ਹੋ ਕੇ ਆਪਣੇ ਸਰੂਪ ਦੀ ਸੋਝੀ ਪੈ ਜਾਂਦੀ ਹੈ ਕਿ ਮੈਂ ਹਾਂ ਕੌਣ। ਵਾਹਿਗੁਰੂ ਕਿੱਥੇ ਰਹਿੰਦਾ ਹੈ? ਮੇਰਾ ਤੇ ਵਾਹਿਗੁਰੂ ਦਾ ਕੀ ਸਬੰਧ ਹੈ? ਪੜ੍ਹਨ ਵਾਲੇ ਤਾਂ ਬੇਅੰਤ ਕਿਤਾਬਾਂ ਵਿਚ ਪੜ੍ਹਦੇ ਨੇ ਪਰ ਉਨ੍ਹਾਂ ਦੇ ਯਾਦ ਤਾਂ ਨਹੀਂ ਰਹਿੰਦੀ ਗੱਲ ਕਿਉਂਕਿ ਮਨ ਦਾ ਹਨ੍ਹੇਰਾ ਕਿਵੇਂ ਦੂਰ ਕਰਨਗੇ? ਪੜ੍ਹਾਈ ਨਾਲ ਤਾਂ ਦੂਰ ਨਹੀਂ ਹੁੰਦਾ। ਮਹਾਰਾਜ ਜੀ ਕਹਿੰਦੇ ਨੇ ਪੜ੍ਹ ਲੈ ਜਿੰਨਾਂ ਪੜ੍ਹਨਾ ਹੈ–

***ਪੜ ਪੜ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥***
***ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥***
***ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥***
***ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥***
***ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥***
***ਪੰਨਾ – 467***

ਕਹਿੰਦੇ ਨਿਰੀ ਪੜ੍ਹਾਈ ਤਾਂ ਸਗੋਂ ਉਲਟਾ ਨੁਕਸਾਨ ਕਰਦੀ ਹੈ–

***ਲਿਖਿ ਲਿਖਿ ਪੜਿਆ॥ ਤੇਤਾ ਕੜਿਆ॥***
***ਪੰਨਾ – 467***

ਓਨਾਂ ਹੀ ਕੜ੍ਹ ਜਾਂਦਾ ਹੈ, ਤਰਕਵਾਦੀ ਬਣ ਜਾਂਦਾ ਹੈ, ਫੇਰ ਤਰਕ ਨਹੀਂ ਉਸ ਦੇ ਮਨ ਵਿਚੋਂ ਲਹਿੰਦੀ, ਰਸ ਨਹੀਂ ਉਸ ਦੇ ਮਨ ਵਿਚ ਆਉਂਦਾ। ਹਰ ਫਿਕਰੇ ਨੂੰ ਦੇਖੇਗਾ, ਇਸ ਦੀਆਂ ਲਗਾਂ ਠੀਕ ਨੇ, ਇਹ ਕਿਹੜੇ ਹਿਸਾਬ ਨਾਲ ਬੋਲਿਆ ਹੋਇਆ ਹੈ; ਪੜਚੋਲ ਕਰੇਗਾ। ਇਕ ਅੰਬ ਨੂੰ ਚੁੱਕ ਕੇ ਚੂਪ ਲਏਗਾ, ਦੂਜਾ ਗਿਣਦਾ ਹੀ ਰਹਿ ਜਾਂਦਾ ਹੈ। ਦੋਹਾਂ ਨਾਲੋਂ ਚੰਗਾ ਕਿਹੜਾ ਹੈ? ਜਿਸ ਨੇ ਜਾਨਣ ਦੀ ਕੋਸ਼ਿਸ਼ ਹੀ ਨਹੀਂ ਕਰੀ; ਅੰਬ ਫੜਿਆ ਤੇ ਲੈ ਕੇ ਚੂਪਣਾ ਹੀ ਸ਼ੁਰੂ ਕਰ ਦਿਤਾ। ਦੂਜਾ ਦੇਖੀ ਜਾਂਦਾ ਹੈ, ਤਜਰਬੇ ਹੀ ਕਰੀਂ ਜਾਂਦਾ ਹੈ। ਸੋ ਇਸ ਤਰ੍ਹਾਂ ਰਸਕ ਬੈਰਾਗੀ ਦੇ ਮਿਲਣ ਨਾਲ ਮਨ ਦਾ ਹਨ੍ਹੇਰਾ ਦੂਰ ਹੋ ਜਾਏਗਾ।

ਜਿਹੜੀ ਸਾਡੀ ਸੁਰਤ ਸੁੱਤੀ ਪਈ ਹੈ, ਜਿਸ ਨੂੰ ਮਹਾਰਾਜ ਜੀ ਹਉਮੈ ਦੀ ਸੁਰਤ ਕਹਿੰਦੇ ਨੇ ਇਸ ਨੂੰ ਜਾਗ ਨਹੀਂ ਆਉਂਦੀ, ਇਹ ਐਨੀ ਗਾੜ੍ਹੀ ਨੀਂਦ ਦੇ ਅੰਦਰ ਸੌਂ ਗਈ। ਇਹੀ ਨਹੀਂ, ਸਾਰਾ ਸੰਸਾਰ ਸੁੱਤਾ ਪਿਆ ਹੈ –

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥***
***ਪੰਨਾ – 920***

ਰਜੋ ਗੁਣ, ਤਮੋ ਗੁਣ, ਸਤੋ ਗੁਣ; ਇਨ੍ਹਾਂ ਦੇ ਹਿੰਡੋਲੇ ਤੇ ਪੈ ਕੇ ਜੀਵਆਤਮਾ ਸੁੱਤੀ ਪਈ ਹੈ, ਝੂਟੇ ਲੈਂਦੀ ਹੈ। ਕਦੇ ਤਮੋ ਗੁਣ ਵਿਚ ਚਲੀ ਜਾਂਦੀ ਹੈ, ਕਦੇ ਸਤੋ ਗੁਣ ਵਿਚ ਜਾਂਦੀ ਹੈ, ਕਦੇ ਰਜੋ ਗੁਣ ਵਿਚ ਜਾਂਦੀ ਹੈ। ਮਹਾਰਾਜ ਕਹਿੰਦੇ–

**ਭੋਲਿਆ ਹਉਮੈ ਸੁਰਤਿ ਵਿਸਾਰਿ॥ ਪੰਨਾ - 1168**

ਪਹਿਲਾਂ ਤੂੰ ਗੱਲ ਸਮਝ ਲੈ ਤੇ ਹਉਮੈ ਦੀ ਸੁਰਤ ਨੂੰ ਭੁੱਲਣ ਦਾ ਯਤਨ ਕਰ। ਜਿੰਨਾਂ ਚਿਰ ਤੂੰ ਇਹ ਨਹੀਂ ਕਰਦਾ ਓਨਾਂ ਚਿਰ ਗੱਲ ਨਹੀਂ ਬਣਦੀ। ਸੋ ਉਹ ਜਾਗ ਪੈਂਦਾ ਹੈ ਅਤੇ ਪਰਮ ਸਤਿ ਦੀ ਪ੍ਰਾਪਤੀ ਕਰ ਲੈਂਦਾ ਹੈ। ਸੋ ਇਸ ਕਰਕੇ ਜ਼ਿੰਦਗੀ ਦੇ ਅੰਦਰ ਚੌਰਾਸੀ ਲੱਖ ਜੂਨਾਂ, ਜਿਨ੍ਹਾਂ ਦੇ ਵਿਚੀਂ ਅਸੀਂ ਬੜਾ ਲੰਮਾ ਚੱਕਰ ਕੱਟ ਕੇ ਮਨੁੱਖ ਸਰੀਰ ਦੀ ਪ੍ਰਾਪਤੀ ਕੀਤੀ ਹੈ। ਸਾਧ-ਸੰਗਤ ਜੀ! ਗੁਰੂ-ਘਰ ਚੌਰਾਸੀ ਨੂੰ ਮੰਨਦਾ ਹੈ, ਸਾਰੇ ਹਿੰਦੂ-ਸਾਸ਼ਤਰ ਚੌਰਾਸੀ ਲੱਖ ਜੂਨੀਆਂ ਨੂੰ ਮੰਨਦੇ ਹਨ। ਕਈ ਐਸੇ ਮਨ ਵੀ ਹਨ ਜਿਹੜੇ ਕਹਿੰਦੇ ਨੇ ਕਿ ਮਨੁੱਖ ਮਨੁੱਖ ਹੀ ਬਣਦਾ ਹੈ, ਘੋੜਾ ਨਹੀਂ ਬਣਦਾ। ਪਰ ਸਾਡੇ ਇਤਿਹਾਸ ਦੇ ਮੁਤਾਬਕ ਗੁਰੂ ਮਹਾਰਾਜ ਜੀ ਨੇ ਐਸੇ ਕੌਤਕ ਪ੍ਰਤੱਖ ਕਰਕੇ ਦਿਖਾਏ ਹਨ ਕਿ ਮਨੁੱਖ ਪਸ਼ੂ, ਪੰਛੀ, ਸੱਪ ਆਦਿ ਵੀ ਬਣ ਜਾਂਦਾ ਹੈ।

ਜਦੋਂ ਮਹਾਰਾਜ ਜੀ ਪਾਉਂਟੇ ਸਾਹਿਬ ਗਏ ਤਾਂ ਜਿਥੇ ਸ਼ੇਰਗਾਹ ਗੁਰਦੁਆਰਾ ਹੈ, ਉਥੇ ਇਕ ਬਹੁਤ ਵੱਡਾ ਸ਼ੇਰ ਮਾਰਿਆ। ਸਾਰੇ ਰਾਜੇ ਨਾਲ ਨੇ। ਉਨ੍ਹਾਂ ਦੇ ਪੁੱਛਣ ਤੇ ਆਪ ਨੇ ਫੁਰਮਾਨ ਕੀਤਾ ਕਿ ਭਾਈ! ਇਹ ਜੈਦਰਥ ਸੀ, ਇਹ ਮਹਾਂਭਾਰਤ ਦੇ ਯੁੱਧ ਵਿਚ ਪਿੱਠ ਦੇ ਕੇ ਨੱਸਿਆ ਸੀ। ਇਸ ਨੂੰ ਦੋਸ਼ ਲੱਗਿਆ ਸੀ ਤੇ ਦੋਸ਼ ਲੱਗਣ ਕਰਕੇ ਇਹ ਜੂਨਾਂ ਵਿਚ ਘੁੰਮਦਾ ਫਿਰਦਾ ਸੀ ਤੇ ਅੱਜ ਇਸ ਦਾ ਛੁਟਕਾਰਾ ਹੋਇਆ ਹੈ। ਫੇਰ ਕਿਰਪਾ-ਦ੍ਰਿਸ਼ਟੀ ਕੀਤੀ ਤੇ ਉਨ੍ਹਾਂ ਦੇ ਅੰਤ੍ਰੀਵ ਨੇਤਰ ਖੋਲ੍ਹ ਦਿੱਤੇ, ਥੋੜ੍ਹੀ ਦੇਰ ਵਾਸਤੇ ਮਾਇਆ ਦਾ ਪੜਦਾ ਚੁੱਕ ਦਿਤਾ ਤੇ ਰਾਜੇ ਕੀ ਦੇਖਦੇ ਹਨ ਕਿ ਗੁਰੂ ਦਸ਼ਮੇਸ਼ ਪਿਤਾ ਦੇ ਸਾਹਮਣੇ ਇਕ ਰੂਹ ਹੱਥ ਬੰਨ੍ਹੀ ਖੜ੍ਹੀ ਹੈ ਤੇ ਬਾਰ-ਬਾਰ ਨਮਸ਼ਕਾਰਾਂ ਕਰ ਰਹੀ ਹੈ ਕਿ ਪਾਤਿਸ਼ਾਹ! ਤੂੰ ਹੀ ਮੇਰੇ ਤੇ ਤਰਸ ਕਰਨ ਵਾਲਾ ਹੈਂ, ਨਹੀਂ ਤਾਂ ਪਤਾ ਨਹੀਂ ਮੈਂ ਕਿੰਨੀਆਂ ਹੋਰ ਜੂਨਾਂ ਵਿਚ ਘੁੰਮਣਾ ਸੀ। ਮਹਾਰਾਜ ਜੀ ਕਹਿੰਦੇ ਨੇ ਕਿ ਇਨ੍ਹਾਂ ਨੂੰ ਆਪਣਾ ਹਾਲ ਦੱਸ।

ਕਹਿਣ ਲੱਗਿਆ, "ਮਹਾਰਾਜ ਜੀ! ਮੈਂ ਮਹਾਂਭਾਰਤ ਦੇ ਯੁੱਧ ਵਿਚ ਜੈਦਰਥ ਹੋ ਕੇ ਲੜਿਆ ਸੀ। ਉਸ ਵੇਲੇ ਦਾ ਹੀ ਮੈਂ ਭਟਕਦਾ ਫਿਰਦਾ ਹਾਂ।"

ਇਸੇ ਤਰ੍ਹਾਂ ਬੇਅੰਤ ਮਿਸਾਲਾਂ ਆਉਂਦੀਆਂ ਹਨ।

ਗੁਰੂ ਮਹਾਰਾਜ ਜੀ ਇਕ ਰਿੱਛ ਦਾ ਤਮਾਸ਼ਾ ਕਰਾਉਣ ਲਗਦੇ ਨੇ ਤੇ ਭਾਈ ਕੀਰਤੀਆ ਚੌਰ ਬਰਦਾਰ ਹੈ। ਉਹ ਵੀ ਤਮਾਸ਼ਾ ਦੇਖ ਰਿਹਾ ਹੈ। ਰਿੱਛ ਦੇ ਕਰਤੱਵ ਦੇਖ ਕੇ ਸਭ ਹਸਦੇ ਨੇ, ਉਹ ਵੀ ਜ਼ੋਰ-ਜ਼ੋਰ ਨਾਲ ਹੱਸਦਾ ਹੈ ਤੇ ਗੁਰੂ ਮਹਾਰਾਜ ਜੀ ਕਹਿੰਦੇ, "ਕੀਰਤੀਆ! ਤੂੰ ਨਾ ਹੱਸ।"

ਕਹਿੰਦਾ, "ਸੱਚੇ ਪਾਤਿਸ਼ਾਹ! ਸਾਰੇ ਹੱਸਦੇ ਨੇ ਮੈਂ ਕਿਉਂ ਨਾ ਹੱਸਾਂ?"

ਮਹਾਰਾਜ ਜੀ ਕਹਿੰਦੇ, "ਤੇਰਾ ਬਾਪੂ ਹੈ ਇਹ।" ਭਾਈ ਕੀਰਤੀਏ ਨੂੰ ਰੋਸ ਆ ਗਿਆ। ਉਸ ਦੇ ਮਨ ਵਿਚ ਆਇਆ ਕਿ ਹੈਂ! ਮੇਰਾ ਬਾਪੂ! ਗੁਰੂ ਨੌਵੇਂ ਪਾਤਿਸ਼ਾਹ ਦਾ ਚੌਰ ਬਰਦਾਰ ਤੇ ਸੇਵਾ ਕਰਨ ਵਾਲਾ ਤੇ ਜੇ ਉਸ ਦਾ ਇਹ ਹਾਲ ਹੋ ਗਿਆ ਤਾਂ ਫੇਰ ਮੈਂ ਕਿਵੇਂ ਤਰਾਂਗਾ? ਮਹਾਰਾਜ ਜੀ ਦੇ ਸਾਹਮਣੇ ਹੋ ਕੇ ਚਰਨਾਂ ਤੇ ਸੀਸ ਨਿਵਾਇਆ ਤੇ ਆਪਣਾ ਚੌਰ ਰੱਖ ਦਿੱਤਾ। ਕਹਿੰਦਾ, "ਮਹਾਰਾਜ! ਆਹ ਸਾਂਭੋਂ ਚੋਰ।"

ਮਹਾਰਾਜ ਜੀ ਕਹਿੰਦੇ, "ਕੀ ਗੱਲ, ਨਰਾਜ਼ ਹੋ ਗਿਆ?"

ਕਹਿੰਦਾ, "ਪਾਤਿਸ਼ਾਹ! ਮੇਰਾ ਪਿਓ ਤਾਂ ਰਿੱਛ ਬਣ ਗਿਆ ਫੇਰ ਮੈਂ ਬਾਂਦਰ ਬਣ ਜਾਵਾਂਗਾ।"

ਮਹਾਰਾਜ ਜੀ ਕਹਿੰਦੇ, "ਤੇਰਾ ਪਿਓ ਰਿੱਛ ਕਿਉਂ ਬਣਿਆ ਸੀ, ਹੁਣੇ ਥੋੜ੍ਹੀ ਦੇਰ ਨੂੰ ਪੁੱਛ ਲਈ।"

ਗੁਰੂ ਮਹਾਰਾਜ ਨੇ ਰਿੱਛ ਮੁੱਲ ਲੈ ਲਿਆ ਤੇ ਆਪਣਾ ਸ਼ੀਤ ਪ੍ਰਸ਼ਾਦਿ ਜਿਸ ਵੇਲੇ ਉਸ ਰਿੱਛ ਨੂੰ ਛਕਾਇਆ ਤਾਂ ਉਸੇ ਵੇਲੇ ਉਸ ਦੀ ਮੌਤ ਹੋ ਗਈ। ਸਾਰੇ ਦੇਖਦੇ ਨੇ ਕਿ ਉਸ ਵਿਚੋਂ ਇਕ ਰੂਹ ਨਿਕਲੀ ਤੇ ਮਹਾਰਾਜ ਜੀ ਦੇ ਚਰਨਾਂ ਤੇ ਨਮਸ਼ਕਾਰ ਕਰਦੀ ਹੈ। ਭਾਈ ਕੀਰਤੀਏ ਨੂੰ ਦਿਖਾ ਦਿੱਤਾ। ਕੀ ਦੇਖਦਾ ਹੈ ਕਿ ਇਹ ਤਾਂ ਸੱਚ-ਮੁੱਚ ਮੇਰਾ ਬਾਪੂ ਹੈ।

ਕਹਿੰਦਾ, "ਬਾਪੂ! ਤੂੰ ਗੁਰੂ ਨੌਵੇਂ ਪਾਤਿਸ਼ਾਹ ਜੀ ਦੀ ਸੇਵਾ ਕਰਕੇ ਕਿਸ ਹਾਲਤ ਨੂੰ ਪਹੁੰਚਿਆ ਹੈਂ?"

ਕਹਿਣ ਲੱਗਿਆ, "ਬੇਟਾ! ਸੇਵਾ ਤਾਂ ਮੈਂ ਕਰਦਾ ਸੀ, ਪਰ ਮੈਨੂੰ ਸੇਵਾ ਕਰਨ ਦਾ ਵਲ ਨਾ ਆਇਆ। ਮੇਰੇ ਮਨ ਵਿਚ ਅਭਿਮਾਨ ਸੀ ਤੇ ਮੈਂ ਫਿੱਕਾ ਬੋਲਦਾ ਸੀ। ਇਕ ਗੁਰਸਿੱਖ ਨੂੰ ਫਿੱਕਾ ਬੋਲ ਬੈਠਿਆ। ਉਹ ਦਸਵੰਧ ਦੇ ਸਮਾਨ ਦਾ ਗੱਡਾ ਭਰ ਕੇ ਲੈ ਕੇ ਆਇਆ ਸੀ, ਗੱਡਾ ਬਾਹਰ ਖੜ੍ਹਾ ਸੀ, ਮੈਂ ਪ੍ਰਸ਼ਾਦ ਵੰਡਦਾ ਸੀ, ਉਹ ਮੇਰੇ ਸਾਹਮਣੇ ਆ ਗਿਆ। ਗਰਦ ਨਾਲ ਲੱਥ-ਪੱਥ ਹੋਇਆ ਪਿਆ ਸੀ, ਦਾੜ੍ਹਾ ਭਰਿਆ ਪਿਆ ਸੀ-ਗਰਦ ਨਾਲ ਤੇ ਜਦੋਂ ਇਹ ਮੇਰੇ ਸਾਹਮਣੇ ਆਇਆ ਤਾਂ ਮੈਨੂੰ ਨਰਾਜ਼ਗੀ ਆਈ ਕਿ ਇਹ ਪਰ੍ਹੇ ਹੋ ਕੇ ਬੈਠ ਜਾਂਦਾ। ਉਹ ਕਹਿਣ ਲੱਗਿਆ ਮੇਰਾ ਗੱਡਾ ਜਾਂਦਾ ਹੈ ਮੈਨੂੰ ਪ੍ਰਸ਼ਾਦ ਦੇ ਦਿਓ। ਮੈਂ ਦੂਜੇ ਪਾਸੇ ਵਰਤਾਉਣ ਲੱਗ ਪਿਆ। ਏਨੇ ਨੂੰ ਉਸ ਦੇ ਬਲਦ ਤੁਰ ਪਏ। ਉਸ ਨੇ ਕਿਹਾ ਗੱਡਾ ਪਾਸਾ (ਉਲਟ) ਮਾਰ ਜਾਏਗਾ, ਫੇਰ ਮੇਰੇ ਸਾਹਮਣੇ ਆ ਗਿਆ। ਪਰਾਣੀ ਕੱਛ ਵਿਚ ਲਈ ਹੋਈ ਸੀ ਉਸਨੇ। ਫੇਰ ਮੈਂ ਦੂਜੇ ਪਾਸੇ ਹੋ ਗਿਆ, ਉਹ ਓਧਰ ਆ ਗਿਆ। ਮੈਂ ਉਸ ਨੂੰ ਕਿਹਾ, ਓ! ਕਿਉਂ ਰਿੱਛ ਵਾਂਗ ਟੱਪੀ ਜਾਂਦਾ ਹੈਂ? ਉਸਨੇ ਇਕ ਕਿਣਕਾ ਧਰਤੀ ਤੇ ਪਿਆ ਦੇਖ ਲਿਆ। ਉਹ ਚੁੱਕ ਲਿਆ ਤੇ ਹੌਲੀ ਜਿਹੀ ਕਹਿ ਦਿੱਤਾ ਕਿ ਪ੍ਰੇਮੀਆ! ਰਿੱਛ ਤਾਂ ਤੂੰ ਹੀ ਬਣੇਂਗਾ। ਜਦੋਂ ਮੈਂ ਦੇਖਿਆ ਕਿ ਇਹ ਤਾਂ ਭਾਈ ਧੰਨਾ ਹੈ ਇਸ ਦਾ ਤਾਂ ਬੋਲ ਬਿਰਥਾ ਨਹੀਂ ਜਾਣਾ। ਉਸ ਵੇਲੇ ਮੈਂ ਕਿਹਾ ਕਿ ਗੁਰਮੁਖਾ! ਹੁਣ ਤੇਰਾ ਬੋਲ ਤਾਂ ਬਿਰਥਾ ਨਹੀਂ ਜਾਣਾ, ਮੈਂ ਰਿੱਛ ਤਾਂ ਜ਼ਰੂਰ ਬਣਾਂਗਾ ਪਰ ਮੇਰੀ ਕਲਿਆਣ? ਉਹ ਕਹਿੰਦਾ ਗੁਰੂ ਦਸ਼ਮੇਸ਼ ਪਿਤਾ ਕਰਨਗੇ।"

ਹੋਰ ਬੇਅੰਤ ਸਾਖੀਆਂ ਨੇ - ਗੁਰੂ-ਘਰ ਦੇ ਅੰਦਰ ਜਿਹੜੇ ਮਨੁੱਖ ਤੋਂ ਪੰਛੀ, ਸੱਪ, ਰਿੱਛ, ਸ਼ੇਰ, ਖਰਗੋਸ਼ ਆਦਿ ਬਣੇ ਹੋਏ ਸਨ।

ਮੂਲਾ ਕਰਾੜ ਦੋ ਸੌ ਸਾਲ ਗੁਰੂ ਨਾਨਕ ਪਾਤਿਸ਼ਾਹ ਤੋਂ ਬੇਮੁਖ ਹੋ ਕੇ ਜੂਨੀਆਂ ਵਿਚ ਘੁੰਮਦਾ ਰਿਹਾ। ਫੇਰ ਗੁਰੂ ਦਸ਼ਮੇਸ਼ ਪਿਤਾ ਨੇ ਉਸ ਦਾ ਉਧਾਰ ਹਜ਼ੂਰ ਸਾਹਿਬ ਕੀਤਾ।

ਸੋ ਇਹ ਗੱਲ ਨਿਸ਼ਚੇ ਵਿਚ ਬਿਠਾ ਲਓ ਕੋਈ ਕੁਝ ਕਹੀ ਜਾਵੇ, ਪਰ ਗੁਰੂ ਮਹਾਰਾਜ ਜੀ ਕਹਿੰਦੇ ਨੇ ਕਿ ਨਾ ਪ੍ਰੇਮੀਓ–

*ਇਸੁ ਪਉੜੀ ਤੇ ਜੋ ਨਰੁ ਚੂਕੈ*
*ਸੋ ਆਇ ਜਾਇ ਦੁਖੁ ਪਾਇਦਾ॥ ਪੰਨਾ – 1075*

*ਮਨਮੁਖਿ ਆਵੈ ਮਨਮੁਖਿ ਜਾਵੈ॥*
*ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥*
*ਜਿਤਨੇ ਨਰਕ ਸੇ ਮਨਮੁਖਿ ਭੋਗੈ*
*ਗੁਰਮੁਖਿ ਲੇਪੁ ਨ ਮਾਸਾ ਹੇ॥ ਪੰਨਾ – 1073*

ਇਹ ਨਹੀਂ ਹੈ ਕਿ ਅਸੀਂ ਮਨੁੱਖ ਜੂਨੀ ਤੋਂ ਗਿਰ ਕੇ ਫੇਰ ਮਨੁੱਖ ਹੀ ਬਣਾਂਗੇ। ਜਦੋਂ ਮਨੁੱਖ ਰਹੇ ਹੀ ਨਹੀਂ ਅਸੀਂ, ਆਪਣੇ ਆਪ ਨੂੰ ਕੁੱਤੇ ਬਿੱਲੇ ਬਣਾ ਲਿਆ, ਫੇਰ ਮਰਨ ਤੋਂ ਬਾਅਦ ਸਾਨੂੰ ਮਨੁੱਖ ਦੀ ਜੂਨੀ ਕੌਣ ਦੇ ਦੇਵੇਗਾ। ਕਈ ਕਹਿੰਦੇ ਆਦਮੀ ਵੀ ਕੁੱਤਾ-ਬਿੱਲਾ ਬਣਦਾ ਹੈ? ਮਹਾਰਾਜ ਜੀ ਕਹਿੰਦੇ–

*ਗੁਰ ਮੰਤ੍ਰ ਹੀਣਸ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥*
*ਪੰਨਾ – 1357*

ਜਿਸ ਨੇ ਗੁਰੂ ਤੋਂ ਮੰਤਰ ਪ੍ਰਾਪਤ ਨਹੀ ਕੀਤਾ, ਧਿਰਕਾਰ ਹੈ ਉਸ ਦੇ ਜਨਮ ਤੇ, ਉਸ ਦਾ ਜਨਮ ਤਾਂ ਭ੍ਰਿਸ਼ਟਿਆ ਹੋਇਆ ਹੈ –

*ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥*
*ਪੰਨਾ – 1357*

ਮਨੁੱਖ ਦਾ ਸਰੀਰ ਤਾਂ ਦੇਖਣ ਨੂੰ ਹੁੰਦਾ ਹੈ ਪਰ ਅਸਲ ਵਿਚ ਉਹ ਕੁੱਤਾ, ਸੂਰ, ਗਧਾ, ਸੱਪ ਅਤੇ ਕਾਂ ਹੈ। ਜਦੋਂ ਉਸ ਨੇ ਮਨੁੱਖਾ ਜਨਮ ਵਿਚ ਰਹਿੰਦੇ ਹੋਏ ਨੇ ਆਪਣੇ-ਆਪ ਨੂੰ ਮਨੁੱਖ ਨਾ ਬਣਾ ਕੇ ਪਸ਼ੂ, ਪੰਛੀ, ਸੱਪ ਆਦਿ ਬਣਾ ਲਿਆ ਫੇਰ ਮਰਨ ਤੋਂ ਬਾਅਦ ਤਾਂ ਉਹ ਜੂਨੀ ਪ੍ਰਾਪਤ ਹੋਣੀ ਹੀ ਹੈ। ਮਹਾਰਾਜ ਜੀ ਕਹਿੰਦੇ ਜੇ ਜਾਇਦਾਦ ਵਿਚ ਧਿਆਨ ਰਹਿ ਜਾਵੇ, ਕਾਰੋਬਾਰ ਵਿਚ ਧਿਆਨ ਰਹਿ ਜਾਵੇ ਤਾਂ ਪ੍ਰੇਤ ਜੂਨੀ ਵਿਚ ਜਾਂਦਾ ਹੈ –

*ਅੰਤ ਕਾਲ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ॥ ਪੰਨਾ – 526*

ਜੇ ਪੈਸੇ ਵਿਚ ਧਿਆਨ ਰਹਿ ਜਾਵੇ ਤਾਂ ਫੇਰ ਸੱਪ ਬਣ ਕੇ ਜੰਮਦਾ ਹੈ। ਜੇ ਪੁੱਤਰਾਂ ਵਿਚ ਧਿਆਨ ਰਹਿ ਜਾਵੇ ਤਾਂ ਸੂਰ ਬਣ ਜਾਂਦਾ ਹੈ। ਜੇ ਇਸਤਰੀ ਵਿਚ ਧਿਆਨ ਰਹਿ ਜਾਵੇ ਤਾਂ ਫੇਰ ਵੇਸਵਾ ਬਣ ਜਾਂਦਾ ਹੈ। ਸੋ ਇਨ੍ਹਾਂ ਚੀਜ਼ਾਂ ਤੋਂ ਬਚਾਉਣ ਵਾਸਤੇ ਮਹਾਂਪੁਰਸ਼ ਸੰਸਾਰ ਤੇ ਆ ਕੇ ਹੋਕਾ ਦਿੰਦੇ ਹਨ। ਗੁਰੂ ਗ੍ਰੰਥ ਸਾਹਿਬ ਦਾ ਕੋਈ ਪੰਨਾ ਖੋਲ੍ਹ ਲਓ ਉਸ ਦੇ ਵਿਚ ਜ਼ਰੂਰ ਇਹ ਜ਼ਿਕਰ ਆਏਗਾ ਕਿ ਤੂੰ ਗੁਰਮੁਖ ਪਿਆਰੇ ਕੋਲ ਜਾਹ, ਗੁਰਮੁਖਾਂ ਦੀ ਸੰਗਤ ਕਰ, ਸੰਤਾਂ ਦੀ ਸੰਗਤ ਕਰ, ਉਨ੍ਹਾਂ ਦੀ ਸੰਗਤ ਨਾਲ ਤੇਰਾ ਉਧਾਰ ਹੋਏਗਾ–

*ਸੰਤਹੁ ਸਾਗਰੁ ਪਾਰਿ ਉਤਰੀਐ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ॥*
*ਪੰਨਾ – 747*

ਉਨ੍ਹਾਂ ਦੇ ਬਚਨਾਂ ਦੀ ਕਮਾਈ ਕਰ। ਏਸ ਤਰ੍ਹਾਂ ਪੜ੍ਹ ਲਓ –

*ਧਾਰਨਾ – ਭਵਜਲ ਤਰ ਜਾਈਦੈ,*
*ਸੰਤਾਂ ਦੀ ਸੰਗਤ ਕਰਕੇ –2, 2.*
*ਸੰਤਾਂ ਦੀ ਸੰਗਤ ਕਰਕੇ –2, 2.*
*ਭਵਜਲ ਤਰ ਜਾਈਦੈ, ..........–2.*

*ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ॥*
*ਜਮਕੰਕਰੁ ਨੇੜਿ ਨ ਆਵਈ ਫਿਰਿ ਬਹੁੜਿ ਨ ਮਰੀਐ॥*
*ਭਵ ਸਾਗਰੁ ਸੰਸਾਰੁ ਬਿਖੁ ਸੋ ਪਾਰਿ ਉਤਰੀਐ॥*
*ਹਰਿ ਗੁਣ ਗੁੰਫਹੁ ਮਨਿ ਮਾਲ ਹਰਿ ਸਭ ਮਲੁ ਪਰਹਰੀਐ॥*
*ਨਾਨਕ ਪ੍ਰੀਤਮ ਮਿਲਿ ਰਹੇ ਪਾਰਬ੍ਰਹਮ ਨਰਹਰੀਐ॥*
*ਪੰਨਾ – 320*

ਉਨ੍ਹਾਂ ਦੀ ਨਿਸ਼ਾਨੀ ਇਹ ਹੁੰਦੀ ਹੈ –

*ਇਹ ਨਿਸਾਣੀ ਸਾਧ ਕੀ ਜਿਸੁ ਭੇਟਤ ਤਰੀਐ॥*
*ਪੰਨਾ – 320*

ਜਿਸਨੂੰ ਮਿਲ ਕੇ ਸੰਸਾਰ ਸਾਗਰ ਤੋਂ ਤਰ ਜਾਈਦਾ ਹੈ –

*ਜਮਕੰਕਰੁ ਨੇੜਿ ਨ ਆਵਈ ਫਿਰਿ ਬਹੁੜਿ ਨ ਮਰੀਐ॥*
*ਪੰਨਾ – 320*

ਜਮ ਨੇੜੇ ਨਹੀਂ ਆਉਂਦਾ ਤੇ ਜੰਮਣਾ-ਮਰਨਾ ਖਤਮ ਹੋ ਜਾਂਦਾ ਹੈ।

*ਭਵ ਸਾਗਰੁ ਸੰਸਾਰੁ ਬਿਖੁ ਸੋ ਪਾਰਿ ਉਤਰੀਐ॥*
*ਪੰਨਾ – 320*

ਜਿਹੜਾ ਇਹ ਵਿਹੁ (ਜ਼ਹਿਰ) ਦਾ ਭਵ ਸਾਗਰ ਹੈ, ਇਸ ਤੋਂ ਪਾਰ ਹੋ ਜਾਈਦਾ ਹੈ।

*ਹਰਿ ਗੁਣ ਗੁੰਫਹੁ ਮਨਿ ਮਾਲ ਹਰਿ ਸਭ ਮਲੁ ਪਰਹਰੀਐ॥*
*ਪੰਨਾ – 320*

ਹਰੀ ਦੇ ਜਸ ਦੀ ਮਨ ਵਿਚ ਮਾਲਾ ਬਣਾ ਲਵੇ ਤਾਂ ਮਨ ਦੀ ਜਿੰਨੀ ਮੈਲ ਹੈ, ਸਾਰੀ ਖਤਮ ਹੋ ਗਈ ਹੈ –

*ਨਾਨਕ ਪ੍ਰੀਤਮ ਮਿਲਿ ਰਹੇ ਪਾਰਬ੍ਰਹਮ ਨਰਹਰੀਐ॥*
*ਪੰਨਾ – 320*

ਜਿਹੜਾ ਵੀ ਮਿਲਿਆ ਹੈ; ਚਾਹੇ ਬਾਲਮੀਕ ਮਿਲਿਆ ਹੈ ਜੋ ਪਹਿਲਾਂ ਕਿੱਡਾ-ਵੱਡਾ ਡਾਕੂ ਸੀ –

*ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਬਟਵਾੜਾ।*
*ਭਾਈ ਗੁਰਦਾਸ ਜੀ ਦੀ ਵਾਰ 10/19*

ਬੰਦਿਆਂ ਨੂੰ ਮਾਰ ਹੀ ਦਿੰਦਾ ਸੀ। ਜਦੋਂ ਮਹਾਤਮਾ ਮਿਲ ਗਏ, ਉਪਦੇਸ਼ ਦੇ ਦਿੱਤਾ, ਸਮਝਾ ਦਿੱਤਾ ਤੇ ਫੇਰ ਕਿੱਡੀ ਵੱਡੀ ਪਦਵੀ ਪ੍ਰਾਪਤ ਕਰੀ ਕਿ ਅੱਜ ਸਾਰਾ ਸੰਸਾਰ ਯਾਦ ਕਰਦਾ ਹੈ। ਪਾਂਡਵਾਂ ਦੇ ਯੱਗ ਸਮੇਂ ਕ੍ਰਿਸ਼ਨ ਮਹਾਰਾਜ ਜੀ ਨੇ ਸਾਧੂਆਂ

ਦੇ ਚਰਨ ਧੋਤੇ ਅਤੇ ਜੂਠੀਆਂ ਪਤਲਾਂ ਚੁੱਕੀਆਂ।

***ਗਨਿਕਾ ਪਾਪਣਿ ਹੋਇਕੈ ਪਾਪਾਂ ਦਾ ਗਲਿ ਹਾਰੁ ਪਰੋਤਾ।***
***ਮਹਾਂ ਪੁਰਖੁ ਆਚਾਣਚਕ ਗਨਿਕਾ ਵਾੜੇ ਆਇ ਖਲੋਤਾ।***
***ਭਾਈ ਗੁਰਦਾਸ ਜੀ ਦੀ ਵਾਰ 10/21***

ਬਹੁਤਾ ਚਿਰ ਨਹੀਂ ਉਸਨੇ ਸੰਗਤ ਕਰੀ। ਮੀਂਹ ਪੈਂਦਾ ਸੀ, ਮੀਂਹ ਤੋਂ ਬਚਣ ਲਈ ਮਹਾਤਮਾ ਉਸ ਦੇ ਵਰਾਂਡੇ ਵਿਚ ਖੜ੍ਹ ਗਏ। ਦਰਸ਼ਨ ਕਰਨ ਦੇ ਨਾਲ ਉਸ ਦੇ ਅੰਦਰ ਪ੍ਰਕਾਸ਼ ਹੋ ਗਿਆ, ਸ਼ਾਂਤੀ ਆ ਗਈ। ਉਸ ਨੇ ਮਹਾਤਮਾ ਅੰਦਰ ਬੁਲਾ ਲਏ, ਥੋੜ੍ਹੀ ਦੇਰ ਸੇਵਾ ਕਰੀ, ਬਸਤਰ ਸੁਕਾਏ, ਕੁਝ ਛਕਣ-ਛਕਾਉਣ ਨੂੰ ਦਿੱਤਾ। ਮਹਾਤਮਾ ਨੇ ਅਨੁਭਵ ਕੀਤਾ ਕਿ ਇਸ ਦੇ ਅੰਦਰ ਅੰਸ਼ ਤਾਂ ਹੈ ਨੇਕੀ ਦੀ, ਪਰ ਪਾਪ ਨੇ ਦੱਬੀ ਹੋਈ ਹੈ। ਸੋ ਓਸ ਵੇਲੇ ਮਹਾਂਪੁਰਸ਼ਾਂ ਨੇ ਇੱਕ ਤੋਤਾ ਦੇ ਕੇ ਨਾਲ ਕਹਿ ਦਿਤਾ ਕਿ ਏਸ ਨੂੰ ਰਾਮ-ਰਾਮ ਜਪਾਇਆ ਕਰ ਤੇ ਆਪ ਜਪਿਆ ਕਰ।

***ਦੁਰਮਤਿ ਦੇਖਿ ਦਇਆਲ ਹੋਇ ਹਥਹੁੰ ਉਸਨੋ ਦਿਤੋਨੁ ਤੋਤਾ।***
***ਰਾਮ ਨਾਮੁ ਉਪਦੇਸੁ ਕਰਿ ਖੇਲਿ ਗਇਆ ਦੇ ਵਣਜੁ ਸਓਤਾ।***
***ਭਾਈ ਗੁਰਦਾਸ ਜੀ ਦੀ ਵਾਰ 10/21***

ਰੋਜ਼ ਪੜ੍ਹਾਉਂਦੀ ਹੈ, ਬਚਨ ਦੀ ਕਮਾਈ ਕਰਦੀ ਹੈ, ਨਤੀਜਾ ਕੀ ਹੋਇਆ ਮੈਲ ਲਹਿਣੀ ਸ਼ੁਰੂ ਹੋ ਗਈ ਤੇ ਅਖੀਰ ਉੱਚੀ ਪਦਵੀ ਨੂੰ ਪ੍ਰਾਪਤ ਕਰ ਗਈ।

ਅਜਾਮਲ ਨੇ ਭਰੋਸਾ ਕੀਤਾ, ਮਹਾਂਪੁਰਸ਼ਾਂ ਦੇ ਬਚਨ ਦੀ ਕਮਾਈ ਕੀਤੀ -

***ਪੁਤੁ ਉਪੰਨਾਂ ਸਤਵਾਂ ਨਾਉ ਧਰਣ ਨੋ ਚਿਤਿ ਉਮਹਿਆ।***
***ਭਾਈ ਗੁਰਦਾਸ ਜੀ ਦੀ ਵਾਰ 10/20***

ਨਾਉ ਧਰ ਲਿਆ ਮਹਾਤਮਾ ਨੇ ਜੋ ਦੱਸਿਆ -

***ਗੁਰੂ ਦੁਆਰੈ ਜਾਇਕੈ ਗੁਰਮੁਖਿ ਨਾਉ ਨਰਾਇਣੁ ਕਹਿਆ।***
***ਭਾਈ ਗੁਰਦਾਸ ਜੀ ਦੀ ਵਾਰ 10/20***

ਨਰਾਇਣ ਕਹਿ ਦਿਤਾ। ਕਹਿੰਦੇ ਛੋਟੇ ਪੁੱਤਰ ਦਾ ਨਾਉਂ ਲਈ ਜਾਇਆ ਕਰ। ਹਰ ਵਕਤ ਨਰਾਇਣ-ਨਰਾਇਣ ਕਰੀ ਜਾਂਦਾ ਹੈ। ਘਰਵਾਲੀ ਵੀ ਨਰਾਜ਼ ਹੁੰਦੀ ਹੈ ਕਿ ਤੂੰ ਹਰ ਵਕਤ ਇਹੀ ਕੰਮ ਫੜ ਲਿਆ, ਮੁੰਡੇ ਨੂੰ ਵੀ ਤੰਗ ਕਰੀਂ ਜਾਂਦਾ ਹੈਂ। ਅਖੀਰ ਜਦੋਂ ਜਮਦੂਤ ਆਏ -

***ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ।***
***ਭਾਈ ਗੁਰਦਾਸ ਜੀ ਦੀ ਵਾਰ 10/20***

ਅਵਾਜ਼ ਮਾਰੀ ਤਾਂ ਪੁੱਤਰ ਨੂੰ ਸੀ, ਪਰ ਧਿਆਨ ਪ੍ਰਮੇਸ਼ਰ ਵੱਲ ਚਲਾ ਗਿਆ, ਉਸੇ ਵੇਲੇ -

***ਜਮਗਣ ਮਾਰੇ ਹਰਿ ਜਨਾਂ ਗਇਆ ਸੁਰਗ ਜਮੁਡੰਡੁ ਨ ਸਹਿਆ।***
***ਨਾਇ ਲਏ ਦੁਖੁ ਡੇਰਾ ਢਹਿਆ।***
***ਭਾਈ ਗੁਰਦਾਸ ਜੀ ਦੀ ਵਾਰ 10/20***

ਸੋ ਇਹ -

***ਭਵ ਸਾਗਰੁ ਸੰਸਾਰੁ ਬਿਖੁ ਸੋ ਪਾਰਿ ਉਤਰੀਐ॥***
***ਪੰਨਾ - 320***

ਸੋ ਇਸ ਕਰਕੇ ਸੰਤਾਂ ਦੀ ਜੇ ਉਸਤਤ ਕਰੀਏ ਤਾਂ ਕਹੀ ਨਹੀਂ ਜਾਂਦੀ। ਪ੍ਰਮੇਸ਼ਰ ਦੀ ਨਹੀਂ ਕਹੀ ਜਾਂਦੀ, ਜੋ ਪ੍ਰਮੇਸ਼ਰ ਦੇ ਪਿਆਰੇ ਨੇ ਮਹਾਰਾਜ ਜੀ ਕਹਿੰਦੇ ਉਨ੍ਹਾਂ ਦੀ ਵੀ ਮਹਿਮਾ ਕਹੀ ਨਹੀਂ ਜਾ ਸਕਦੀ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਵਾਹਿਗੁਰੂ, ਮਹਿਮਾ ਤੇਰੇ ਸਾਧੂਆਂ ਦੀ -2, 2.***
***ਪਿਆਰੇ, ਬਰਨੇ ਕਉਨ ਪ੍ਰਾਨੀ -2, 2.***
***ਵਾਹਿਗੁਰੂ, ਮਹਿਮਾ ਤੇਰੇ ਸਾਧੂਆਂ ਦੀ -2, 2.***

***ਸਾਧ ਕੈ ਸੰਗਿ ਮੁਖ ਊਜਲ ਹੋਤ॥***
***ਸਾਧਸੰਗਿ ਮਲੁ ਸਗਲੀ ਖੋਤ॥***
***ਸਾਧ ਕੈ ਸੰਗਿ ਮਿਟੈ ਅਭਿਮਾਨੁ॥***
***ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ॥***
***ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ॥***
***ਸਾਧਸੰਗਿ ਸਭੁ ਹੋਤੁ ਨਿਬੇਰਾ॥***
***ਸਾਧ ਕੈ ਸੰਗਿ ਪਾਏ ਨਾਮ ਰਤਨੁ॥***
***ਸਾਧ ਕੈ ਸੰਗਿ ਏਕੁ ਊਪਰਿ ਜਤਨੁ॥***
***ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ॥***
***ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ॥***
***ਪੰਨਾ - 271***

ਸੁਖਮਨੀ ਸਾਹਿਬ ਦੇ ਅੰਦਰ ਗੁਰੂ ਮਹਾਰਾਜ ਜੀ ਨੇ ਸਤਵੀਂ ਅਸ਼ਟਪਦੀ ਵਿਚ ਸਾਧੂਆਂ ਬਾਰੇ ਦੱਸਣ ਦਾ ਯਤਨ ਕੀਤਾ ਹੈ ਤੇ ਉਸ ਅੰਦਰ ਆਪ ਫੁਰਮਾਨ ਕਰਦੇ ਨੇ ਕਿ -

***ਸਾਧ ਕੈ ਸੰਗਿ ਮੁਖ ਊਜਲ ਹੋਤ॥ ਪੰਨਾ - 271***

ਜੋ ਸਾਧੂ ਦੀ ਸੰਗਤ ਕਰਦਾ ਹੈ ਉਸ ਦਾ ਮੁਖ ਇਥੇ ਸੰਸਾਰ ਵਿਚ ਵੀ ਤੇ ਦਰਗਾਹ ਵਿਚ ਵੀ ਉਜਲਾ ਹੋ ਜਾਂਦਾ ਹੈ ਅਤੇ ਸਾਰੇ ਧੰਨ ਹੈ, ਧੰਨ ਹੈ ਕਹਿੰਦੇ ਹਨ।

***ਧੰਨਿ ਧੰਨਿ ਕਹੈ ਸਭੁ ਕੋਇ॥***
***ਮੁਖ ਊਜਲ ਹਰਿ ਦਰਗਹ ਸੋਇ॥ ਪੰਨਾ - 283***

***ਸਾਧਸੰਗਿ ਮਲੁ ਸਗਲੀ ਖੋਤ॥ ਪੰਨਾ - 271***

ਕੋਈ ਮੈਲ ਨਹੀਂ ਰਹਿੰਦੀ ਅੰਤਸ਼ਕਰਣ ਨਿਰਮਲ ਹੋ ਜਾਂਦਾ ਹੈ।

***ਸਾਧ ਕੈ ਸੰਗਿ ਮਿਟੈ ਅਭਿਮਾਨੁ॥ ਪੰਨਾ - 271***

ਜਿਹੜਾ ਦੇਹ ਅਭਿਮਾਨ ਹੈ, ਦੇਹ-ਹੰਗਤਾ ਅਤੇ ਮਮਤਾ ਹੈ ਕਿ ਮੈਂ ਦੇਹ ਹਾਂ ਇਹ ਮੇਰੇ ਪੁੱਤਰ, ਧੀਆਂ ਅਤੇ ਮਕਾਨ, ਫਾਰਮ, ਫੈਕਟਰੀਆਂ ਹਨ। ਇਹ ਭਾਵਨਾ ਨਹੀਂ ਸਾਡੀ ਹਟਦੀ, ਜਿਸਨੂੰ ਹਉਮੈ ਕਹਿੰਦੇ ਹਨ। ਕਹਿੰਦੇ ਉਹ ਸਾਧੂ ਦੀ ਸੰਗਤ ਕਰਕੇ ਹਟ ਜਾਂਦੀ ਹੈ।

***ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ॥ ਪੰਨਾ - 271***

ਜਦੋਂ ਹੰਗਤਾ ਹਟ ਗਈ ਉਸ ਵੇਲੇ ਆਪਣੇ-ਆਪ ਦਾ ਗਿਆਨ ਹੋ ਜਾਂਦਾ ਹੈ ਕਿ ਮੈਂ ਸਰੀਰ ਨਹੀਂ, ਮੈਂ ਤਾਂ ਆਤਮਾ ਹਾਂ -

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥***
***ਪੰਨਾ - 441***

***ਸਾਧ ਕੈ ਸੰਗਿ ਬੁਝੈ ਪ੍ਰਭੁ ਨੇਰਾ॥ ਪੰਨਾ - 271***

ਜਦੋਂ ਗਿਆਨ ਹੋ ਗਿਆ ਉਸ ਵੇਲੇ ਕੀ ਦੇਖਦਾ ਹੈ ਕਿ ਇਥੇ ਤਾਂ ਵਾਹਿਗੁਰੂ ਮੇਰੇ ਨਾਲ ਹੀ ਹੈ, ਅੰਦਰ-ਬਾਹਰ ਹਰ ਥਾਂ ਹੀ ਹੈ -

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ, ਨ ਘਾਟਿ ਬਾਢਿ ਹੋਤ ਹੈ॥***
***(ਅਕਾਲ ਉਸਤਤਿ)***

***ਸਾਧਸੰਗਿ ਸਭੁ ਹੋਤ ਨਿਬੇਰਾ॥ ਪੰਨਾ - 271***

ਸਾਰੇ ਨਿਬੇੜੇ ਹੋ ਜਾਂਦੇ ਨੇ, ਕੋਈ ਸੰਸਾ ਨਹੀਂ ਰਹਿੰਦਾ, ਕੋਈ ਭਰਮ ਨਹੀਂ ਰਹਿੰਦਾ, ਪੰਜੇ ਭਰਮਾਂ ਦਾ ਨਾਸ਼ ਹੋ ਜਾਂਦਾ ਹੈ ਅਤੇ ਪ੍ਰਕਿਰਤੀ, ਮਾਇਆ, ਅਗਿਆਨ ਆਦਿ ਦਾ ਨਿਬੇੜਾ ਹੋ ਕੇ ਇਕ ਪ੍ਰਭੂ ਸਾਰੇ ਓਤਿ ਪੋਤਿ ਦ੍ਰਿਸ਼ਟੀ ਪੈਂਦਾ ਹੈ।

***ਸਾਧ ਕੈ ਸੰਗਿ ਪਾਏ ਨਾਮ ਰਤਨੁ॥ ਪੰਨਾ - 271***

ਜਿਸ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ, ਜਿਸ ਨਾਮ ਅੰਮ੍ਰਿਤ ਨੂੰ ਪ੍ਰਾਪਤ ਕਰਨ ਲਈ ਦੇਵਤੇ ਵੀ ਖੋਜ ਰਹੇ ਹਨ, ਉਹੋ ਅੰਮ੍ਰਿਤ ਨਾਮ ਸਾਧੂ ਦੇ ਦਇਆਲ ਹੋਇਆਂ, ਸਾਧੂ ਦੀ ਸੰਗਤ ਕਰਕੇ ਪ੍ਰਾਪਤ ਹੋ ਜਾਂਦਾ ਹੈ।

***ਸਾਧ ਕੈ ਸੰਗਿ ਏਕ ਊਪਰਿ ਜਤਨੁ॥ ਪੰਨਾ - 271***

ਵਾਹਿਗੁਰੂ ਤੇ ਹੀ ਯਤਨ ਰਹਿੰਦਾ ਹੈ; ਆਪਣੇ-ਆਪ ਨੂੰ ਪਛਾਨਣਾ ਤੇ ਵਾਹਿਗੁਰੂ ਵਿਚ ਲੀਨ ਹੋਣ ਦਾ ਯਤਨ।

***ਸਾਧ ਕੀ ਮਹਿਮਾ ਬਰਨੈ ਕਉਨੁ ਪ੍ਰਾਨੀ॥ ਪੰਨਾ - 271***

ਮਹਾਰਾਜ ਜੀ ਕਹਿੰਦੇ ਕੋਈ ਹੈ ਸੰਸਾਰ ਦੇ ਅੰਦਰ ਜਿਹੜਾ ਸਾਧੂ ਦੀ ਮਹਿਮਾ ਵਰਨਣ ਕਰ ਸਕੇ। ਕਿਉਂ ਨਹੀਂ ਮਹਿਮਾ ਵਰਣਨ ਹੁੰਦੀ? ਵਾਹਿਗੁਰੂ ਜੀ ਅਗੰਮ ਅਗੋਚਰ ਹਨ, ਬੇਅੰਤ ਹਨ। ਸਾਧੂ ਵਾਹਿਗੁਰੂ ਜੀ ਦੇ ਵਿਚ ਸਮਾਏ ਹੋਏ ਹਨ। ਉਨ੍ਹਾਂ ਦੀ ਮਹਿਮਾ ਰੱਬ ਦੇ ਨਾਲ ਜੁੜੀ ਹੋਈ ਹੈ। ਪ੍ਰਮੇਸ਼ਰ ਦੀ ਜੋ ਮਹਿਮਾਂ ਹੈ ਓਹੋ ਸਾਧੂ ਦੀ ਮਹਿਮਾਂ ਹੈ।

***ਨਾਨਕ ਸਾਧ ਕੀ ਸੋਭਾ ਪ੍ਰਭ ਮਾਹਿ ਸਮਾਨੀ॥***
***ਪੰਨਾ - 271***

ਇੱਕ ਰਾਜੇ ਨੇ ਇਹ ਅਸ਼ਟਪਦੀ ਜਿਸ ਵਕਤ ਸੁਣੀ ਕਿ -

***ਸਾਧ ਕੀ ਮਹਿਮਾ ਬੇਦ ਨ ਜਾਨਹਿ॥***
***ਜੇਤਾ ਸੁਨਹਿ ਤੇਤਾ ਬਖਿਆਨਹਿ॥ ਪੰਨਾ - 272***

ਮਹਾਂਪੁਰਸ਼ਾਂ ਨੇ ਅਰਥ ਕਰਿਆ ਤਾਂ ਉਸ ਦੇ ਮਨ ਵਿਚ ਤਰਕ ਆ ਗਈ ਕਿਉਂਕਿ ਵੇਦਾਂ ਨੂੰ ਉਹ ਈਸ਼ਵਰੀ ਬਾਣੀ ਮੰਨਦਾ ਸੀ। ਇਹ ਹੈ ਵੀ ਈਸ਼ਵਰੀ ਬਾਣੀ ਪਰ ਸਿੰਮ੍ਰਿਤਿ ਸਾਸ਼ਤਰ ਪੁੰਨ ਪਾਪ ਦੀ ਵੀਚਾਰ ਕਰਦੇ ਹਨ। ਸੋ ਇਹ ਈਸ਼ਵਰੀ ਬਾਣੀ ਤਿੰਨ ਗੁਣਾਂ ਨੂੰ ਵਰਨਣ ਕਰਦੀ ਹੈ -

***ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ॥***
***ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ॥***
***ਪੰਨਾ - 920***

ਕੋਈ ਜਾਣਦਾ ਨਹੀਂ ਹੈ। ਉਹ ਤਿੰਨਾਂ ਗੁਣਾਂ ਦਾ ਵਰਨਣ ਕਰਦੇ ਨੇ ਪਰ ਸਾਧੂ ਤਿੰਨ ਗੁਣਾਂ ਵਿਚ ਨਹੀਂ ਹੁੰਦਾ, ਸਾਧੂ ਹੁੰਦਾ ਹੈ ਤੁਰੀਆ ਅਵਸਥਾ ਵਿਚ। ਤੁਰੀਆ ਅਵਸਥਾ ਦੀ ਗੱਲ ਕੋਈ ਬੰਦਾ ਕਰ ਨਹੀਂ ਸਕਿਆ ਕਰਦਾ। ਸੋ ਉਸ ਦੇ ਮਨ ਵਿਚ ਤਰਕ ਆਈ ਤਾਂ ਸੰਤਾਂ ਨੇ ਸਮਝਾਉਣ ਦਾ ਯਤਨ ਕੀਤਾ। ਜਦੋਂ ਉਸ ਨੇ ਕਿਸੇ ਤਰੀਕੇ ਨਾਲ ਵੀ ਇਸ ਗੱਲ ਨੂੰ ਨਾ ਮੰਨਿਆ ਤੇ ਕਹਿਣ ਲੱਗਿਆ ਕਿ ਮਹਾਰਾਜ! ਮੈਂ ਤਾਂ ਵੇਦਾਂ ਦੀ ਬਾਣੀ ਸੱਚ ਮੰਨਦਾ ਹਾਂ, ਵੇਦ ਕਿਉਂ ਨਹੀਂ ਜਾਣਦੇ ਸਾਧੂਆਂ ਦੀ ਮਹਿਮਾ? ਉਹ ਕਹਿਣ ਲੱਗੇ ਕਿ ਚੰਗਾ! ਸਾਥੋਂ ਤਾਂ ਤੂੰ ਨਾ ਸਮਝ ਪਰ ਤੇਰਾ ਲੜਕਾ ਤੈਨੂੰ ਸਮਝਾਏਗਾ, ਅੱਜ ਤੋਂ ਬਾਰ੍ਹਾਂ ਸਾਲ ਬਾਅਦ। ਹੈਰਾਨ ਹੋ ਗਿਆ ਕਿ ਮੇਰੇ ਤਾਂ ਲੜਕਾ ਹੋਣਾ ਹੀ ਨਹੀਂ, ਫਤਵਾ ਦੇ ਦਿੱਤਾ ਜੋਤਸ਼ੀਆਂ ਨੇ। ਸਭ ਕੰਮ ਮੈਂ ਕਰ ਚੁਕਿਆ ਹਾਂ, ਲੜਕਾ ਤਾਂ ਮੇਰੇ ਹੋਣਾ ਹੀ ਨਹੀਂ ਤੇ ਜਿਹੜਾ ਜੋਤਿਸ਼ ਸਾਸ਼ਤਰ ਹੈ ਉਹ ਵੀ ਵੇਦਾਂ ਨਾਲ ਸਬੰਧ ਰੱਖਦਾ ਹੈ ਤੇ ਵੇਦ ਕਿਵੇਂ ਝੂਠਾ ਹੋ ਜਾਏਗਾ? ਲੜਕਾ ਮੇਰੇ ਹੋਣਾ ਨਹੀਂ ਤੇ ਇਹ ਕਹਿੰਦੇ ਨੇ ਅੱਜ ਤੋਂ ਬਾਰ੍ਹਾਂ ਸਾਲਾਂ ਬਾਅਦ ਤੇਰਾ ਲੜਕਾ ਤੈਨੂੰ ਇਸ ਦਾ ਅਰਥ ਸਮਝਾਏਗਾ। ਉਸ ਨੇ ਜੋਤਸ਼ੀ ਬੁਲਾਏ, ਕਹਿੰਦਾ ਚੰਗੀ ਤਰ੍ਹਾਂ ਦੇਖੋ, ਕਿ ਮੇਰੇ ਕਰਮਾਂ ਵਿਚ ਲੜਕਾ ਹੈ ਜਾਂ ਨਹੀਂ। ਉਹ ਕਹਿੰਦੇ ਕਿ ਮਹਾਰਾਜ! ਇਕ ਜਨਮ ਨਹੀਂ ਤੁਹਾਡੇ ਤਾਂ ਸੱਤ ਜਨਮ ਤੱਕ ਦੇ ਹਿਸਾਬ ਵਿਚ ਲਿਖਿਆ ਹੋਇਆ ਆਉਂਦਾ ਹੈ ਕਿ ਤੁਹਾਨੂੰ ਲੜਕੇ ਦੀ ਪ੍ਰਾਪਤੀ ਨਹੀਂ ਹੋਣੀ।

ਰਾਜੇ ਨੇ ਕਿਹਾ ਕਿ ਸੰਤ ਤਾਂ ਇਹ ਗੱਲ ਕਹਿ ਗਏ ਨੇ। ਜੋਤਸ਼ੀ ਕਹਿਣ ਲੱਗੇ, "ਉਹ ਜਾਣਦੇ ਹੋਣਗੇ, ਸਾਡੀ ਵਿਦਿਆ ਦੇ ਮੁਤਾਬਕ ਆਹੀ ਗੱਲ ਹੈ।"

ਰਾਜੇ ਦੇ ਦਸ ਮਹੀਨੇ ਬਾਅਦ ਲੜਕਾ ਹੋ ਗਿਆ। ਨਾਲ ਸੰਤਾਂ ਨੇ ਕਿਹਾ ਕਿ ਉਸ ਦੀ ਉਮਰ ਗਿਆਰਾਂ ਸਾਲ, ਗਿਆਰਾਂ ਮਹੀਨੇ, ਗਿਆਰਾਂ ਦਿਨ ਦੀ ਹੋਏਗੀ। ਬੜਾ ਸੁੰਦਰ ਬੱਚਾ ਹੈ, ਦੇਖ-ਦੇਖ ਖੁਸ਼ ਹੁੰਦਾ ਹੈ। ਨਾਲੇ ਉਸ ਨੂੰ ਯਾਦ ਆ ਜਾਂਦਾ ਹੈ ਕਿ ਇਸ ਦਾ ਤਾਂ ਜੀਵਨ ਕਾਲ ਗਿਆਰਾਂ ਸਾਲ, ਗਿਆਰਾਂ ਮਹੀਨੇ ਹੈ। ਜੇ ਮਹਾਤਮਾ ਨੇ ਪੁੱਤਰ ਦੇ ਦਿੱਤਾ ਤਾਂ ਅੱਗੇ ਵਾਲੀ ਵੀ ਗੱਲ ਸੱਚੀ ਦੱਸੀ ਹੈ। ਜਿਉਂ-ਜਿਉਂ ਬੱਚਾ ਵੱਡਾ ਹੁੰਦਾ ਜਾਂਦਾ ਹੈ ਤਿਉਂ-ਤਿਉਂ ਚਿੰਤਾ ਵਧਦੀ ਹੈ। ਆਖੀਰ ਗਿਆਰ੍ਹਵਾਂ ਸਾਲ ਆ ਗਿਆ, ਗਿਆਰ੍ਹਵਾਂ ਮਹੀਨਾ ਵੀ ਆ ਗਿਆ। ਬੜਾ ਉਦਾਸ ਹੈ, ਬੱਚੇ ਨੇ ਉਦਾਸੀ ਦਾ ਕਾਰਨ ਪੁਛਿਆ ਤਾਂ ਪਤਾ ਲੱਗ ਗਿਆ ਬੱਚੇ ਨੂੰ ਕਿ ਮੇਰੇ ਜੀਵਨ ਦੇ ਤਾਂ ਸਿਰਫ ਗਿਆਰ੍ਹਾਂ ਦਿਨ ਰਹਿੰਦੇ ਹਨ ਤੇ ਉਸ ਤੋਂ ਬਾਅਦ ਮੈਂ ਚੜ੍ਹਾਈ ਕਰ ਜਾਣਾ ਹੈ। ਉਪਾਅ ਪੁੱਛਿਆ ਤੇ ਜੋ ਉਸ ਦੇ ਨਾਲ ਪਾਲਣ ਲਈ ਦਾਈ ਰਹਿੰਦੀ ਸੀ, ਉਹ ਕਹਿੰਦੀ ਕਿ ਬੇਟਾ! ਇਕੋ ਹੀ ਉਪਾਅ ਹੈ ਕਿ ਇਸ ਲੇਖ ਨੂੰ ਦੁਨੀਆਂ ਦੇ ਅੰਦਰ ਬਦਲਣ ਵਾਲਾ ਕੋਈ ਨਹੀਂ ਹੈ; ਕੋਈ ਪੂਰਨ ਮਹਾਂਪੁਰਸ਼ ਹੋਵੇ ਉਹ ਪ੍ਰਮੇਸ਼ਰ ਦੀ ਕੀਤੀ ਹੋਈ ਰੇਖ ਵਿਚ ਮੇਖ ਮਾਰ ਸਕਦਾ ਹੈ-

***ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ॥***
***ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ॥***
***ਪੰਨਾ - 1253***

ਕਿਸੇ ਮਹਾਂਪੁਰਸ਼ ਦੀ ਅਸ਼ੀਰਵਾਦ ਪ੍ਰਾਪਤ ਕਰ। ਜੇ

ਅਸ਼ੀਰਵਾਦ ਮਿਲ ਗਈ ਤਾਂ ਤੈਨੂੰ ਜੀਵਨ ਵੀ ਮਿਲ ਜਾਏਗਾ ਕਿਉਂਕਿ ਉਨ੍ਹਾਂ ਦਾ ਬਚਨ ਨਿਹਫਲ ਨਹੀਂ ਜਾਇਆ ਕਰਦਾ। ਉਸ ਵੇਲੇ ਕੋਈ ਮੰਡਲੇਸ਼ਵਰ ਮਹਾਂਪੁਰਸ਼ ਆਏ ਹੋਏ ਸੀ ਜੋ ਫਿਰ-ਤੁਰ ਕੇ ਪ੍ਰਭੂ ਦਾ ਪ੍ਰਚਾਰ ਕਰ ਰਹੇ ਸੀ। ਲੜਕੇ ਨੇ ਉਨ੍ਹਾਂ ਦੀ ਸ਼ਰਨ ਵਿਚ ਜਾ ਕੇ ਨਮਸ਼ਕਾਰ ਕੀਤੀ, ਡੰਡਉਤਿ ਕੀਤੀ। ਅਤਿ ਦੀ ਸ਼ਰਧਾ ਹੋਵੇ, ਉਹ ਡੰਡਉਤਿ ਕਰਿਆ ਕਰਦਾ ਹੈ। ਇਕ ਤਾਂ ਦਿਖਾਵੇ ਦੀ ਡੰਡਉਤਿ ਹੁੰਦੀ ਹੈ ਕਿ ਲੋਕ ਮੈਨੂੰ ਦੇਖ ਲੈਣ ਕਿ ਮੈਂ ਐਂ ਮੱਥਾ ਟੇਕਦਾ ਹਾਂ, ਵਾਹਵਾ ਕਹਿਣ, ਚੰਗਾ ਕਹਿਣ। ਇਹ ਤਾਂ ਬਿਲਕੁਲ ਗਲਤ ਹੈ ਕਿਉਂਕਿ ਪਖੰਡ ਕਰਦਾ ਹੈ। ਪਖੰਡ ਕਰਨ ਵਾਲੇ ਨੂੰ ਮਹਾਰਾਜ ਜੀ ਪਰਵਾਨ ਨਹੀਂ ਕਰਦੇ-

***ਭੇਖ ਦਿਖਾਇਓ ਜਗਤ ਕੋ ਲੋਗਨ ਕੋ ਵਸ ਕੀਨ॥***
***ਅੰਤ ਕਾਲ ਕਾਤੀ ਕਟਿਓ ਬਾਸ ਨਰਕ ਮੋ ਲੀਨ॥***

ਕਿੱਡੀ ਵੱਡੀ ਸਜ਼ਾ ਪ੍ਰਾਪਤ ਹੁੰਦੀ ਹੈ। ਦੂਜਾ ਜੋ ਸਚਮੁਚ ਹੀ ਕਰਦਾ ਹੈ ਉਸ ਨੂੰ ਦਿਖਾਉਣ ਦੀ ਲੋੜ ਨਹੀਂ ਹੁੰਦੀ ਕਿਤੇ, ਸਹਿਜ ਸੁਭਾਅ ਹੀ ਉਹ ਡੰਡਉਤਿ ਕਰਦਾ ਹੈ। ਸੋ ਉਸ ਬੱਚੇ ਨੇ ਡੰਡਉਤਿ ਬੰਦਨਾ ਕੀਤੀ। ਮਹਾਂਪੁਰਸ਼ ਉਸ ਦੀ ਸ਼ਰਧਾ ਨੂੰ ਦੇਖ ਕੇ ਪ੍ਰਸੰਨ ਹੋ ਗਏ। ਸੀਸ ਤੇ ਹੱਥ ਰੱਖਿਆ, ਅਸੀਸ ਦਿੱਤੀ, ਬੇਟਾ! ਚਿਰੰਜੀਵੀ ਹੋ! ਦੋਵੇਂ ਹੱਥ ਬੰਨ੍ਹ ਕੇ ਉਠ ਖੜ੍ਹਿਆ ਤੇ ਕਹਿਣ ਲੱਗਿਆ ਕਿ ਮਹਾਂਪੁਰਸ਼ੋ! ਮੇਰਾ ਜੀਵਨ ਤਾਂ ਕੇਵਲ ਗਿਆਰ੍ਹਾਂ ਦਿਨ ਹੋਰ ਬਾਕੀ ਹੈ ਤੇ ਆਪ ਦਾ ਬਚਨ ਹੈ ਕਿ ਚਿਰੰਜੀਵੀ ਰਹੋ। ਮਹਾਂਪੁਰਸ਼ਾਂ ਨੇ ਅੰਤਰ ਧਿਆਨ ਹੋ ਕੇ ਦੇਖਿਆ ਕਿ ਇਸ ਦਾ ਤਾਂ ਅੱਜ ਤੋਂ ਗਿਆਰ੍ਹਵੇਂ ਦਿਨ ਨੂੰ ਕਾਲ ਆ ਜਾਣਾ ਹੈ।

ਕਹਿੰਦੇ, "ਚੰਗਾ ਬੇਟਾ! ਤੇਰਾ ਕਾਲ ਨਹੀਂ ਆਏਗਾ।"

ਸਾਰੀ ਬਾਤ ਦੱਸੀ ਕਿ ਮਹਾਰਾਜ ਮੇਰਾ ਜਨਮ ਇਕ ਮਹਾਂਪੁਰਸ਼ਾਂ ਦੇ ਬਚਨ ਨਾਲ ਹੋਇਆ ਹੈ। ਸੁਖਮਨੀ ਸਾਹਿਬ ਦੀ ਉਨ੍ਹਾਂ ਨੇ ਅਸ਼ਟਪਦੀ ਪੜ੍ਹੀ ਸੀ ਤੇ ਉਸ ਦੇ ਵਿਚ ਆਇਆ ਸੀ ਕਿ -

***ਸਾਧ ਕੀ ਮਹਿਮਾ ਬੇਦ ਨ ਜਾਨਹਿ॥***
***ਜੇਤਾ ਸੁਨਹਿ ਤੇਤਾ ਬਖਿਆਨਹਿ॥ ਪੰਨਾ - 272***

ਮੇਰੇ ਪਿਤਾ ਨੇ ਸ਼ੰਕਾ ਕੀਤੀ ਇਸ ਬਚਨ ਦੇ ਉਤੇ ਅਤੇ ਕਿਹਾ ਕਿ ਇਹ ਅੱਖਰ ਕਵਿਤਾ ਜੋੜਨ ਵਾਸਤੇ ਲਿਖੇ ਗਏ ਹਨ ਪਰ ਇਸ ਦੇ ਵਿਚ ਸਤਿਤਾ (ਸਚਾਈ) ਨਹੀਂ ਹੈ, ਕਿਉਂ ਨਹੀਂ ਵੇਦ ਜਾਣਦੇ? ਵੇਦ ਤਾਂ ਸਭ ਕੁਝ ਜਾਣਦੇ ਨੇ। ਉਨ੍ਹਾਂ ਮਹਾਂਪੁਰਸ਼ਾਂ ਨੇ ਕਿਹਾ ਕਿ ਤੇਰਾ ਲੜਕਾ ਗਿਆਰਾਂ ਸਾਲ, ਗਿਆਰਾਂ ਮਹੀਨੇ, ਗਿਆਰਾਂ ਦਿਨ ਜੀਉਂ ਕੇ ਤੈਨੂੰ ਇਸ ਗੱਲ ਦਾ ਸਹੀ ਅਰਥ ਦੱਸੇਗਾ ਤੇ ਮਹਾਰਾਜ! ਉਸ ਹਿਸਾਬ ਨਾਲ ਮੇਰੀ ਉਮਰ ਦੇ ਹੁਣ ਗਿਆਰਾਂ ਦਿਨ ਬਾਕੀ ਰਹਿ ਗਏ ਨੇ।

ਮਹਾਂਪੁਰਸ਼ ਕਹਿੰਦੇ, "ਚੰਗਾ ਗਿਆਰਾਂ ਸਾਲ, ਗਿਆਰਾਂ ਮਹੀਨੇ, ਗਿਆਰਾਂ ਦਿਨਾਂ ਦੀ ਉਮਰ ਉਨ੍ਹਾਂ ਨੇ ਦੇ ਦਿੱਤੀ ਤੇ ਸੌ ਸਾਲ ਦੀ ਉਮਰ ਅਸੀਂ ਤੈਨੂੰ ਦਿੰਦੇ ਹਾਂ, ਜਾ ਕੇ ਆਪਣੇ ਪਿਤਾ ਨੂੰ ਦੱਸ ਦੇਈ।

ਰਾਜਾ ਵੀ ਸੰਗਤ ਦੇ ਵਿਚ ਬੈਠਾ ਸੀ, ਹੈਰਾਨ ਹੋ ਗਿਆ। ਮਹਾਂਪੁਰਸ਼ ਕਹਿਣ ਲੱਗੇ ਕਿ ਰਾਜਨ! ਇਹ ਹੀ ਮਹਿਮਾ ਹੈ ਸਾਧੂਆਂ ਦੀ ਜਿਥੇ ਵੇਦ, ਸ਼ਾਸ਼ਤਰ ਤੇ ਕਿਸੇ ਬੰਦੇ ਦੀ ਪਹੁੰਚ ਨਹੀਂ ਹੈ। ਉਸ ਅਗਮ ਅਗੋਚਰ ਅਵਸਥਾ ਦੇ ਸਾਧੂ ਮਾਲਕ ਹੁੰਦੇ ਹਨ। ਸੋ ਸਾਧੂਆਂ ਦੀ ਮਹਿਮਾ ਕੋਈ ਜਾਣਦਾ ਨਹੀਂ ਹੈ ਕਿਉਂਕਿ ਉਸ ਵਿਚ ਤੇ ਪ੍ਰਮੇਸ਼ਰ ਵਿਚ ਕੋਈ ਭੇਦ ਨਹੀਂ ਹੈ।

***ਸੰਤ ਅਨੰਤਹਿ ਅੰਤਰੁ ਨਾਹੀ॥ ਪੰਨਾ - 486***

ਕੋਈ ਅੰਤ ਨਹੀਂ ਹੋਇਆ ਕਰਦਾ। ਏਸ ਤਰ੍ਹਾਂ ਮਹਾਰਾਜ ਜੀ ਦਾ ਫੁਰਮਾਨ ਹੈ -

***ਧਾਰਨਾ - ਭੇਦ ਨਾ ਕੋਈ ਹੈ,***
***ਪ੍ਰਭ ਜੀ ਤੇ ਸਾਧੂ ਅੰਦਰ -2, 2.***
***ਪ੍ਰਭ ਜੀ ਤੇ ਸਾਧੂ ਅੰਦਰ -2, 2.***
***ਭੇਦ ਨਾ ਕੋਈ ਹੈ ..................-2, 2.***

***ਸਾਧ ਕੀ ਮਹਿਮਾ ਬੇਦ ਨ ਜਾਨਹਿ॥***
***ਜੇਤਾ ਸੁਨਹਿ ਤੇਤਾ ਬਖਿਆਨਹਿ॥***
***ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ॥***
***ਸਾਧ ਕੀ ਉਪਮਾ ਰਹੀ ਭਰਪੂਰਿ॥***
***ਸਾਧ ਕੀ ਸੋਭਾ ਕਾ ਨਾਹੀ ਅੰਤ॥***
***ਸਾਧ ਕੀ ਸੋਭਾ ਸਦਾ ਬੇਅੰਤ॥***
***ਸਾਧ ਕੀ ਸੋਭਾ ਊਚ ਤੇ ਊਚੀ॥***
***ਸਾਧ ਕੀ ਸੋਭਾ ਮੂਚ ਤੇ ਮੂਚੀ॥***
***ਸਾਧ ਕੀ ਸੋਭਾ ਸਾਧ ਬਨਿ ਆਈ॥***
***ਨਾਨਕ ਸਾਧ ਪ੍ਰਭ ਭੇਦੁ ਨ ਭਾਈ॥ ਪੰਨਾ - 272***

ਵਾਹਿਗੁਰੂ ਜੀ ਦੀ ਸੋਭਾ ਨਹੀਂ ਹੋ ਸਕਦੀ। ਇਸ ਕਰਕੇ ਉਸ ਦੇ ਪਿਆਰੇ ਦੀ ਵੀ ਕੋਈ ਮਹਿਮਾ ਨਹੀਂ ਜਾਣਦਾ।

***ਸਾਧ ਕੀ ਸੋਭਾ ਸਾਧ ਬਨਿ ਆਈ॥ ਪੰਨਾ - 272***

ਆਪਣੀ ਮਹਿਮਾ ਨੂੰ ਆਪ ਜਾਣਦਾ ਹੈ।

***ਨਾਨਕ ਸਾਧ ਪ੍ਰਭ ਭੇਦੁ ਨ ਭਾਈ॥ ਪੰਨਾ - 272***

ਸੋ ਐਸਾ ਮਹਾਂਪੁਰਸ਼ ਜੇ ਕਿਸਮਤ ਹੋਵੇ, ਭਾਗ ਜਾਗਣ-

***ਪੂਰਬ ਕਰਮ ਅੰਕੁਰ ਜਬ ਪ੍ਰਗਟੇ***
***ਭੇਟਿਓ ਪੁਰਖੁ ਰਸਿਕ ਬੈਰਾਗੀ॥ ਪੰਨਾ - 204***

ਉਸ ਵੇਲੇ ਮਹਾਂਪੁਰਸ਼ ਦਾ ਮਿਲਾਪ ਹੋ ਜਾਂਦਾ ਹੈ -

***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ॥ ਪੰਨਾ - 204***

ਉਸਦੇ ਮਿਲਣ ਨਾਲ ਕ੍ਰੋੜਾਂ ਪਾਪ ਕਰਨ ਵਾਲੇ ਅਪਰਾਧੀਆਂ ਦਾ ਉਧਾਰ ਹੋ ਜਾਂਦਾ ਹੈ, ਜਨਮਾਂ-ਜਨਮਾਂ ਦਾ ਵਿਛੜਿਆ ਹੋਇਆ ਪ੍ਰਮੇਸ਼ਰ ਨਾਲ ਮਿਲ ਜਾਂਦਾ ਹੈ। ਜੋ ਇੱਛੇ, ਉਸ ਫਲ ਦੀ ਪ੍ਰਾਪਤੀ ਹੋ ਜਾਂਦੀ ਹੈ, ਐਸਾ ਮਹਾਰਾਜ ਜੀ ਦਾ ਫੁਰਮਾਨ ਹੈ -

***ਧਾਰਨਾ - ਸੋ ਸੰਤਨ ਤੇ ਪਾਵੈ ਜੀ,***
***ਜੇਹਾ ਮਨੋਰਥ ਕਰ ਆਰਾਧੈ -2, 2.***
***ਜੇਹਾ ਮਨੋਰਥ ਕਰ ਆਰਾਧੈ -2, 2.***
***ਸੋ ਸੰਤ ਤੇ ਪਾਵੈ ਜੀ.......2, 2.***

***ਕੋਟਿ ਅਪ੍ਰਾਧੀ ਸੰਤ ਸੰਗਿ ਉਧਰੈ ਜਮੁ ਤਾ ਕੈ ਨੇੜਿ ਨ ਆਵੈ॥***
***ਜਨਮ ਜਨਮ ਕਾ ਬਿਛੁੜਿਆ ਹੋਵੈ ਤਿਨ੍ਹ ਹਰਿ ਸਿਉ ਆਨਿ ਮਿਲਾਵੈ॥***
***ਪੰਨਾ - 748***

ਇਹ ਮਹਾਰਾਜ ਜੀ ਸੰਤ ਦੀ ਵਡਿਆਈ ਦੱਸ ਰਹੇ ਨੇ-

***ਜੇਹਾ ਮਨੋਰਥੁ ਕਰਿ ਆਰਾਧੇ ਸੋ ਸੰਤਨ ਤੇ ਪਾਵੈ॥***
***ਪੰਨਾ - 748***

***ਜੋ ਇਛੈ ਸੋਈ ਫਲੁ ਪਾਵੈ॥***
***ਸਾਧ ਕੈ ਸੰਗਿ ਨ ਬਿਰਥਾ ਜਾਵੈ॥ ਪੰਨਾ - 272***

ਹੋਰ ਸਾਰੇ 'ਸੰਗ' ਬਿਰਥੇ ਚਲੇ ਜਾਂਦੇ ਨੇ, ਇਹ ਸੰਗ ਕਦੇ ਬਿਰਥਾ ਨਹੀਂ ਜਾਇਆ ਕਰਦਾ। ਜਿਹੋ-ਜਿਹਾ ਮਨੋਰਥ ਕਰਕੇ ਕੋਈ ਅਰਾਧਨਾ ਕਰਦਾ ਹੈ ਵੈਸਾ ਹੀ ਫਲ ਪ੍ਰਾਪਤ ਹੋ ਜਾਂਦਾ ਹੈ। ਪਰ ਮੁਸ਼ਕਲ ਹੈ ਕਿ ਐਸੇ ਮਹਾਂਪੁਰਖਾਂ ਦਾ ਮੇਲ ਸਿਰਫ ਤਾਂ ਹੀ ਹੁੰਦਾ ਹੈ ਜੇ ਪੂਰੇ ਭਾਗ ਜਾਗੇ ਹੋਣ।

ਮਹਾਰਾਜ ਜੀ (ਸ੍ਰੀ 108 ਸੰਤ ਈਸ਼ਰ ਸਿੰਘ ਜੀ ਮਹਾਰਾਜ) ਇਥੇ ਚੰਡੀਗੜ੍ਹ ਮਈ ਦੇ ਮਹੀਨੇ ਪਹਿਲੀ ਮਈ ਤੋਂ ਛੱਬੀ ਮਈ ਤੱਕ ਦੀਵਾਨ ਲਾ ਕੇ ਇਥੋਂ ਭੀਮ ਤਾਲ ਨੂੰ ਜਾ ਰਹੇ ਸਨ। ਰਸਤੇ ਵਿਚ ਮੁਰਾਦਾਬਾਦ ਦੇ ਪ੍ਰੇਮੀ ਸਨ - ਚੰਨਣ ਸਿੰਘ, ਸੁਰਜੀਤ ਸਿੰਘ ਵਗੈਰਾ, ਹੁਣ ਤਾਂ ਚੜ੍ਹਾਈ ਕਰ ਗਏ। ਸਭ ਨੇ ਹੀ ਚਲੇ ਜਾਣਾ ਹੈ ਕਿਸੇ ਨੇ ਵੀ ਨਹੀਂ ਰਹਿਣਾ ਤੇ ਆਪ ਨੇ ਬੇਨਤੀ ਕਰਕੇ ਉਥੇ ਰੋਕ ਲਏ। ਜਿਸ ਥਾਂ ਤੇ ਰੋਕੇ, ਉਹ ਇਕ ਚੰਗਾ ਅਸਥਾਨ ਸੀ - ਮਹੱਲ ਵਰਗਾ। ਰਾਜਾ ਰਮੇਸ਼ ਕੁਮਾਰ ਸੀ, ਕੋਟ ਦੁਆਰ ਦਾ ਛੋਟਾ ਜਿਹਾ ਰਾਜਾ ਸੀ। ਉਸ ਦੀ ਕੋਠੀ ਸੀ ਤੇ ਉਥੇ ਮਹਾਰਾਜ ਜੀ ਨੇ ਦੁਪਹਿਰਾ ਕੱਟਿਆ। ਜਦੋਂ ਸ਼ਾਮ ਚਾਰ ਵਜੇ ਭੀਮਤਾਲ ਨੂੰ ਜਾਣ ਵਾਸਤੇ ਤਿਆਰ ਹੋਏ ਤਾਂ ਸੁਰਜੀਤ ਸਿੰਘ, ਚੰਨਣ ਸਿੰਘ ਦਾ ਛੋਟਾ ਭਰਾ ਰਮੇਸ਼ ਕੁਮਾਰ ਨੂੰ ਕਹਿਣ ਲੱਗਿਆ ਕਿ ਤੁਸੀਂ ਕੁਝ ਮੰਗ ਲਓ ਤਾਂ ਉਹ ਕਹਿਣ ਲੱਗਿਆ ਕਿ ਮੈਂ ਵੀ ਆਹੀ ਸੋਚ ਰਿਹਾ ਹਾਂ।

ਸੁਰਜੀਤ ਸਿੰਘ ਕਹਿੰਦਾ, "ਮੰਗ ਲਓ! ਜਿਹੜੀ ਖੈਰ ਤੁਹਾਨੂੰ ਹੁਣ ਤੱਕ ਨਹੀਂ ਪ੍ਰਾਪਤ ਹੋਈ, ਉਹ ਵੀ ਪ੍ਰਾਪਤ ਹੋ ਜਾਏਗੀ। ਅੱਜ ਪੂਰਨ ਮਹਾਂਪੁਰਸ਼ ਤੁਹਾਡੇ ਘਰ ਆਏ ਹੋਏ ਨੇ।"

ਉਸੇ ਵੇਲੇ ਇਸ਼ਨਾਨ ਕਰਿਆ, ਰਾਣੀ ਨੂੰ ਇਸ਼ਨਾਨ ਕਰਾਇਆ। ਗਲ ਵਿਚ ਪੱਲੇ ਪਾਏ, ਸਾਦੇ ਬਸਤਰ ਪਹਿਨੇ, ਘਾਹ ਪੁੱਟਿਆ ਤੇ ਹੱਥ ਦੇ ਵਿਚ ਲੈ ਲਿਆ। ਮਹਾਂਪੁਰਸ਼ਾਂ ਦੇ ਸਾਹਮਣੇ ਜਾ ਕੇ ਦੋਵੇਂ ਜਣੇ ਹੱਥ ਜੋੜ ਕੇ ਖੜ੍ਹੇ ਹੋ ਗਏ ਤੇ ਨਮਸ਼ਕਾਰ ਕੀਤੀ।

ਮਹਾਰਾਜ ਜੀ ਦੀ ਦ੍ਰਿਸ਼ਟੀ ਪਈ ਤਾਂ ਪੁਛਿਆ, "ਕੌਣ ਨੇ ਇਹ?"

ਕਹਿਣ ਲੱਗੇ, "ਮਹਾਰਾਜ! ਇਹ ਰਮੇਸ਼ ਕੁਮਾਰ ਸਾਹੂ ਨੇ ਜਿਨ੍ਹਾਂ ਦੀ ਕੋਠੀ ਵਿਚ ਆਪ ਜੀ ਦਾ ਉਤਾਰਾ ਹੋਇਆ ਹੈ। ਇਹ ਕਾਠਦੁਆਰ ਦੇ ਰਾਜੇ ਹਨ।"

ਮਹਾਰਾਜ ਜੀ ਮੁਸਕਰਾ ਪਏ ਕਿਉਂਕਿ ਮੰਗਣ ਦੀ ਵੀ ਜਾਂਚ ਹੋਇਆ ਕਰਦੀ ਹੈ। ਬਹੁਤਿਆਂ ਨੂੰ ਮੰਗਣਾ ਨਹੀਂ ਆਉਂਦਾ; ਜੇ ਆ ਜਾਵੇ ਤਾਂ ਸਾਧੂ ਦੇ ਦਿੰਦਾ ਹੈ। ਮਹਾਰਾਜ ਜੀ ਨੇ ਦੇਖਿਆ ਕਿ ਹੱਦ ਤੋਂ ਜ਼ਿਆਦਾ ਅਧੀਨਗੀ ਹੈ, ਗਲ ਵਿਚ ਪੱਲਾ ਪਾਇਆ ਹੋਇਆ ਹੈ। ਗਲ ਵਿਚ ਪੱਲਾ ਪਾਉਣ ਦਾ ਮਤਲਬ ਹੁੰਦਾ ਹੈ ਕਿ ਮੈਂ ਸਮਰਪਣ ਕਰ ਦਿਤਾ ਆਪਣੇ-ਆਪ ਨੂੰ, ਕਿ ਮੈਂ ਕੁਝ ਨਹੀਂ ਹਾਂ। ਫੇਰ ਹੱਥ ਵਿਚ ਘਾਹ ਲਿਆ ਹੋਇਆ ਹੈ ਘਾਹ ਦਾ ਵੀ ਮਤਲਬ ਹੋਇਆ ਕਰਦਾ ਹੈ। ਉਹ ਇਹ ਹੈ ਕਿ ਜਿਵੇਂ ਘਾਹ ਨੂੰ ਸਭ ਪੈਰਾਂ ਥੱਲੇ ਰੋਲ ਦਿੰਦੇ ਨੇ, ਮੇਰੀ ਅੱਜ ਇਹ ਹਾਲਤ ਹੋਈ-ਹੋਈ ਹੈ ਤੇ ਮੈਂ ਘਾਹ ਵਾਂਗ ਹੋਇਆ ਪਿਆ ਹਾਂ, ਮੇਰੇ ਵਿਚ ਰਾਜੇਪੁਣੇ ਦੀ ਕੋਈ ਆਕੜ ਨਹੀਂ ਤੇ ਮੈਂ ਹੱਦ ਤੋਂ ਜ਼ਿਆਦਾ ਗਰੀਬ ਹਾਂ।

ਉਸ ਵੇਲੇ ਮਹਾਰਾਜ ਜੀ ਦਇਆ ਦੇ ਘਰ ਵਿਚ ਆ ਗਏ। ਕਹਿਣ ਲੱਗੇ, "ਦਸੋ ਕੀ ਗੱਲ ਹੈ? ਕਿਵੇਂ ਆਏ ਹੋ ਤੁਸੀਂ?"

ਕਹਿੰਦੇ, "ਮਹਾਰਾਜ! ਆਪ ਤਾਂ ਸਭ ਜਾਣੀ-ਜਾਣ ਹੋ।"

ਮਹਾਰਾਜ ਜੀ ਕਹਿੰਦੇ, "ਨਹੀਂ! ਬਚਨ ਕਰੋ।"

ਕਹਿੰਦੇ, "ਮਹਾਰਾਜ! ਪੱਚੀ ਸਾਲ ਹੋਏ ਉਸ ਵੇਲੇ ਸਾਡੇ ਘਰ ਲੜਕੀ ਪੈਦਾ ਹੋਈ ਸੀ, ਉਸ ਤੋਂ ਬਾਅਦ ਕੋਈ ਬੱਚਾ ਨਹੀਂ ਹੋਇਆ ਤੇ ਅਸੀਂ ਪੁੱਤਰ ਦੀ ਦਾਤ ਪ੍ਰਮੇਸ਼ਰ ਤੋਂ ਚਾਹੁੰਦੇ ਹਾਂ। ਅੱਜ ਤੱਕ ਸਾਡੀ ਅਰਦਾਸ ਨੂੰ ਫਲ ਨਹੀਂ ਲੱਗਿਆ।"

ਮਹਾਰਾਜ ਜੀ ਕਹਿਣ ਲੱਗੇ, "ਕੋਈ ਯਤਨ ਵੀ ਕਰੇ ਨੇ?"

ਕਹਿੰਦਾ, "ਹਾਂ ਮਹਾਰਾਜ! ਅਠਾਹਠ ਤੀਰਥਾਂ ਦਾ ਇਸ਼ਨਾਨ, ਜੋ ਸ਼ਾਸ਼ਤਰਾਂ ਦੇ ਵਿਚ ਵਿਧੀ ਲਿਖੀ ਹੈ, ਪੰਡਤਾਂ ਨੂੰ ਨਾਲ ਲਿਜਾ ਕੇ ਇਸ਼ਨਾਨ ਕਰੇ ਨੇ, ਉਨ੍ਹਾਂ ਦੇ ਕਹੇ ਦੇ ਮੁਤਾਬਕ ਅਸੀਂ ਦਾਨ ਦਿਤੇ, ਬਹੁਤ ਸਾਰੇ ਸਾਧੂ ਬੁਲਾਏ ਤੇ ਜਗਰਾਤੇ, ਰੈਣ ਸਬਾਈਆਂ ਕਰਾਈਆਂ, ਮੰਡਲੀਆਂ ਆਈਆਂ ਸਾਧੂਆਂ ਦੀਆਂ, ਬਹੁਤ ਸਾਰੇ ਮੱਤਾਂ ਵਾਲੇ ਆਏ, ਉਨ੍ਹਾਂ ਨੇ ਬਹੁਤ ਸਾਰੇ ਬਚਨ ਵੀ ਕਰੇ ਪਰ ਸਾਡੀ ਮੁਰਾਦ ਪੂਰੀ ਨਾ ਹੋਈ।"

ਮਹਾਰਾਜ ਜੀ ਕਹਿੰਦੇ, "ਕੋਈ ਭਜਨ ਬੰਦਗੀ ਵੀ ਕਰਦੇ ਹੋ?"

ਕਹਿੰਦਾ, "ਮਹਾਰਾਜ! ਮੈਂ ਸਵੇਰੇ ਉਠ ਕੇ ਉਪਾਸ਼ਨਾ ਕਰਦਾ ਹੁੰਦਾ ਹਾਂ।"

ਤਿੰਨ ਚੀਜ਼ਾਂ ਹੁੰਦੀਆਂ ਹਨ - ਕਰਮ, ਉਪਾਸ਼ਨਾ, ਗਿਆਨ, ਉਸ ਤੋਂ ਬਾਅਦ ਵਿਗਿਆਨ; ਪ੍ਰਮੇਸ਼ਰ ਵਿਚ ਲੈਅ ਹੋ ਜਾਇਆ ਕਰਦਾ ਹੈ। ਸਾਨੂੰ ਤਾਂ ਉਪਾਸ਼ਨਾ ਦਾ ਪਤਾ ਹੀ ਨਹੀਂ, ਨਾ ਕੋਈ ਦੱਸਦਾ ਹੈ ਕਿ ਉਪਾਸ਼ਨਾ ਕੀ ਹੁੰਦੀ ਹੈ। ਇਹ ਰੂਹਾਨੀ ਮੰਜ਼ਲਾਂ ਨੇ ਚਾਰ - ਕਰਮ, ਉਪਾਸ਼ਨਾ, ਗਿਆਨ, ਵਿਗਿਆਨ।

ਅਸੀਂ ਤਾਂ ਉਪਾਸ਼ਨਾ ਦੇ ਬਿਲਕੁਲ ਖਿਲਾਫ ਹਾਂ। ਗੱਲ ਕਰਕੇ ਦੇਖ ਲਓ, ਉਦੋਂ ਹੀ ਕਹਿ ਦਿੰਦੇ ਨੇ ਕਿ ਇਹ ਕੀ ਗੱਲਾਂ ਕਰਨ ਲੱਗ ਗਏ? ਇਸ ਕਰਕੇ ਸੰਤ ਚੁੱਪ ਰਹਿੰਦੇ ਨੇ, ਭੇਤ ਨਹੀਂ ਖੋਲ੍ਹਦੇ, ਸਿਰਫ ਉਸ ਕੋਲ ਭੇਤ ਖੋਲ੍ਹਦੇ ਨੇ ਜੇ ਕੋਈ

ਅਧਿਕਾਰੀ ਹੋਵੇ ਜਾਂ ਕੋਈ ਲੋੜਵੰਦ ਹੋਵੇ ਉਸ ਨੂੰ ਦੱਸ ਦਿੰਦੇ ਨੇ, ਨਹੀਂ ਤਾਂ ਚੁੱਪ ਰਹਿੰਦੇ ਨੇ। ਕਿਤਾਬਾਂ ਭਰੀਆਂ ਪਈਆਂ ਹਨ - ਉਪਾਸ਼ਨਾ ਦਾ ਖੰਡਨ ਕਰਨ ਵਾਲੀਆਂ।

ਮਹਾਰਾਜ ਜੀ ਕਹਿੰਦੇ, "ਕਿਸ ਦਾ ਧਿਆਨ ਧਰਦੇ ਹੋ?"

ਕਹਿੰਦਾ, "ਮੈਂ ਵਿਸ਼ਨੂੰ ਜੀ ਦਾ ਧਿਆਨ ਧਰਦਾ ਹਾਂ।"

ਮਹਾਰਾਜ ਜੀ ਕਹਿੰਦੇ, "ਫੇਰ ਅਜੇ ਤੱਕ ਤਾਂ ਕੁਝ ਮਿਲਿਆ ਨਹੀਂ ਨਾ ਇਸ ਧਿਆਨ ਵਿਚੋਂ? ਦੇਖੋ! ਫਕੀਰ ਦੀ ਤਾਂ ਹੋਇਆ ਕਰਦੀ ਹੈ ਦੁਆ, ਦੇਣ ਵਾਲਾ ਹੁੰਦਾ ਹੈ ਦਾਤਾ। ਮੈਂ ਵੀ ਅਰਦਾਸ ਕਰਾਂਗਾ, ਤੂੰ ਵੀ ਅਰਦਾਸ ਕਰਿਆ ਕਰ। ਜਿਸ ਥਾਂ ਤੇ ਉਪਾਸ਼ਨਾ ਵਿਚ ਵਿਸ਼ਨੂੰ ਜੀ ਦਾ ਚਿੱਤਰ ਹੈ, ਉਥੇ ਗੁਰੂ ਨਾਨਕ ਪਾਤਸ਼ਾਹ ਦਾ ਚਿੱਤਰ ਰੱਖ ਲੈ। ਗੁਰੂ ਨਾਨਕ ਸਾਹਿਬ ਦੇ ਘਰ ਵਿਚ ਜਿਸ ਨੇ ਅਰਦਾਸ ਕਰੀ ਹੈ ਉਹ ਖਾਲੀ ਨਹੀਂ ਗਿਆ।"

ਐਨਾ ਬਚਨ ਮਹਾਂਪੁਰਸ਼ਾਂ ਨੇ ਕਹਿ ਦਿਤਾ ਤੇ ਆਪ ਤਿਆਰ ਹੀ ਬੈਠੇ ਸਨ, ਉਸੇ ਵੇਲੇ ਭੀਮਤਾਲ ਨੂੰ ਚਲੇ ਗਏ। ਭੀਮਤਾਲ ਤੋਂ ਵਾਪਸ ਰਾੜੇ ਸਾਹਿਬ ਆ ਗਏ। ਦਸ ਮਹੀਨੇ ਬਾਅਦ ਉਹ ਫੇਰ ਆਇਆ, ਬੜੀਆਂ ਖੁਸ਼ੀਆਂ ਮਨਾਈਆਂ। ਬੇਨਤੀ ਕਰਦਾ ਹੈ ਕਿ ਮਹਾਰਾਜ! ਦੁਬਾਰਾ ਮੁਰਾਦਾਬਾਦ ਚਰਨ ਪਾਓ ਤੇ ਉਥੇ ਆਪ ਦੀਵਾਨ ਲਾਓ, ਮੇਰੀ ਕੋਠੀ ਦੇ ਵਿਚ ਨਿਵਾਸ ਰੱਖੋ। ਬੜਾ ਪਿਆਰ ਕਰਿਆ। ਜਦੋਂ ਮੈਂ ਦੀਵਾਨਾਂ ਸਮੇਂ ਸੰਤ ਮਹਾਰਾਜ ਜੀ ਦੇ ਦਰਸ਼ਨ ਕਰਨ ਗਿਆ, ਉਦੋਂ ਉਹ ਬੱਚਾ ਪੰਜ ਸਾਲ ਦਾ ਸੀ ਤੇ ਮੈਨੂੰ ਉਨ੍ਹਾਂ ਨੇ ਦੱਸਿਆ ਕਿ ਆਹ ਹੈ ਉਹ ਲੜਕਾ ਜਿਸ ਦਾ ਜ਼ਿਕਰ ਚਲਦਾ ਰਹਿੰਦਾ ਹੈ। ਸੋ ਮਹਾਰਾਜ ਜੀ ਕਹਿੰਦੇ ਨੇ ਕਿ -

***ਜੇਹਾ ਮਨੋਰਥੁ ਕਰਿ ਆਰਾਧੇ ਸੋ ਸੰਤਨ ਤੇ ਪਾਵੈ॥***

***ਪੰਨਾ - 748***

ਉਨ੍ਹਾਂ ਨੂੰ ਦੇਣਾ ਔਖਾ ਨਹੀਂ ਹੋਇਆ। ਸਾਖੀ ਆਉਂਦੀ ਹੈ ਗੁਰੂ-ਘਰ ਦੇ ਅੰਦਰ ਕਿ ਗੁਰੂ ਪੰਜਵੇਂ ਪਾਤਿਸ਼ਾਹ ਮਹਾਰਾਜ ਜੀ ਦੀ ਸ਼ਾਦੀ 1622 ਵਿਚ ਹੋਈ। 1622 ਤੋਂ 1646 ਤੱਕ 24 ਸਾਲ ਆਪ ਦੇ ਕੋਈ ਔਲਾਦ ਨਹੀਂ ਹੋਈ ਤੇ ਇਧਰ ਪ੍ਰਿਥੀ ਚੰਦ ਨੂੰ ਬਹੁਤ ਖੁਸ਼ੀ ਹੁੰਦੀ ਸੀ ਕਿ ਇਨ੍ਹਾਂ ਦੇ ਤਾਂ ਔਲਾਦ ਨਹੀਂ ਹੋਈ। ਦੂਸਰਾ ਮਹਾਰਾਜ ਜੀ ਉਸ ਦੇ ਲੜਕੇ ਮਿਹਰਵਾਨ ਨੂੰ ਆਪਣੇ ਕੋਲ ਰੱਖਦੇ ਸੀ। ਜਿੰਨੇ ਜ਼ਰੂਰੀ ਕੰਮ ਹੁੰਦੇ ਉਹ ਮਿਹਰਵਾਨ ਕਰਦਾ ਰਹਿੰਦਾ ਸੀ ਤੇ ਇਸ ਦੇ ਮਨ ਵਿਚ ਖਿਆਲ ਸੀ ਕਿ ਗੱਦੀ ਸਾਡੇ ਘਰ ਵਿਚ ਰਹਿਣੀ ਹੈ ਕਿਉਂਕਿ ਬਚਨ ਹੋ ਚੁਕਿਆ ਹੈ - ਗੁਰੂ ਤੀਸਰੇ ਪਾਤਿਸ਼ਾਹ ਦਾ ਕਿ ਸੋਢੀਆਂ ਤੋਂ ਬਾਹਰ ਹੁਣ ਗੁਰਗੱਦੀ ਨਹੀਂ ਜਾਣੀ। ਸੋ ਹੁਣ ਇਨ੍ਹਾਂ ਦੇ ਔਲਾਦ ਕੋਈ ਨਹੀਂ ਹੋਈ, ਮੇਰੇ ਹੋਈ ਹੈ ਤੇ ਮਿਹਰਵਾਨ ਇਨ੍ਹਾਂ ਦੇ ਕੋਲ ਰਹਿੰਦਾ ਹੈ ਤੇ ਜੇ ਮੈਨੂੰ ਨਹੀਂ ਮਿਲੀ ਤਾਂ ਮੇਰੇ ਪੁੱਤਰ ਨੂੰ ਮਿਲ ਜਾਏਗੀ ਤੇ ਮਨ ਵਿਚ ਇਹ ਰਹਿੰਦਾ ਹੈ ਹਰ ਵਕਤ ਕਿ ਇਨ੍ਹਾਂ ਦੇ ਔਲਾਦ ਨਾ ਹੋਵੇ, ਬੁਰਾ ਮੰਗਦਾ ਰਹਿੰਦਾ ਹੈ ਹਰ ਵਕਤ। 24 ਸਾਲ ਲੰਘ ਗਏ ਪਰ ਕੋਈ ਔਲਾਦ ਨਾ ਹੋਈ ਪਰ 1646 ਵਿਚ ਮਾਤਾ ਰਾਮ ਕੌਰ ਜੀ ਜੋਤੀ ਜੋਤ ਸਮਾ ਗਏ। ਇਕ ਸਾਲ ਲੰਘ ਗਿਆ। ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਆਦਿ ਸਾਰਿਆਂ ਨੇ ਇਕੱਠੇ ਹੋ ਕੇ ਕਿਹਾ ਕਿ ਪਾਤਿਸ਼ਾਹ ਦੂਸਰੀ ਸ਼ਾਦੀ ਕਰਾ ਲਓ। ਬਹੁਤ ਜ਼ੋਰ ਦੇਣ ਤੋਂ ਬਾਅਦ 1647 ਵਿਚ ਮਉ ਪਿੰਡ ਫਿਲੌਰ ਦੇ ਪਰਗਣੇ ਵਿਚ ਰਤਨ ਚੰਦ ਸੇਖੜੀ ਦੀ ਪੁੱਤਰੀ ਮਾਤਾ ਗੰਗਾ ਜੀ ਨਾਲ ਸ਼ਾਦੀ ਹੋ ਗਈ। ਤਿੰਨ ਸਾਲ ਫੇਰ ਲੰਘ ਗਏ, 1650 ਆ ਗਿਆ ਪਰ ਕੋਈ ਔਲਾਦ ਨਾ ਹੋਈ।

ਬਰਸਾਤ ਦਾ ਮਹੀਨਾ ਖਤਮ ਹੋਇਆ ਤੇ ਜਿਹੜੇ ਕੱਪੜੇ ਟਰੰਕਾਂ ਆਦਿ ਵਿਚ ਪਏ ਸਨ ਆਪ ਨੇ ਹੁਕਮ ਦਿੱਤਾ ਕਿ ਇਨ੍ਹਾਂ ਨੂੰ ਕੀੜਾ, ਲੇਹ ਨਾ ਲੱਗ ਜਾਵੇ ਕਿਤੇ, ਅੱਜ ਧੁੱਪ ਕੜਕਦੀ ਹੈ ਤੇ ਤੁਸੀਂ ਕੋਠੇ ਤੇ ਪਾ ਕੇ ਸਾਰੇ ਸੁਕਾ ਲਓ। ਪ੍ਰਿਥੀ ਚੰਦ ਦਾ ਮਕਾਨ ਨਾਲ ਸੀ, ਵਿਚਾਲੇ ਕੰਧ ਸੀ। ਜਿਸ ਵਕਤ ਉਹ ਬਸਤਰ ਉਪਰ ਸੁਕਣੇ ਪਾਏ ਤਾਂ ਉਸ ਵੇਲੇ ਪ੍ਰਿਥੀ ਚੰਦ ਦੇ ਘਰੋਂ ਕਰਮ ਕੌਰ ਨੇ ਜਦੋਂ ਉਹ ਬਸਤਰ ਦੇਖੇ ਤਾਂ ਉਸ ਦਾ ਚਿਹਰਾ ਬਦਲ ਗਿਆ, ਸਾਹ ਕਾਹਲਾ ਪੈ ਗਿਆ, ਬਿਮਾਰੀ ਦੀ ਹਾਲਤ ਆ ਗਈ, ਚੱਕਰ ਆ ਗਿਆ ਤੇ ਰੋਣ ਲੱਗ ਪਈ। ਇੰਨੇ ਨੂੰ ਪ੍ਰਿਥੀ ਚੰਦ ਜੀ ਆ ਗਏ।

ਕਹਿਣ ਲੱਗੇ, "ਕੀ ਗੱਲ? ਅੱਜ ਤੂੰ ਐਨੀ ਉਦਾਸ ਹੈਂ।"

ਕਹਿੰਦੀ, "ਮੈਂ ਉਦਾਸ ਹੋਵਾਂ ਨਾ! ਆਹ ਦੇਖੋ ਕਿੰਨੇ ਸੋਹਣੇ-ਸੋਹਣੇ ਬਸਤਰ ਨੇ। ਮੈਂ ਕਹਿਣਾ ਤਾਂ ਨਹੀਂ ਸੀ ਪਰ ਅੱਜ ਕਹਿ ਦਿੰਦੀ ਹਾਂ ਕਿ ਤੁਹਾਡੀ ਨਾਲਾਇਕੀ ਕਰਕੇ ਮੈਂ ਰੋ ਰਹੀ ਹਾਂ। ਤੁਸੀਂ ਗੁਰੂ ਪਾਤਿਸ਼ਾਹ ਦਾ ਹੁਕਮ ਨਾ ਮੰਨਿਆ। ਤੁਸੀਂ ਉਨ੍ਹਾਂ ਨਾਲ ਝਗੜਾ ਕੀਤਾ ਤੇ ਉਨ੍ਹਾਂ ਨੇ ਗੁਰਿਆਈ ਛੋਟਿਆਂ ਨੂੰ ਦੇ ਦਿੱਤੀ ਤੇ ਦੇਖੋ ਕਿੰਨਾ ਕੁਝ ਹੈ ਤੇ ਕਿਵੇਂ ਸੰਗਤਾਂ ਆਉਂਦੀਆਂ ਨੇ, ਮੈਂ ਤਾਂ ਸਹਿ ਨਹੀਂ ਸਕਦੀ ਬਿਲਕੁਲ। ਮੈਂ ਇਸੇ ਤਰ੍ਹਾਂ ਮਰ ਜਾਵਾਂਗੀ ਤੇ ਮੈਂ ਨਹੀਂ ਦੇਖ ਸਕਦੀ।"

ਬਹੁਤ ਨਿਰਾਦਰ ਭਰੇ ਸ਼ਬਦ ਉਸਨੇ ਵਰਤੇ।

ਪ੍ਰਿਥੀ ਚੰਦ ਬੋਲਿਆ, "ਤੂੰ ਕਿਉਂ ਦੁਖੀ ਹੁੰਦੀ ਹੈਂ, ਇਨ੍ਹਾਂ ਦੇ ਕਿਤੇ ਔਲਾਦ ਹੋਣੀ ਹੈ? ਇਸ ਨੇ ਤਾਂ ਔਂਤਰੀ ਜਾਣਾ ਹੈ ਤੇ ਆਪਣਾ ਪੁੱਤਰ ਇਨ੍ਹਾਂ ਕੋਲ ਰਹਿੰਦਾ ਹੈ ਤੇ ਉਸ ਨੇ ਬਣ ਜਾਣਾ ਹੈ ਗੁਰੂ।"

ਉੱਚੀ-ਉੱਚੀ ਗਾਲ੍ਹਾਂ ਕੱਢਣ ਲੱਗ ਗਈ ਮਾਤਾ ਜੀ ਨੂੰ। ਮਾਤਾ ਜੀ ਚੁਪ-ਚਾਪ ਸਾਰੇ ਈਰਖਾ ਭਰੇ ਕੁਬਚਨ ਸੁਣ ਕੇ ਸਹਿ ਗਏ। ਦੂਸਰੇ ਦਿਨ ਆਪਣੇ ਇਸ਼ਨਾਨ ਕਰਿਆ ਤੇ ਕੇਸ ਗਿੱਲੇ ਹੋਣ ਕਾਰਨ ਆਪ ਨੇ ਝਟਕੇ ਤੇ ਇਕ ਕਤਰਾ ਪਾਣੀ ਦਾ ਬੀਬੀ ਕਰਮੋਂ (ਪ੍ਰਿਥੀ ਚੰਦ ਜੀ ਦੀ ਪਤਨੀ) ਦੇ ਪੈਰ ਦੇ ਅੰਗੂਠੇ ਤੇ ਜਾ ਪਿਆ। ਉਸ ਵੇਲੇ ਬਹੁਤ ਗਾਲ੍ਹਾਂ ਕੱਢੀਆਂ ਕਿ ਤੇਰੇ ਔਲਾਦ ਹੁੰਦੀ ਨਹੀਂ ਤੇ ਮੇਰੇ ਤੂੰ ਕੇਸਾਂ ਦਾ ਪਾਣੀ ਸੁਟਦੀ ਹੈ ਨਹਾ ਕੇ। ਉਸ ਵੇਲੇ ਮਾਤਾ ਜੀ ਉਦਾਸ ਹੋ ਗਏ। ਪਹਿਲੇ ਦਿਨ ਤਾਂ ਸੱਟ ਲੱਗੀ ਬੋਲਾਂ ਦੀ, ਪਰ ਅੱਜ ਦੂਸਰੇ ਦਿਨ ਉਦਾਸ ਹੋ ਗਏ ਕਿਉਂਕਿ ਈਰਖਾ ਦੇ ਅੰਦਰ ਇਕ ਤਰੰਗ ਹੁੰਦੀ ਹੈ। ਈਰਖਾ ਇਕ ਬਿਮਾਰੀ ਹੈ ਬੜੀ ਜਬਰਦਸਤ। ਜਿਸ ਦੇ

ਅੰਦਰ ਈਰਖਾ ਹੋਵੇ, ਮਹਾਰਾਜ ਜੀ ਕਹਿੰਦੇ ਉਸਨੇ ਆਪਣਾ ਮਾਨਸ ਜਨਮ ਬਰਬਾਦ ਕਰ ਲਿਆ, ਉਸ ਦੇ ਵਰਗਾ ਦੁਨੀਆਂ ਵਿਚ ਮੂਰਖ ਨਹੀਂ ਹੈ ਕੋਈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ-

***ਧਾਰਨਾ – ਰਤਨ ਜਨਮ ਗੁਆ ਲਿਆ ਮੂਰਖਾ,***
***ਰੋਗ ਲਾ ਕੇ ਈਰਖਾ ਦਾ –2, 2.***
***ਰੋਗ ਲਾ ਕੇ ਜੀ, ਈਰਖਾ ਦਾ –2, 2.***
***ਰਤਨ ਜਨਮ ਗੁਆ ਲਿਆ ਮੂਰਖਾ....–2, 2.***

***ਜਿਸੁ ਅੰਦਰਿ ਤਾਤਿ ਪਰਾਈ ਹੋਵੈ***
***ਤਿਸ ਦਾ ਕਦੇ ਨ ਹੋਵੀ ਭਲਾ॥ ਪੰਨਾ – 308***

'ਤਾਤਿ ਪਰਾਈ' ਈਰਖਾ ਨੂੰ ਕਹਿੰਦੇ ਨੇ। ਇਹ ਬਿਮਾਰੀ ਆਮ ਹੀ ਲੱਗੀ ਹੋਈ ਹੈ। ਗੁਰੂ ਨਾਨਕ ਪਾਤਸ਼ਾਹ ਜਦੋਂ ਹਰਦਾਸ ਵੈਦ ਨਾਲ ਬਚਨ ਕਰਦੇ ਨੇ –

***ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਹ॥***
***ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥***
***ਪੰਨਾ – 1279***

ਉਸ ਵੇਲੇ ਵੈਦ ਦੇ ਪੁੱਛਣ ਤੇ ਗੁਰੂ ਨਾਨਕ ਮਹਾਰਾਜ ਜੀ ਨੇ ਦੱਸਿਆ ਕਿ ਵੈਦ ਜੀ! ਸਰੀਰਕ ਰੋਗ ਤਾਂ ਨਾਮ ਜੱਪਣ ਨਾਲ ਦੂਰ ਹੋ ਜਾਂਦੇ ਨੇ –

***ਸਰਬ ਰੋਗ ਕਾ ਅਉਖਦੁ ਨਾਮੁ॥ ਪੰਨਾ – 274***

ਪਰ ਇਹ ਪੈਦਾ ਤਾਂ ਹੁੰਦੇ ਨੇ ਜੇ ਮਨ ਰੋਗੀ ਹੋਵੇ –

***ਕਾਮੁ ਕ੍ਰੋਧੁ ਕਾਇਆ ਕਉ ਗਾਲੈ॥***
***ਜਿਉ ਕੰਚਨ ਸੋਹਾਗਾ ਢਾਲੈ॥ ਪੰਨਾ – 932***

ਕੋਈ ਜ਼ਹਿਰ ਤਾਂ ਆਦਮੀ ਨਹੀਂ ਖਾਂਦਾ – ਕ੍ਰੋਧ ਕਰਕੇ, ਕਾਮ ਦੇ ਨਾਲ, ਪਰ ਉਸ ਦਾ ਸਰੀਰ ਨਾਸ਼ ਹੋ ਜਾਏਗਾ– ਖਿਆਲ ਨਾਲ ਹੀ। ਇਸੇ ਤਰ੍ਹਾਂ ਈਰਖਾ ਇਕ ਖਿਆਲ ਹੀ ਹੈ। ਉਸ ਨੂੰ ਮਨ ਦੀ ਟੀ.ਬੀ. (ਤਪਦਿਕ) ਕਹਿੰਦੇ ਨੇ ਜਿਵੇਂ ਟੀ.ਬੀ. ਵਾਲਾ ਘੁਲ ਘੁਲ ਕੇ ਮਰ ਜਾਂਦਾ ਹੈ। ਇਸੇ ਤਰ੍ਹਾਂ ਈਰਖਾ ਵਾਲਾ ਆਪਣੇ ਆਪ ਨੂੰ ਆਪੇ ਹੀ ਜਾਲੀ (ਜਲਾਈ) ਜਾਂਦਾ ਹੈ।

ਸੋ ਮਹਾਰਾਜ ਜੀ ਕਹਿੰਦੇ, ਦੂਸਰਾ ਵੱਡਾ ਨੁਕਸਾਨ ਇਹ ਕਰਦਾ ਹੈ ਕਿ –

***ਜਿਸੁ ਅੰਦਰਿ ਤਾਤਿ ਪਰਾਈ ਹੋਵੈ***
***ਤਿਸ ਦਾ ਕਦੇ ਨ ਹੋਵੀ ਭਲਾ॥ ਪੰਨਾ – 308***

ਉਹ ਕਦੇ ਸੋਚਦੇ ਹੀ ਨਾ ਕਿ ਮੇਰਾ ਭਲਾ ਹੋਏਗਾ। ਦੇਖੋ ਕਿੱਡੀ ਗੱਲ ਕਹਿ ਦਿਤੀ। ਫੇਰ ਅਸੀਂ ਈਰਖਾ ਵਿਚ ਪਏ ਰਹਿੰਦੇ ਹਾਂ। ਇਹ ਈਰਖਾ ਆਪਣੇ-ਆਪ ਤਾਂ ਨਹੀਂ ਜਾਂਦੀ, ਜ਼ੋਰ ਲਾ ਲਓ ਜਿੰਨਾ ਲਗਦਾ ਹੈ। ਇਹ ਤਾਂ ਆਉਣੀ ਹੀ ਆਉਣੀ ਹੈ। ਦੋ ਕੀਰਤਨ ਵਾਲੇ ਕੀਰਤਨ ਕਰਨ ਲਗ ਜਾਣ, ਇਕ ਦੀ ਮਹਿਮਾ ਵੱਧ ਜਾਵੇ ਤਾਂ ਈਰਖਾ ਆ ਜਾਏਗੀ; ਉਸ ਦੇ ਨਾਲ ਦਾ ਉਦੋਂ ਹੀ ਈਰਖਾ ਕਰਨੀ ਛੱਡ ਦੇਵੇ ਨਹੀਂ ਈਰਖਾ ਕਰਨ ਤੇ ਇਹ ਮਾਨਸਿਕ ਬੀਮਾਰੀ ਹੋਰ ਅੱਗੇ ਵੱਧ ਜਾਵੇਗੀ। ਭਜਨ ਕਰਨ ਵਾਲੇ ਈਰਖਾ ਕਰਨ ਦੀ ਤਾਂ ਜੇ ਪ੍ਰਸੰਸਾ ਕਰਨ ਫੇਰ ਇਹ ਬੀਮਾਰੀ ਨਹੀਂ ਲੱਗਿਆ ਕਰਦੀ। ਬਾਕੀ ਦੁਨੀਆਂਦਾਰਾਂ ਦਾ ਵੀ ਇਹੋ ਇਲਾਜ ਹੈ। ਦੁਨੀਆਂਦਾਰ ਆਪਣੇ ਹਮ-ਪੇਸ਼ਾ ਵਾਲਿਆਂ ਨਾਲ, ਸਾਧੂ ਸਾਧੂਆਂ ਨਾਲ ਈਰਖਾ ਕਰਦੇ ਹਨ, ਬੁਰਾ ਕਹਿੰਦੇ ਹਨ, ਨਿੰਦਿਆ ਕਰਦੇ ਹਨ, ਨੁਕਸ ਕੱਢ-ਕੱਢ ਲਿਆਉਗੇ, ਆਪਣੀ ਜ਼ੁਬਾਨ ਤੋਂ ਕਹਿਣਗੇ ਕਿ ਕਿਸੇ ਦੀ ਨਿੰਦਿਆ ਨਾ ਕਰੋ, ਪਰ ਖ਼ੁਦ ਨਿੰਦਿਆ ਕਰਨਗੇ ਕਿਉਂਕਿ ਬਿਮਾਰੀ ਲੱਗੀ ਹੋਈ ਹੈ ਈਰਖਾ ਦੀ। ਇਹ ਵੱਡਿਆਂ-ਵੱਡਿਆਂ ਨੂੰ ਵੀ ਲਗਦੀ ਹੈ, ਪਰ ਉਨ੍ਹਾਂ ਨੂੰ ਨਹੀਂ ਪਤਾ ਲਗਦਾ। ਉਪਦੇਸ਼ ਦੇਣਗੇ ਦੂਜਿਆਂ ਨੂੰ ਪਰ ਆਪ ਬਿਮਾਰ ਹੋਣਗੇ। ਮਹਾਰਾਜ ਜੀ ਕਹਿੰਦੇ ਇਸ ਦਾ ਦੋਸ਼ ਕਿੱਡਾ ਹੈ –***ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ॥*** '

***ਸੁਆਦ ਬਾਦ ਈਰਖ ਮਦ ਮਾਇਆ॥ ਪੰਨਾ – 741***

ਇਨ੍ਹਾਂ ਨਾਲ ਕੀ ਹੋਇਆ?

***ਇਨ ਸੰਗਿ ਲਾਗਿ ਰਤਨ ਜਨਮੁ ਗਵਾਇਆ॥***
***ਪੰਨਾ – 741***

ਇਨ੍ਹਾਂ ਦੇ ਨਾਲ ਲੱਗ ਕੇ ਰਤਨ ਜਨਮ ਗਵਾ ਲਿਆ।

ਗੁਰੂ ਪੰਜਵੇਂ ਪਾਤਿਸ਼ਾਹ ਪਾਸ ਇਕ ਵਾਰੀ ਸੰਗਤ ਨੇ ਅਰਦਾਸ ਕਰੀ ਕਿ ਪਾਤਿਸ਼ਾਹ! ਮਨ ਨਹੀਂ ਟਿਕਦਾ, ਬਾਣੀ ਵੀ ਪੜ੍ਹਦੇ ਹਾਂ। ਮਹਾਰਾਜ ਜੀ ਨੇ ਸਾਰੀ ਗੱਲ ਸੁਣੀ ਤੇ ਕਹਿਣ ਲੱਗੇ ਕਿ ਚਾਰ-ਚਾਰ ਵਿਆਹ ਕਰਾ ਲਓ। ਉਹ ਕਹਿੰਦੇ ਮਹਾਰਾਜ ਜੀ ਦਾ ਹੁਕਮ ਹੋ ਗਿਆ, ਹੁਣ ਕੀ ਹੋਏਗਾ। ਉਸੇ ਵੇਲੇ ਬੇਨਤੀ ਕਰ ਦਿੱਤੀ ਕਿ ਪਾਤਿਸ਼ਾਹ! ਆਪਦਾ ਹੁਕਮ ਤਾਂ ਅਸੀ ਮੰਨ ਲੈਂਦੇ ਹਾਂ ਪਰ ਇਕ-ਇਕ ਵਿਆਹ ਹੀ ਸਾਨੂੰ ਤਾਂ ਤੰਗ ਕਰੀ ਜਾਂਦਾ ਹੈ, ਚਾਰ-ਚਾਰ ਹੋਰ ਕਰਾ ਕੇ ਫੇਰ ਘਰ ਤਾਂ ਮਹਾਂਭਾਰਤ ਦਾ ਅਖਾੜਾ ਬਣ ਜਾਏਗਾ।

ਮਹਾਰਾਜ ਜੀ ਕਹਿੰਦੇ, "ਅਸੀਂ ਸਰੀਰ ਦਾ ਵਿਆਹ ਨਹੀਂ, ਮਨ ਦਾ ਵਿਆਹ ਕਹਿੰਦੇ ਹਾਂ।"

ਕਹਿੰਦੇ, "ਪਾਤਿਸ਼ਾਹ! ਖੋਲ੍ਹ ਕੇ ਦੱਸੋ।"

ਮਹਾਰਾਜ ਜੀ ਕਹਿੰਦੇ, "ਚਾਰ ਇਸਤ੍ਰੀਆਂ ਜਿਨ੍ਹਾਂ ਦੇ ਨਾਮ ਹਨ – ਮੁਦਤਾ, ਮੈਤ੍ਰੀ, ਕਰੁਣਾ ਤੇ ਅਪੇਖਿਆ। ਇਨ੍ਹਾਂ ਨਾਲ ਵਿਆਹ ਕਰਵਾ ਲਓ, ਜਿਵੇਂ ਵਿਆਹੀ ਹੋਈ ਇਸਤ੍ਰੀ ਨਾਲ ਹੀ ਰਹਿੰਦੀ ਹੈ ਇਨ੍ਹਾਂ ਚੌਹਾਂ ਨੂੰ ਮਨ ਦੇ ਨਾਲ ਹੀ ਰੱਖੋ।

ਮੁਦਤਾ ਨੂੰ 'ਪ੍ਰਸੰਸਾ' ਕਹਿੰਦੇ ਨੇ ਆਮ ਬੋਲੀ ਵਿਚ। ਜਿਹੜਾ ਆਪ ਤੋਂ ਵਧ ਗਿਆ ਉਸ ਦੀ ਪ੍ਰਸੰਸਾ ਕਰੋ। ਇਕੱਠੇ ਪੜ੍ਹੇ, ਇਕੱਠੇ ਇੰਜੀਨੀਅਰ ਸੀ, ਇਕ ਵਧ ਗਿਆ, ਉਹ ਵਧਿਆ ਵੀ ਐਨਾ ਕਿ ਸੂਰਜ ਵਾਂਗ ਉਸ ਦਾ ਸਿਤਾਰਾ ਚਮਕ ਗਿਆ ਤੇ ਆਪ ਹੇਠਾਂ ਰਹਿ ਗਿਆ। ਉਥੇ ਈਰਖਾ ਨਾ ਕਰੋ ਕਿਉਂਕਿ ਪ੍ਰਮੇਸ਼ਰ ਨੇ ਉਸ ਨੂੰ ਦਿੱਤਾ ਹੈ, ਪ੍ਰਮੇਸ਼ਰ ਨੇ ਉਸ ਨੂੰ ਵਧਾਇਆ ਹੈ। ਉਸ ਦੀ ਪ੍ਰਸੰਸਾ ਕਰੋ ਕਿ ਵਾਹ ਬਈ ਵਾਹ! ਬੜਾ ਕਾਬਲ ਬੰਦਾ ਹੈ, ਹੋਣਾ ਚਾਹੀਦਾ ਹੈ ਐਸਾ; ਉਸ ਦੀ ਮਿਸਾਲ ਲਓ, ਉਸ ਦੀ ਜ਼ਿੰਦਗੀ ਤੋਂ ਪ੍ਰੇਰਨਾ ਲਓ ਪਰ ਉਸਦੇ ਨਾਲ ਈਰਖਾ ਨਾ ਕਰੋ, ਉਸਦੀ ਪ੍ਰਸੰਸਾ ਕਰੋ। ਜਿਹੜਾ ਬਰਾਬਰ ਦਾ ਹੈ ਉਸ ਦੇ ਨਾਲ ਮੈਤ੍ਰੀ ਰੱਖੋ, ਪਿਆਰ ਰੱਖੋ।

ਜਿਹੜਾ ਛੋਟਾ ਰਹਿ ਗਿਆ, ਪਿਛੇ ਰਹਿ ਗਿਆ, ਉਸ ਨਾਲ ਨਫਰਤ ਨਾ ਕਰੋ ਉਸ ਤੇ ਦਇਆ ਕਰੋ। ਆਪਣੇ-ਆਪ ਨੂੰ ਵੱਡਾ ਬਣਾ-ਬਣਾ ਨਾ ਦਿਖਾਓ। ਜੇ ਸੋਹਣੇ ਕਪੜੇ ਪਾ ਲਏ ਤਾਂ ਉਸਦੇ ਨਾਲ ਗੱਲ ਵੀ ਨਹੀਂ ਕਰਦੇ ਕਿ ਉਹ ਛੋਟਾ ਹੈ। ਇਹੋ ਜਿਹੀ ਬਿਰਤੀ ਨਾ ਲਿਆਓ, ਉਥੇ ਕਰੁਣਾ ਲਿਆਓ, ਮਨ ਵਿਚ ਦਇਆ ਰੱਖੋ।

ਜੇ ਵੈਰ ਪੈ ਗਿਆ ਕਿਸੇ ਨਾਲ, ਬੇਰੁਖੀ ਆ ਗਈ ਤਾਂ ਹੌਲੀ-ਹੌਲੀ ਪਿਛੇ ਹਟ ਜਾਓ ਤਾਂ ਕਿ ਉਹ ਭੁੱਲ ਜਾਵੇ।

ਸੋ ਜਦੋਂ ਇਹ ਚਾਰ ਚੀਜ਼ਾਂ ਹੋ ਜਾਣਗੀਆਂ ਉਸ ਵੇਲੇ ਇਹ ਈਰਖਾ ਦੀ ਬੀਮਾਰੀ ਹਟ ਜਾਏਗੀ ਤੇ ਮਨ ਟਿਕਣ ਲੱਗ ਜਾਏਗਾ -

ਜਿਸ ਨੂੰ ਪ੍ਰਮੇਸ਼ਰ ਦਿੰਦਾ ਹੈ ਜੇ ਉਸ ਨਾਲ ਈਰਖਾ ਕਰਦੇ ਹੋ ਤਾਂ ਪ੍ਰਮੇਸ਼ਰ ਨਾਲ ਹੀ ਈਰਖਾ ਹੋ ਗਈ।'

ਇਕ ਨੂੰ ਵਧੀਆ ਗਲੇ ਦੀ ਦਾਤ ਦਿਤੀ ਹੋਈ ਹੈ, ਦੂਜੇ ਦਾ ਗਲਾ ਚੰਗਾ ਨਹੀਂ; ਇਕ ਨੂੰ ਸੁਰ ਦਾ ਗਿਆਨ ਦਿਤਾ ਹੋਇਆ ਹੈ ਦੂਜੇ ਕੋਲ ਸੁਰ ਹੈ ਨਹੀਂ, ਉਹ ਕਾਹਦੀ ਈਰਖਾ! ਇਹ ਤਾਂ ਪ੍ਰਮੇਸ਼ਰ ਨੇ ਹੀ ਦਾਤ ਦਿਤੀ ਹੋਈ ਹੈ। ਮਹਾਰਾਜ ਜੀ ਕਹਿੰਦੇ ਜ਼ਿੰਦਗੀ ਸਮਾਨ ਨਹੀਂ ਹੋਇਆ ਕਰਦੀ। ਇਕ ਚੰਗੇ ਕਰਮਾਂ ਦੇ ਹਿਸਾਬ ਨਾਲ ਬਹੁਤ ਵੱਡੇ ਸੁਖ ਨੂੰ ਮਾਣਦੇ ਨੇ। ਇਕ ਆਪਣੇ ਮਾੜੇ ਕਰਮਾਂ ਦੇ ਨਾਲ ਬਹੁਤ ਦੁਖ ਝਲਦੇ ਹਨ। ਉਹ ਇਹ ਤਾਂ ਕਹੇ ਕਿ ਦੋਸ਼ ਮੇਰੇ ਕਰਮਾਂ ਦਾ ਹੈ -

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥***
***ਪੰਨਾ - 433***

ਕਿਉਂਕਿ ਜ਼ਿੰਦਗੀ ਸਮਾਨ ਨਹੀਂ ਹੈ, ਏਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਇਕਨਾ ਨੂੰ ਪਲੰਘ ਨਿਵਾਰ ਦੇ,***
***ਇਕਨਾਂ ਨੂੰ ਹੈ ਨਾ ਗੋਦੜੀ -2, 2.***
***ਮੇਰੇ ਪਿਆਰੇ, ਇਕਨਾ ਨੂੰ ਹੈ ਨਾ ਗੋਦੜੀ -2,***
***ਇਕਨਾ ਨੂੰ ਪਲੰਘ ਨਿਵਾਰ ਦੇ,....2, 2.***

***ਕਾਹੂ ਦੀਨੇ ਪਾਟ ਪਟੰਬਰ ਕਾਹੂ ਪਲਘ ਨਿਵਾਰਾ॥***
***ਕਾਹੂ ਗਰੀ ਗੋਦਰੀ ਨਾਹੀ ਕਾਹੂ ਖਾਨ ਪਰਾਰਾ॥***
***ਅਹਿਰਖ ਵਾਦੁ ਨ ਕੀਜੈ ਰੇ ਮਨ॥***
***ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ॥***
***ਕੁਮ੍ਹਾਰੈ ਏਕ ਜੁ ਮਾਟੀ ਗੂੰਧੀ ਬਹੁ ਬਿਧਿ ਬਾਨੀ ਲਾਈ॥***
***ਕਾਹੂ ਮਹਿ ਮੋਤੀ ਮੁਕਤਾਹਲ ਕਾਹੂ ਬਿਆਧਿ ਲਗਾਈ॥***
***ਪੰਨਾ - 479***

ਕਰਮਾਂ ਨੂੰ ਨਾ ਕੋਸੋ, ਦੂਸਰੇ ਨੂੰ ਗਾਲ੍ਹਾਂ ਨਾ ਕੱਢੋ ਕਿਉਂਕਿ ਇਹ ਚੀਜ਼ਾਂ ਤਾਂ ਪ੍ਰਮੇਸ਼ਰ ਦੀ ਦਾਤ ਹੈ। ਇਕਨਾਂ ਦੇ ਕੋਲ ਨਿਵਾਰਾਂ ਦੇ ਪਲੰਘ ਨੇ, ਇਕਨਾਂ ਕੋਲ ਗੋਦੜੀ ਵੀ ਨਹੀਂ ਹੈ ਤੇ ਕਿਸੇ ਨੂੰ ਭੁੰਜੇ (ਧਰਤੀ ਤੇ) ਪੈਣ ਨੂੰ ਪਰਾਲੀ ਵੀ ਨਹੀਂ ਮਿਲਦੀ -

***ਕੁਮ੍ਹਾਰੈ ਏਕ ਜੁ ਮਾਟੀ ਗੂੰਧੀ ਬਹੁ ਬਿਧਿ ਬਾਨੀ ਲਾਈ॥***
***ਪੰਨਾ - 479***

ਘੁਮਾਰ ਨੇ ਭਾਂਡੇ ਬਣਾਏ, ਚੱਕ ਤੇ ਚਾੜ੍ਹ ਕੇ। ਕਿਸੇ ਭਾਂਡੇ ਵਿਚ ਤਾਂ ਹੀਰੇ-ਜਵਾਹਰਾਤ ਰੱਖ ਦਿੱਤੇ, ਕਿਸੇ ਭਾਂਡੇ ਦੇ ਅੰਦਰ ਮਿਰਚਾ ਪਾ ਦਿੱਤੀਆਂ। ਸੋ ਮਹਾਰਾਜ ਜੀ ਕਹਿੰਦੇ ਇਸ ਤਰ੍ਹਾਂ ਈਰਖਾ ਦੀ ਬਾਤ ਨਾ ਕਰੋ। ਈਰਖਾ ਨੂੰ ਮਿਟਾਉਣ ਦਾ ਇਲਾਜ ਇਕੋ ਹੀ ਹੈ ਸਾਧ-ਸੰਗਤ ਜੀ! ਜੇ ਕੋਈ ਸੱਚੇ ਦਿਲ ਨਾਲ ਸਾਧੂਆਂ ਦੀ ਸੰਗਤ ਕਰੇ ਤੇ ਆਪਣੇ-ਆਪ ਨੂੰ ਇਸ ਸੰਸਾਰ ਤੋਂ ਦ੍ਰਿੜ੍ਹ ਇਰਾਦੇ ਨਾਲ ਪਾਰ ਕਰਨਾ ਚਾਹੇ ਤਾਂ ਫੇਰ ਹਟ ਜਾਂਦੀ ਹੈ।

***ਬਿਸਰਿ ਗਈ ਸਭ ਤਾਤਿ ਪਰਾਈ॥***
***ਜਬ ਤੇ ਸਾਧਸੰਗਤਿ ਮੋਹਿ ਪਾਈ॥ ਪੰਨਾ - 1299***

ਹੋਰ ਕੋਈ ਤਰੀਕਾ ਨਹੀਂ ਹੈ। ਸੋ ਏਸ ਤਰ੍ਹਾਂ ਦੇ ਨਾਲ ਈਰਖਾ ਵੱਡਿਆਂ-ਵੱਡਿਆਂ ਨੂੰ ਹੋ ਗਈ। ਪ੍ਰਿਥੀ ਚੰਦ ਜੀ ਗੁਰੂ ਰਾਮਦਾਸ ਜੀ ਦੇ ਨਾਲ ਰਹੇ, ਕਿੰਨੀ ਜ਼ਿੰਦਗੀ ਗੁਜ਼ਾਰੀ, ਗੁਰੂ ਕਹਾਏ, ਬੜੀ ਦੇਰ ਤੱਕ ਪੂਜਾ ਕਰਾਈ, ਸੰਗਤਾਂ ਮੱਥੇ ਟੇਕਦੀਆਂ ਸਨ ਵੱਡਾ ਜਾਣ ਕੇ, ਪਰ ਈਰਖਾ ਦੀ ਬੀਮਾਰੀ ਦਾ ਅੰਦਰ ਕਿੰਨਾ ਭਾਂਬੜ ਮਚਿਆ ਹੋਇਆ ਹੈ। ਕੋਈ ਹੀ ਸਮਝ ਸਕਦਾ ਹੈ ਇਸ ਗੱਲ ਨੂੰ ਕਿ ਈਰਖਾ ਕਿੱਥੇ ਤੱਕ ਪਹੁੰਚਦੀ ਹੈ, ਇਸ ਦੀਆਂ ਜੜ੍ਹਾਂ ਕਿੰਨੀਆਂ ਮਜ਼ਬੂਤ ਨੇ। ਦੂਸਰਾ ਗੁਰੂ ਦੇ ਕੋਲ ਰਹਿ ਕੇ, ਬਾਣੀ ਪੜ੍ਹ ਕੇ ਸਿੱਖ ਦੇ ਮੁੱਖ ਤੋਂ ਫਿਕੇ ਬਚਨ ਕਦੇ ਨਹੀ ਨਿਕਲਦੇ, ਹਮੇਸ਼ਾ ਬੀਰ-ਭਾਈ ਕਹਿ ਕੇ ਗੱਲ ਕਰਨਗੇ, ਔਖੀ ਤੋਂ ਔਖੀ ਗੱਲ ਵੀ ਹੱਸ ਕੇ ਕਹਿਣਗੇ ਤਾਂ ਕਿ ਮਹਿਸੂਸ ਨਾ ਹੋਵੇ, ਕੈਪਸੂਲ ਦੇ ਨਾਲ ਕੌੜੀ ਦਵਾਈ ਦੇਣਗੇ ਪਰ ਫਿੱਕਾ ਨਹੀਂ ਬੋਲਦੇ। ਐਨਾ ਫਿਕਾ ਬੋਲੀ ਮਾਤਾ ਕਰਮ ਕੌਰ ਕਿ ਮਾਤਾ ਜੀ ਸਹਿ ਨਾ ਸਕੇ। ਜਦੋਂ ਇਹੋ-ਜਿਹੀਆਂ ਗੱਲਾਂ ਕਹੀਆਂ ਕਿ ਇਹ ਔਤਰੀ ਹੈ, ਇਸ ਦੇ ਖੁਰ ਧੋਤੇ ਹੋਏ ਨੇ, ਤੇਰੇ ਕਿਥੇ ਔਲਾਦ ਹੋਣੀ ਹੈ, ਤੂੰ ਕਿਥੇ ਭਾਲਦੀ ਹੈ? ਚਾਰ ਦਿਨ ਦਾ ਚਮਤਕਾਰਾ ਹੈ ਕੱਟ ਲੈ, ਇਹ ਤਾਂ ਸਭ ਕੁਝ ਸਾਡੇ ਕੋਲ ਹੀ ਆ ਜਾਣਾ ਹੈ, ਜਿਹੜਾ ਕੁਝ ਤੇਰੇ ਕੋਲ ਹੈ। ਮਾਤਾ ਜੀ ਨੇ ਇਹ ਈਰਖਾ ਭਰੇ ਵਾਕ ਸੁਣ ਕੇ ਇਕ ਅੱਖਰ ਵੀ ਉੱਤਰ ਵਿਚ ਨਹੀਂ ਬੋਲਿਆ, ਚੁੱਪ ਕਰਕੇ ਸੁਣਦੇ ਰਹੇ ਪਰ ਇਹ ਵਾਕ ਅੰਦਰ ਘਾਵ ਕਰ ਗਏ ਕਿਉਂਕਿ ਬੋਲ ਦੇ ਅੰਦਰ ਬੜੀ ਸ਼ਕਤੀ ਹੈ ਸਾਧ-ਸੰਗਤ ਜੀ।

***'ਚਲਦਾ'***

LLLLLLL


**ਰਾਗੀ ਅਤੇ ਕਥਾ-ਵਾਚਕ ਦੀ ਲੋੜ**

ਗੁਰਦਵਾਰਾ ਸਾਹਿਬ ਲਈ ਇਕ ਯੋਗ ਰਾਗੀ ਅਤੇ ਕਥਾ ਵਾਚਕ ਦੀ ਲੋੜ ਹੈ, ਜੋ ਕੀਰਤਨ ਕਥਾ ਕਰਨ ਅਤੇ ਸਿਖਾਉਣ ਦੀ ਯੋਗਤਾ ਰਖਦੇ ਹੋਣ। ਜੇ ਇਕੋ ਪ੍ਰੇਮੀ ਦੋਵੇਂ ਯੋਗਤਾਵਾਂ ਰੱਖਦਾ ਹੋਵੇ ਤਾਂ ਤਰਜੀਹ ਦਿਤੀ ਜਾਵੇਗੀ। ਤਨਖਾਹ ਯੋਗਤਾ ਅਨੁਸਾਰ। ਅਰਜੀਆਂ 30 ਅਗਸਤ ਤੱਕ ਨਿਮਨ ਪਤੇ ਤੇ ਭੇਜੋ -

**ਮੈਨੇਜਰ ਗੁਰਦਵਾਰਾ ਰਤਵਾੜਾ ਸਾਹਿਬ, ਡਾਕ - ਮੁਲਾਂਪੁਰ ਗਰੀਬਦਾਸ, ਜਿਲਾ - ਰੋਪੜ, ਨੇੜੇ ਚੰਡੀਗੜ੍ਹ, ਫੋਨ : 01888-29218, 29517**

# ਕਰਤਾ ਕਰੇ ਸੁ ਹੋਇ

*ਡਾ. ਕੁਲਦੀਪ ਸਿੰਘ*

***ਆਦਿ ਗੁਰਏ ਨਮਹ॥***
***ਜੁਗਾਦਿ ਗੁਰਏ ਨਮਹ॥***
***ਸਤਿਗੁਰਏ ਨਮਹ॥***
***ਸ੍ਰੀ ਗੁਰਦੇਵਏ ਨਮਹ॥*** *ਪੰਨਾ – 262*

ਅਸੀਂ ਅੱਜ ਤਕ ਹੋ ਚੁੱਕੇ ਰਿਸ਼ੀ ਮੁਨੀ, ਗੁਰੂ ਜਨ ਅਤੇ ਮੌਜੂਦਾ ਗੁਰੂ ਨੂੰ ਨਮਸਕਾਰ ਕਰਦੇ ਹਾਂ। ਆਸਾ ਦੀ ਵਾਰ ਵਿਚ ਕਿਸ ਕਾਰਨ ਦਿਨ ਵਿਚ ਸੌ ਸੌ ਵਾਰ ਗੁਰੂ ਤੋਂ ਬਲਿਹਾਰ ਜਾਂਦੇ ਹਾਂ।

***ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥***
***ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥***
*ਪੰਨਾ – 463*

ਇਕ ਵਾਰੀ ਬਾਂਦਰਾਂ ਉਪਰ ਇਕ ਤਜਰਬਾ ਕੀਤਾ ਗਿਆ। ਬਾਂਦਰਾਂ ਨੂੰ ਇਕ ਦਿਨ ਕੁਛ ਖਾਣ ਲਈ ਨਹੀਂ ਦਿਤਾ ਗਿਆ। ਅਗਲੇ ਦਿਨ ਮਿੱਟੀ ਨਾਲ ਲੱਥਪੱਥ ਹੋਏ ਆਲੂ ਬਾਂਦਰਾਂ ਨੂੰ ਦਿਤੇ ਗਏ। ਆਲੂ ਬਿਲਕੁਲ ਮਿੱਟੀ ਦੇ ਢੇਲੇ ਪ੍ਰਤੀਤ ਦਿੰਦੇ ਸੀ। ਬਾਂਦਰਾਂ ਨੇ ਉਸਨੂੰ ਮਿੱਟੀ ਦੀ ਡਲੀ ਸਮਝ ਕੇ ਨਾ ਖਾਇਆ। ਭੁੱਖ ਵਧਣ ਲੱਗੀ। ਇਸ ਬੇਬਸੀ ਵਿਚ ਇਕ ਬਾਂਦਰ ਨੇ ਮਿੱਟੀ ਦਾ ਪ੍ਰਤੀਤਦਾ ਢੇਲਾ ਚੁਕਿਆ ਅਤੇ ਪਾਣੀ ਵਿਚ ਧੋਣ ਲੱਗਾ। ਧੋਣ ਤੇ ਆਲੂ ਨਿਕਲ ਆਇਆ। ਉਸ ਦੀ ਨਕਲ ਕਰ ਸਾਰੇ ਬਾਂਦਰ ਆਲੂ ਧੋ ਕੇ ਖਾਣ ਲਗ ਪਏ। ਪਰ ਜਿਸ ਗੱਲ ਨੇ ਵਿਗਿਆਨ ਜਗਤ ਨੂੰ ਹੈਰਤ ਵਿਚ ਪਾ ਦਿਤਾ ਉਹ ਇਹ ਸੀ ਕਿ ਜਦੋਂ ਇਹੀ ਤਜਰਬਾ ਕੁਛ ਦਿਨ ਪਿਛੋਂ ਦੂਰ ਦਰਾਜ਼ ਦੇ ਜੰਗਲ ਅਤੇ ਪਹਾੜੀ ਇਲਾਕੇ ਵਿਚ ਕੀਤਾ ਗਿਆ ਜਿਥੇ ਨਾ ਇਨ੍ਹਾਂ ਬਾਂਦਰਾਂ ਦੀ ਪਹੁੰਚ ਸੀ ਅਤੇ ਨਾ ਕਿਸੇ ਮਨੁੱਖ ਦੀ, ਉਥੇ ਬਾਂਦਰਾਂ ਨੇ ਬਿਨਾਂ ਸਮਾਂ ਖਰਾਬ ਕੀਤੇ ਝੱਟਪੱਟ ਆਲੂ ਚੁੱਕੇ ਅਤੇ ਧੋ ਕੇ ਖਾ ਲਏ। ਇਕ ਬਾਂਦਰ ਵਿਚ ਆਈ ਸੂਝ ਸੂਖਮ ਪੱਧਰ ਤੇ ਸਾਰੇ ਬਾਂਦਰਾਂ ਵਿਚ ਫੈਲ ਗਈ। ਵਿਗਿਆਨੀ ਇਸ ਗੱਲ ਨੂੰ ਮੰਨਣ ਲਗ ਪਏ ਕਿ ਸੂਖਮ ਪੱਧਰ ਤੇ ਸਭ ਚੀਜ਼ਾਂ ਜੁੜੀਆਂ ਹੋਈਆਂ ਹਨ।

ਜੇ ਅਸੀਂ ਵਿਕਾਸ ਦੀ ਕ੍ਰਿਆ ਦੇਖੀਏ ਤਾਂ ਪਤਾ ਲਗਦਾ ਹੈ ਕਿ ਮਨੁੱਖ ਪੱਧਰ ਤੋਂ ਹੇਠਲੀਆਂ ਜੂਨੀਆਂ ਦਾ ਕ੍ਰਮਵਾਰ ਵਿਕਾਸ ਹੁੰਦਾ ਹੈ। ਇਹ ਵਿਕਾਸ ਅਚੇਤਨ ਪੱਧਰ ਤੇ ਹੁੰਦਾ ਹੈ, ਇਸ ਨੂੰ ਜਾਤੀ ਵਿਕਾਸ ਕਿਹਾ ਜਾਂਦਾ ਹੈ। ਇਸ ਵਿਕਾਸ ਵਿਚ ਕੁਦਰਤ ਦਾ ਹੱਥ ਹੁੰਦਾ ਹੈ। ਮਨੁੱਖ ਪੱਧਰ ਤੇ ਆ ਕੇ ਅਚੇਤਨ ਵਿਕਾਸ ਰੁਕ ਜਾਂਦਾ ਹੈ। ਅਚੇਤਨ ਵਿਕਾਸ ਦੀ ਹੱਦ ਮਨੁੱਖ ਤੇ ਆ ਕੇ ਮੁਕ ਜਾਂਦੀ ਹੈ। ਹੁਣ ਮਨੁੱਖ ਕੋਲ ਨਿਰਣਾ (choice) ਹੈ ਕਿ ਉਹ ਆਪਣਾ ਚੇਤਨ ਵਿਕਾਸ ਕਰੇ ਜਾ ਨਾ ਕਰੇ। ਜੋ ਆਪਣਾ ਚੇਤਨ ਵਿਕਾਸ ਨਹੀਂ ਕਰਦਾ ਉਸ ਬਾਰੇ ਬਾਣੀ ਵਿਚ ਫੁਰਮਾਨ ਹੈ –

***ਕਰਤੂਤਿ ਪਸੂ ਕੀ ਮਾਨਸ ਜਾਤਿ॥***
***ਲੋਕ ਪਚਾਰਾ ਕਰੈ ਦਿਨੁ ਰਾਤਿ॥*** *ਪੰਨਾ – 267*

ਪਰ ਜਿਸ ਨੂੰ ਪਤਾ ਨਹੀਂ ਹੈ, ਉਹਨੂੰ ਬਾਣੀ ਸੁਚੇਤ ਕਰਦੀ ਹੈ।

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
*ਪੰਨਾ – 12*

ਜਿਨ੍ਹਾਂ ਗੁਰਾਂ ਪੀਰਾਂ ਨੂੰ ਨਮਸ਼ਕਾਰ ਕੀਤੀ ਗਈ ਹੈ, ਇਹ ਉਹ ਮਹਾਂਪੁਰਖ ਹਨ ਜਿਨ੍ਹਾਂ ਨੇ ਆਪਣਾ ਪੂਰਚੇਤਨ ਵਿਕਾਸ ਕੀਤਾ ਅਤੇ ਸੰਸਾਰ ਨੂੰ ਲੰਘਾਉਣ ਲਈ ਮਾਰਗ ਦਰਸ਼ਨ ਦਿਤਾ। ਉਨ੍ਹਾਂ ਦੇ ਚੇਤਨ ਵਿਕਾਸ ਸਦਕੇ ਹੀ ਮਨੁੱਖਤਾਈ ਵਿਚ ਸਮਰੱਥਾ (potential) ਬਣੀ ਹੋਈ ਹੈ ਜਿਸ ਨੂੰ ਸੁਚੇਤ ਕੇ ਮਨੁੱਖ ਆਪਣਾ ਵਿਕਾਸ ਕਰ ਸਕਦਾ ਹੈ। ਇਹ ਚੇਤਨਤਾ ਦੀ ਸੂਝ ਨੂੰ ਲੋਕਾਂ ਤਕ ਪਹੁੰਚਾਉਣ ਲਈ ਸਮੇਂ ਸਮੇਂ ਸਿਰ ਮਹਾਂਪੁਰਖ, ਅਵਤਾਰ, ਗੁਰੂ–ਪੀਰ ਬੋਲ ਕੇ, ਗਾ ਕੇ, ਲਿਖ ਕੇ ਪ੍ਰਗਟ ਕਰਦੇ ਰਹੇ। ਇਹੀ ਬਚਨ ਸਾਡੇ ਸ਼ਾਸ਼ਤਰ, ਗ੍ਰੰਥ ਅਤੇ ਖਜ਼ਾਨੇ ਬਣ ਗਏ।

'ਗੁਰੂ ਗ੍ਰੰਥ ਸਾਹਿਬ ਜੀ' ਵਿਚ ਵੀ ਗੁਰੂ ਸਾਹਿਬਾਨਾਂ ਅਤੇ ਸਮਕਾਲੀ ਭਗਤਾਂ ਦੀ ਸੂਝ ਬਿਰਾਜਮਾਨ ਹੈ। ਹਰ ਸ਼ਬਦ ਵਿਚ ਹਦਾਇਤ ਕੀਤੀ ਜਾਂਦੀ ਹੈ ਕਿ ਸਾਧੂ ਸੰਤ ਦੀ ਸੰਗਤ ਵਿਚ, ਸ਼ਰਨ ਵਿਚ ਜਾ। ਸਵਾਲ ਹੈ ਕਿ ਕਿਹੜੇ ਸਾਧੂ ਕੋਲ ਜਾਈਏ। ਸਾਡਾ ਕਿਹੜੇ ਸਾਧੂ ਨਾਲ ਤਾਲਮੇਲ ਬੈਠੇਗਾ। ਕਿਸ ਸਾਧੂ ਕੋਲ ਸਾਡੀ ਵਸਤ ਹੈ। ਕਿਹੜੇ ਸਾਧੂ ਕੋਲ ਸਾਡੀ ਚਾਬੀ ਹੈ। ਇਸ ਦਾ ਨਿਰਣਾ ਕਿਸ ਤਰ੍ਹਾਂ ਹੋਏਗਾ? ਜੇ ਜਲਦੀ ਹੀ ਸਾਡੇ ਆਸ–ਅੰਦੇਸੇ ਅਤੇ ਤਰਕ ਨਾ ਮਿਟੇ ਤਾਂ ਰੂਹਾਨੀ ਤਰੱਕੀ ਨਹੀਂ ਹੋ ਸਕਦੀ। ਜੀਵਨ ਵਿਚ ਖੁਸ਼ੀ ਦੀ ਜਗ੍ਹਾ ਉਦਾਸੀ ਛਾ ਜਾਂਦੀ ਹੈ। ਇਹ ਉਦਾਸੀ ਕੋਈ ਬੈਰਾਗ ਦੀ ਨਹੀਂ ਸਿਰਫ ਰੌਲੇ ਘਚੌਲੇ ਕਾਰਣ ਹੁੰਦੀ ਹੈ।

ਹਰ ਸਾਧੂ ਦੀ ਇਕ ਆਪਣੀ ਅਭੀਵਿਅਕਤੀ (Projection) ਹੁੰਦੀ ਹੈ। ਇਹ ਮਹਾਤਮਾ ਦਾ ਪ੍ਰਗਟ ਕ੍ਰਿਆ ਰੂਪ ਹੁੰਦਾ ਹੈ। ਇਸ ਰੂਪ ਨਾਲ ਜੇ ਕਿਸੇ ਦਾ ਵਿਅਕਤੀਤ੍ਵ (Self Image) ਮੇਲ ਖਾ ਜਾਵੇ ਤਾਂ ਮਹਾਤਮਾ ਚੰਗਾ ਲਗਣ ਲਗ ਜਾਂਦਾ ਹੈ। ਉਤਲੀ ਪੱਧਰ ਤੇ ਕ੍ਰਿਆਵਾਂ ਮੇਲ ਖਾਣ ਕਰਕੇ ਤਰਕ ਤਾਂ ਨਹੀਂ ਆਂਦਾ ਪਰ ਹਾਲੇ ਨਾ ਹੀ ਮਹਿਸੂਸ ਹੁੰਦੀ ਅੰਦਰੂਨੀ ਖਿੱਚ ਨੂੰ ਸਮਝ ਸਕਦਾ ਹੈ। ਇਸ ਵਕਤ ਕੀਤੀ ਮਹਾਤਮਾ ਨੂੰ ਨਮਸ਼ਕਾਰ ਆਪਣੇ ਹੀ ਘੜੇ ਸਰੂਪ ਨੂੰ ਹੀ ਹੁੰਦੀ ਹੈ।

ਪਹਿਲੇ ਮਿਲਾਪ ਦੀ ਸ਼ਾਂਤੀ ਨੂੰ ਜਲਦੀ ਹੀ ਮਨ ਵਿਚ ਦਬੀਆਂ ਅਚੇਤਨ ਵਾਸ਼ਨਾਵਾਂ ਇਸ ਰੂਪ ਰਾਹੀਂ ਪੂਰੀਆਂ ਕਰਨਾ ਚਾਹੁੰਦੀਆਂ ਹਨ। ਇਸ ਪੱਧਰ ਤੇ ਹੀ ਬਹੁਤ ਸਾਰੀਆਂ ਪਦਾਰਥਾਂ ਦੀਆਂ ਮੰਗਾਂ ਸ਼ੁਰੂ ਹੋ ਜਾਂਦੀਆਂ ਹਨ। ਬਾਹਰਮੁਖੀ

ਬਿਰਤੀ ਬਾਹਰਲੀਆਂ ਚੀਜ਼ਾਂ ਨੂੰ ਜੱਫਾ ਮਾਰਨਾ ਚਾਹੁੰਦੀ ਹੈ ਉਥੇ ਅੰਤਰਮੁਖੀ ਬਿਰਤੀ ਵਾਲੇ ਸੁਰਗ-ਸ਼ਾਂਤੀ, ਬੈਕੁੰਠ ਜਾਂ ਦਰਗਾਹ ਨੂੰ ਮਲਣ ਦੀ ਮੰਗ ਕਰਦੇ ਹਨ।

ਇਸ ਪੱਧਰ ਤੇ ਮੰਗਣ ਵਾਲੇ ਵਿਅਕਤੀ ਦਾ ਹਾਲ ਪਿਛਲੇ ਦਿਨੀਂ ਫੜੇ ਚੰਡੀਗੜ੍ਹ ਦੇ ਉਸ ਮੰਗਤੇ ਵਰਗਾ ਹੁੰਦਾ ਹੈ ਜੋ ਦਿਨ ਵਿਚ ਪੈਸੇ ਮੰਗਦਾ ਸੀ, ਰਾਤ ਨੂੰ Rest house ਵਿਚ 150 ਰੁਪਏ ਰੋਜ਼ਾਨਾ ਦੇ ਕਿਰਾਏ ਵਾਲੇ ਕਮਰੇ ਵਿਚ ਰਹਿੰਦਾ, ਚੰਗੇ ਢਾਬੇ ਵਿਚ ਰੋਟੀ ਖਾਂਦਾ, ਗਰਮੀਆਂ ਵਿਚ ਸ਼ਿਮਲੇ ਵਿਚ ਮੰਗਣ ਦਾ ਕਾਰੋਬਾਰ ਕਰਦਾ ਅਤੇ ਅੰਤ ਵਿਚ ਪੁਲਿਸ ਦੀ ਪਕੜਾਈ ਵਿਚ ਆ ਜਾਂਦਾ ਹੈ। ਸਾਡਾ ਵੀ ਮਿਲਦਾ ਜੁਲਦਾ ਹਾਲ ਹੋਣ ਕਰਕੇ ਧਰਮਰਾਜ ਕੋਲ ਲੇਖਾ-ਜੋਖਾ ਦੇਣ ਤੋਂ ਨਹੀਂ ਬਚ ਸਕਦੇ। ਇਸ ਪੱਧਰ ਤੇ 'ਧਰਮਰਾਜ ਵੀ ਕਰੇ ਸੇਵਾ' ਬਚਕਾਨੀ ਬਾਤ ਹੈ, ਕਿਉਂਕਿ ਸੇਵਾ ਥੋੜ੍ਹੀ ਮਾਂਗਣ ਬਹੁਤਾ ਹੁੰਦਾ ਹੈ।

ਸਾਡੇ ਵਿਚ ਅਤੇ ਭੱਟਾਂ ਵਿਚ ਕੀ ਫਰਕ ਹੈ। ਉਨ੍ਹਾਂ ਦਾ ਗੁਰੂ ਪਿਆਰ ਦਾ ਬਚਨ ਆਉਂਦਾ ਹੈ –

***ਭਨਿ ਮਥੁਰਾ ਕਛੁ ਭੇਦੁ ਨਹੀ***
***ਗੁਰੁ ਅਰਜੁਨੁ ਪਰਤਖ੍ਯ੍ਯ ਹਰਿ॥ ਪੰਨਾ – 1409***

ਗੁਰੂ ਅਰਜਨ ਦੇਵ ਜੀ ਗੁਰਗੱਦੀ ਮਿਲਣ ਤੋਂ ਪਹਿਲਾਂ ਜਦੋਂ ਲਾਹੌਰ ਵਿਚ ਸਨ ਉਨ੍ਹਾਂ ਦੇ ਬਿਰਹ ਪੱਤਰ ਜੋ ਬਾਣੀ ਵਿਚ ਸੁਸ਼ੋਭਤ ਹਨ, ਦੇ ਬੋਲ ਹਨ –

***ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥***
***ਬਿਲਪ ਕਰੇ ਚਾਤ੍ਰਿਕ ਕੀ ਨਿਆਈ॥***
***ਤ੍ਰਿਖਾ ਨ ਉਤਰੈ ਸਾਂਤਿ ਨ ਆਵੈ***
***ਬਿਨੁ ਦਰਸਨ ਸੰਤ ਪਿਆਰੇ ਜੀਉ॥***
***ਹਉ ਘੋਲੀ ਜੀਉ ਘੋਲਿ ਘੁਮਾਈ***
***ਗੁਰ ਦਰਸਨ ਸੰਤ ਪਿਆਰੇ ਜੀਉ॥ ਪੰਨਾ – 96***

ਗੁਰੂ ਅਰਜਨ ਦੇਵ ਜੀ 'ਸੁਖਮਨੀ ਸਾਹਿਬ' ਵਿਚ ਸੇਧ ਦੇ ਰਹੇ ਹਨ –

***ਸਾਧ ਕੈ ਸੰਗਿ ਨਹੀ ਕਛੁ ਘਾਲ॥***
***ਦਰਸਨੁ ਭੇਟਤ ਹੋਤ ਨਿਹਾਲ॥ ਪੰਨਾ – 272***

ਉਹ ਕਿਸ ਤਰ੍ਹਾਂ ਦੀ ਤਾਲਮੇਲ ਗੁਰੂ ਅੰਗਦ ਦੇਵ ਜੀ ਵਿਚ ਸੀ ਜਿਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੇ ਬਚਨਾਂ ਮੁਤਾਬਿਕ ਰਾਤ ਨੂੰ ਕੜੀ ਧੁੱਪ ਵਾਲੀ ਦੁਪਹਿਰ ਜਾਣ ਕਪੜੇ ਸੁਕਾ ਕੇ ਲੈ ਆਏ। ਉਹ ਕਿਸ ਪੱਧਰ ਦਾ ਮੇਲ ਸੀ ਜਿਸ ਨੇ ਫਰੀਦ ਜੀ ਦੀ ਅੱਖ ਅੱਗ ਲਈ ਭੇਟਾ ਦੇ ਦਿਤੀ। ਕਿਹੜੀ ਯਾਦ ਨੇ ਖੁਸਰੋ ਨੂੰ ਮੁਰਸ਼ਦ ਦੇ ਇਕ ਜੋੜੀ ਜੁੱਤੇ ਬਦਲੇ ਆਪਣੀ ਜ਼ਿੰਦਗੀ ਭਰ ਦੀ ਰਾਜਸੀ ਕਮਾਈ ਨੂੰ ਵਟਾ ਦਿਤਾ। ਉਹ ਕਿਹੜੀ ਲਗਨ ਸੀ ਜਿਸ ਨੇ ਅਜਾਮਲ ਅਤੇ ਗਣਕਾ ਦਾ ਉਧਾਰ ਕੀਤਾ।

ਇਸ ਗੱਲ ਨੂੰ ਸਮਝਣ ਲਈ ਸਾਨੂੰ ਆਪਣੇ ਚੇਤਨ ਅਤੇ ਅਚੇਤਨ ਮਨ ਨੂੰ ਸਮਝਣਾ ਜ਼ਰੂਰੀ ਹੋਵੇਗਾ। ਸਾਡੀ ਸਾਰੀਆਂ ਕ੍ਰਿਆਵਾਂ ਅਚੇਤਨ ਵਿਚ ਦਬੀਆਂ ਵਾਸ਼ਨਾਵਾਂ ਦੇ ਪ੍ਰਭਾਵ ਹੇਠ ਚੇਤਨ ਮੰਡਲ ਵਿਚ ਹੁੰਦੀਆਂ ਪ੍ਰਤੀਤਦੀਆਂ ਹਨ। ਸਾਡਾ ਹਰ ਰੋਜ਼ ਦਾ ਸਮਾਜਿਕ, ਪਰਿਵਾਰਕ ਜਾਂ ਧਾਰਮਕ ਕਾਰੋਬਾਰ ਅਚੇਤਨ ਵਿਚ ਪਈ ਅਭਾਵ ਬਿਰਤੀ ਨੂੰ ਪੂਰਨ ਕਰਨ ਵਿਚ ਲੱਗਿਆ ਰਹਿੰਦਾ ਹੈ। ਬਾਹਰ ਦੀ, ਪਦਾਰਥ ਦੀ ਝਾਤ ਇਸ ਨੂੰ ਪੂਰਨ ਕਰਨ ਤੋਂ ਅਸਮਰੱਥ ਹੈ। ਜੇ ਕੋਈ ਕਿਸੇ ਗਿਆਨੀ ਦਾ ਉਧਾਰ ਦੀਵਾ ਲੈ ਕੇ ਇਨ੍ਹਾਂ ਵਾਸ਼ਨਾਵਾਂ ਦੇ ਸੋਮੇ ਤਕ ਪਹੁੰਚਣ ਦੀ ਕੋਸ਼ਿਸ਼ ਵੀ ਕਰਦਾ ਹੈ ਤਾਂ ਅੰਦਰ ਦਬੇ ਪਏ ਡਰ, ਗੁੱਸੇ, ਸ਼ਿਕਵੇ, ਦਰਦ ਇਸ ਦਾ ਰਾਹ ਰੋਕ ਲੈਂਦੇ ਹਨ। ਅਸੀਂ ਆਪਣੀ ਛਾਇਆ ਇਤਨੀ ਕਾਲੀ ਬਣਾ ਲਈ ਹੈ ਕਿ ਆਪਣੇ ਵਿਚ ਝਾਤੀ ਮਾਰਦਿਆਂ ਡਰ ਲਗਦਾ ਹੈ, ਹਿੰਮਤ ਨਹੀਂ ਜੁਟਦੀ। ਆਪਣੇ ਅੰਦਰੋਂ ਹੀ ਜਨਮੀਆਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੀਆਂ ਫੌਜਾਂ ਹੀ ਇਸ ਅੰਦਰ ਜਾਣ ਦੀ ਪ੍ਰੇਰਨਾ ਸ਼ਕਤੀ ਨੂੰ ਨਸ਼ਟ ਕਰ ਦਿੰਦੀਆਂ ਹਨ।

ਇਹ ਮਹਾਂਪੁਰਖ ਕਿਸ ਤਰ੍ਹਾਂ ਆਪੇ ਦੀ ਪਹਿਚਾਣ ਕਰ ਸਕੇ। ਇਨ੍ਹਾਂ ਨੂੰ ਕਿਸ ਤਰ੍ਹਾਂ ਹਰੀ ਦਾ ਗੂੜ੍ਹ ਪਿਆਰ ਹੋ ਗਿਆ। ਇਹ ਬਿਰਹ ਕਿਸ ਤਰ੍ਹਾਂ 'ਆਖਾ ਜੀਵਾ ਵਿਸਰੈ ਮਰਿ ਜਾਉ' ਬਣ ਗਿਆ? ਇਹ ਪ੍ਰੀਤ ਦੀਆਂ ਤੰਦਾਂ ਕਿਸ ਤਰ੍ਹਾਂ ਐਨੀਆਂ ਮਜ਼ਬੂਤ ਹੋ ਗਈਆਂ? ਜਿਸ ਬਾਰੇ ਫੁਰਮਾਨ ਹੈ –

***ਮੂ ਲਾਲਨ ਸਿਉ ਪ੍ਰੀਤਿ ਬਨੀ॥***
***ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ॥***
***ਪੰਨਾ – 827***

ਕਿਸ ਕਾਰਣ ਹਰੀ ਦਾ ਨਾਮ ਮਿੱਠਾ ਲੱਗਣ ਲਗ ਪਿਆ, ਇਸ ਦੀ ਸੂਝ ਇਨ੍ਹਾਂ ਪਵਿੱਤਰ ਸਤਰਾਂ ਤੋਂ ਮਿਲਦੀ ਹੈ –

***ਸੰਤ ਸੰਗਿ ਅੰਤਰਿ ਪ੍ਰਭੁ ਡੀਠਾ॥***
***ਨਾਮੁ ਪ੍ਰਭੂ ਕਾ ਲਾਗਾ ਮੀਠਾ॥ ਪੰਨਾ – 293***

ਅਸੀਂ ਵੀ ਆਪਣੀ ਅੰਦਰੂਨੀ ਪਹੁੰਚ ਕਿਸ ਤਰ੍ਹਾਂ ਬਣਾਈਏ। ਹਰ ਮਨੁੱਖ ਆਪਣੇ ਚੇਤਨ ਅਤੇ ਅਚੇਤਨ ਪੱਧਰ ਦੇ ਜੋੜ ਤਕ ਜਾ ਸਕਦਾ ਹੈ। ਜਦੋਂ ਅਸੀਂ ਸਵੇਰੇ ਉਠਦੇ ਹਾਂ ਉਸ ਕ੍ਰਿਆ ਵਿਚ ਸਾਡੀ ਹੋਸ਼ ਅਚੇਤਨ ਤੋਂ ਚੇਤਨ ਪੱਧਰ ਤੇ ਆਂਦੀ ਹੈ। ਇਸੇ ਤਰ੍ਹਾਂ ਜਦੋਂ ਅਸੀਂ ਸੌਂਦੇ ਹਾਂ ਸਾਡੀ ਹੋਸ਼ ਚੇਤਨ ਤੋਂ ਅਚੇਤਨ ਪੱਧਰ ਤੇ ਜਾਂਦੀ ਹੈ। ਇਸ ਪੱਧਰ ਤੇ ਅਸੀਂ ਸਾਹ ਦੀ ਕ੍ਰਿਆ ਨੂੰ ਵਾਚਦੇ ਹੋਏ, ਆਪਣੀ ਬਿਰਤੀ ਨੂੰ ਬਾਹਰੋਂ ਸੰਕੋਚਦੇ ਹੋਏ ਵੀ ਪਹੁੰਚ ਸਕਦੇ ਹਾਂ। ਇਸ ਵਿਚਾਲੇ ਪੱਧਰ ਤੇ ਜੇ ਅਸੀਂ ਗੁਰ ਕੀ ਮੂਰਤਿ ਰੱਖ ਦੇਈਏ ਅਤੇ ਉਸ ਮੂਰਤਿ ਨਾਲ ਆਪਣੀ ਸੂਝ ਸਮਝ ਦੇ ਮੁਤਾਬਿਕ ਵਿਸ਼ਲੇਸ਼ਣ (label) ਤੇ ਭਾਵ ਦੇ ਦੇਈਏ ਇਹ ਇਕ ਕਿਆਰੀ ਦਾ ਰੂਪ ਲੈ ਲਵੇਗੀ। ਇਹ ਕ੍ਰਿਆ ਬਿਲਕੁਲ ਉਸੇ ਤਰ੍ਹਾਂ ਹੈ ਜਿਸ ਤਰ੍ਹਾਂ ਅਸੀਂ ਇੰਟਰਨੈਟ (Internet) ਤੇ ਆਪਣੀ Website ਬਣਾ ਲੈਂਦੇ ਹਾਂ। ਆਪਣੇ ਮਹਾਤਮਾ ਦੇ ਕੀਤੇ ਸੰਗ ਵਿਚੋਂ ਮਿਲੀਆਂ ਸ਼ਾਂਤੀ ਦੀਆਂ ਲਹਿਰਾਂ, ਪ੍ਰੇਮ ਦੀਆਂ ਤਰੰਗਾਂ ਅਤੇ ਗਿਆਨ ਦੇ ਪ੍ਰਕਾਸ਼ ਨੂੰ ਜੋੜਦੇ ਜਾਈਏ ਤਾਂ ਇਹ ਕਿਆਰੀ ਇਕ ਵੱਡਾ ਖੇਤ ਬਣ

ਜਾਂਦੀ ਹੈ। ਇਸ ਨੂੰ ਵਿਗਿਆਨੀ ਭਾਸ਼ਾ ਵਿਚ Web site with broad Data Base ਕਹਿ ਸਕਦੇ ਹਾਂ। ਜਿਸ ਇਕੱਲੇਪਣ ਤੋਂ ਪਹਿਲਾਂ ਡਰ ਲਗਦਾ ਸੀ ਕਾਮ ਕ੍ਰੋਧ ਦੀਆਂ ਬਿਰਤੀਆਂ ਘੇਰਦੀਆਂ ਸਨ, ਜਿਸ ਇਕੱਲੇਪਣ ਵਿਚ ਉਦਾਸੀ ਮਹਿਸੂਸ ਹੁੰਦੀ ਸੀ ਜਿਸ ਕਰਕੇ ਟੀ. ਵੀ., ਅਖਬਾਰ, ਬਾਹਰ ਘੁੰਮਣ ਨੂੰ ਮਨ ਕਰਦਾ ਸੀ ਉਹ ਉਤਾਵਲਾਪਣ ਮੁਕਣਾ ਸ਼ੁਰੂ ਹੋ ਜਾਂਦਾ ਹੈ। ਆਪਣਾ ਹੀ ਸਾਥ (self love) ਚੰਗਾ ਲਗਣ ਲਗ ਜਾਂਦਾ ਹੈ।

ਹਰ ਰੋਜ਼ ਇਸ ਕਿਆਰੀ ਦੀ ਸੰਭਾਲ ਕਰਦੇ ਹੋਏ ਜੀਵਨ ਦਾ ਪੱਧਰ ਬਦਲ ਜਾਂਦਾ ਹੈ। ਜ਼ਿੰਦਗੀ ਦੇ ਫੈਸਲੇ, ਭਵਿੱਖ ਦੀ ਕਾਰਵਾਈ, ਦੁਨੀਆਂ ਦੀ ਰੂਪ ਰੇਖਾ ਇਸ ਪੱਧਰ ਤੋਂ ਮਿਲਣੀ ਸ਼ੁਰੂ ਹੋ ਜਾਂਦੀ ਹੈ। ਆਪਣੀ ਬਾਹਰਲੀ ਬਿਰਤੀ ਵਿਚ ਗੁਰੂ ਦਾ ਸਾਥ ਚੰਗਾ ਲੱਗਣ ਲਗ ਜਾਂਦਾ ਹੈ। ਗੁਰੂ ਦੀ ਪ੍ਰਤੀਤੀ ਸੁਖਦਾਇਕ ਮਹਿਸੂਸ ਹੁੰਦੀ ਹੈ। ਇਸ ਮੰਡਲ ਨੂੰ ਗੁਰੂ ਦਾ ਮੰਡਲ ਕਹਿੰਦੇ ਹਨ। ਭਗਤਾਂ ਅਨੁਸਾਰ ਇਸ ਦੀ ਸ਼ੁਰੂਆਤ ਤਾਂ ਦਿਖਦੀ ਹੈ ਪਰ ਕਿਥੇ ਮੁਕਦਾ ਹੈ, ਇਸ ਪਾਰ ਨੂੰ ਜਾਨਣ ਵਾਲੇ ਆਪ ਖੋ ਜਾਂਦੇ ਹਨ। ਇਸ ਵਿਚ ਹੀ 'ਮੈਂ' ਖੋ ਜਾਂਦੀ ਹੈ।

***ਕਬੀਰ ਜਾ ਕਉ ਖੋਜਤੇ ਪਾਇਓ ਸੋਈ ਠਉਰੁ॥***
***ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ॥***
***ਪੰਨਾ - 1369***

ਅੱਜ ਦਾ ਸਮਾਂ ਗੁਰਮਤਿ ਦੇ ਪ੍ਰਕਾਸ਼ ਵਿਚ ਚੱਲਣ ਦਾ ਹੈ। ਗੁਰੂ ਦੀ ਸੰਗਤ ਤੋਂ ਬਿਨਾਂ ਕੋਈ ਪਾਰ ਉਤਾਰਾ ਨਹੀਂ ਹੈ। ਮੇਰਾ ਤਾਂ ਅਟੱਲ ਵਿਸ਼ਵਾਸ਼ ਹੈ ਕਿ -

***ਬਿਨੁ ਸਤਿਗੁਰ ਕਿਨੈ ਨ ਪਾਇਓ***
***ਬਿਨੁ ਸਤਿਗੁਰ ਕਿਨੈ ਨ ਪਾਇਆ॥***
***ਸਤਿਗੁਰ ਵਿਚਿ ਆਪੁ ਰਖਿਓਨੁ***
***ਕਰਿ ਪਰਗਟੁ ਆਖਿ ਸੁਣਾਇਆ॥***
***ਸਤਿਗੁਰ ਮਿਲਿਐ ਸਦਾ ਮੁਕਤੁ ਹੈ***
***ਜਿਨਿ ਵਿਚਹੁ ਮੋਹੁ ਚੁਕਾਇਆ॥***
***ਉਤਮੁ ਏਹੁ ਬੀਚਾਰੁ ਹੈ***
***ਜਿਨਿ ਸਚੇ ਸਿਉ ਚਿਤੁ ਲਾਇਆ॥***
***ਜਗਜੀਵਨੁ ਦਾਤਾ ਪਾਇਆ॥ ਪੰਨਾ - 466***

ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤੀ ਨੂੰ ਪ੍ਰਮੁਖਤਾ ਦਿਤੀ ਗਈ ਹੈ -

***ਗੁਰ ਕੀ ਮਤਿ ਤੂੰ ਲੇਹਿ ਇਆਨੇ॥***
***ਭਗਤਿ ਬਿਨਾ ਬਹੁ ਡੂਬੇ ਸਿਆਨੇ॥ ਪੰਨਾ - 288***

ਭਗਤੀ ਵਿਚ ਸੰਤ ਦੀ, ਸਾਧੂ ਦੀ ਲੋੜ ਹੈ -

***ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ॥***
***ਸਰਬ ਨਿਧਾਨ ਨਾਨਕ ਹਰਿ ਰੰਗਿ॥ ਪੰਨਾ - 262***

ਗੁਰਸਿੱਖ ਦਾ ਤਾਂ ਇੰਨਾ ਹੀ ਫਰਜ਼ ਹੈ ਕਿ ਦ੍ਰਿੜ੍ਹ ਇਰਾਦੇ ਨਾਲ ਇਸ ਜੀਵਨ ਜੁਗਤ ਨੂੰ ਸਮਝ ਕੇ ਜੀ ਲਵੇ। ਇਕ ਕਵਿਤਾ ਦੇ ਅਨੁਵਾਦ ਸਾਰ -

***ਰਹੱਸ ਹੈ ਜੀਵਨ***
***ਪਹੇਲੀ ਨਹੀਂ***
***ਜਿਹੜੀ ਸੁਲਝ ਜਾਏ***
***ਸੁਲਝਾਉ ਇਨ੍ਹੰ ਜਿੰਨਾਂ***
***ਉਨਾ ਹੀ ਉਲਝਦੀ ਹੈ।***
***ਹੋਰ ਸੁਲਝਾਓ ਨਹੀਂ***
***ਤਾਂ ਸੁਲਝੀ ਹੀ ਹੋਈ ਹੈ।***
***ਸੁਲਝਾਨ ਵਿਚ ਜਿਹੜਾ ਲੱਗਿਆ***
***ਨਾ ਤਾਂ ਜੀ ਪਾਂਦਾ ਹੈ***
***ਨਾ ਹੀ ਸਮਝ ਪਾਂਦਾ ਹੈ***
***ਜੀਣ ਦੀ ਜਾਂਚ ਜਿਸ ਨੇ ਸਿਖੀ***
***ਉਹ ਜੀਂਦਾ ਤਾਂ ਹੈ ਹੀ ਹੀ***
***ਨਾਲ ਸਮਝ ਵੀ ਜਾਂਦਾ ਹੈ।***
***ਜੀਵਨ ਨੂੰ ਜੀ, ਪੀ ਜੀਵਨ ਨੂੰ।***
***ਕਿਨਾਰੇ ਤੇ ਰੁਕ ਕੇ ਸੋਚਣ ਵਿਚ ਨਾ ਪੈ***
***ਮਝਧਾਰ ਵਿਚ ਡੁੱਬ ਮਝਧਾਰ ਵਿਚ ਡੁੱਬ।***

ਆਓ ਅਸੀਂ ਵੀ ਇਸ ਮੌਜੂਦਾ ਵਗਦੀ ਪ੍ਰੇਮ ਨਦੀ ਵਿਚ ਛਾਲ ਮਾਰੀਏ।

***ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ॥***
***ਪੰਨਾ - 469***

ਸਾਡੀ ਇਕੋ ਹੀ ਮੰਗ ਰਹਿ ਜਾਵੇ -

***ਰਾਜੁ ਨ ਚਾਹਉ ਮੁਕਤਿ ਨ ਚਾਹਉ***
***ਮਨਿ ਪ੍ਰੀਤਿ ਚਰਨ ਕਮਲਾਰੇ॥ ਪੰਨਾ - 34***

ਬਹੁਤ ਵਾਰੀ ਸੰਗਤ ਵਿਚ ਸ਼ਰਧਾਲੂਆਂ ਤੋਂ ਸੁਣਨ ਨੂੰ ਮਿਲਦਾ ਹੈ ਕਿ ਮਹਾਂਪੁਰਖੋ! ਕ੍ਰਿਪਾ ਕਰੋ, ਨਾਮ ਚਲ ਜਾਵੇ, ਮਹਾਂਪੁਰਸ਼ਾਂ ਦੀ ਕ੍ਰਿਪਾ ਹੋਵੇ ਤਾਂ ਹੀ ਨਾਮ ਜਪਿਆ ਜਾਵੇਗਾ। ਮੈਂ ਇਹ ਸੁਣ ਕੇ ਸੋਚੀਂ ਪੈ ਜਾਂਦਾ ਹਾਂ ਕਿ ਮਹਾਂਪੁਰਖ ਜੋ ਹਮੇਸ਼ਾ ਪਰਉਪਕਾਰ ਦ੍ਰਿਸ਼ਟੀ ਵਿਚ ਰਹਿੰਦੇ ਹਨ ਕੀ ਹਾਲੇ ਘੱਟ ਕ੍ਰਿਪਾ ਕਰ ਰਹੇ ਹਨ। ਕੀ ਇਹ ਘੱਟ ਕ੍ਰਿਪਾ ਹੈ ਕਿ ਪੈਰ ਵਿਚ ਸੋਜਿਸ਼ ਹੈ ਪਰ ਫਿਰ ਵੀ ਦਰਦ ਦੀ ਪ੍ਰਵਾਹ ਕੀਤੇ ਬਿਨਾਂ ਚੱਲ ਕੇ ਸੰਗਤ ਨੂੰ ਪ੍ਰਕਾਸ਼ ਵੰਡ ਰਹੇ ਹਨ। ਕੀ ਇਹ ਘੱਟ ਕ੍ਰਿਪਾ ਹੈ ਕਿ ਦਿਲ ਦਾ ਰੋਗ ਹੋਣ ਦੇ ਬਾਵਜੂਦ ਛਾਤੀ ਤੇ ਹੱਥ ਰੱਖ ਦਰਦ ਨੂੰ ਦਬਾਉਂਦੇ ਹੋਏ ਬਚਨਾਂ ਦੀ ਲੜੀ ਨੂੰ ਟੁੱਟਣ ਨਹੀਂ ਦਿੰਦੇ। ਕੀ ਇਹ ਘੱਟ ਕ੍ਰਿਪਾ ਹੈ ਕਿ ਗਲੇ ਵਿਚ ਗਿਲਟੀ ਹੋਣ ਦੇ ਬਾਵਜੂਦ ਇਲਾਜ ਤੋਂ ਮਿਲਦੇ ਸਮੇਂ ਵਿਚ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਦੀਆਂ ਸੰਗਤਾਂ ਵਿਚ ਨੂਰੀ ਪਿਆਰ ਦੀ ਵਰਖਾ ਕਰਦੇ ਰਹੇ। ਕੀ ਹਾਲੇ ਘੱਟ ਕ੍ਰਿਪਾ ਹੈ ਕਿ ਸਰੀਰ ਦੀ ਬਿਰਧ ਅਵਸਥਾ ਵਿਚ ਇਕ ਕਿਸ਼ੋਰ ਵਾਂਗ ਬਿਨਾਂ ਥਕੇਂਵਾਂ ਮੰਨੇ ਮਿਸ਼ਨ ਦੇ, ਆਤਮ ਮਾਰਗ ਦੇ ਰੁਝੇਵੇਂ ਨੇਪਰੇ ਚਾੜ੍ਹਦੇ ਹਨ। ਸਾਨੂੰ ਆਪਣੀ ਕਾਬਲੀਅਤ ਵਿਚਾਰਨ ਦੀ ਲੋੜ ਹੈ। ਆਪ ਪੜਚੋਲ ਦੀ ਲੋੜ ਹੈ।

***'ਚਲਦਾ'***

**L L L L L L**

# ਰੰਗਲੇ ਸੱਜਣ

***ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ***

## ਸ੍ਰੀ ਦੂਲੇਸ਼ਰ ਵੀਰ ਹੀਰਾ ਹਰਿਬਚਨ ਸਿੰਘ

36 ਨੰਬਰ ਰਸਾਲੇ ਦੇ ਗੁਰਮੁਖ ਸਜਣ ਸ. ਮਾਨ ਸਿੰਘ ਜੀ ਹੈੱਡ ਕਲਰਕ ਅੰਬਾਲਾ ਛਾਉਣੀ ਵਿਖੇ ਆਪਣੀ ਕੋਠੀ ਵਿਚ ਬਿਰਾਜਦੇ ਹੋਏ ਸਣੇ ਪਰਿਵਾਰ ਅਨੇਕਾਂ ਵਾਰ ਸਜਲ ਨੇਤ੍ਰ ਹੋਏ ਗੁਰੂ ਅਕਾਲ ਪੁਰਖ ਅਗੇ ਜੋਦੜੀਆਂ ਕਰਨ ਜੁੜ ਜਾਂਦੇ ਸਨ, "ਹੇ ਗੁਰੂ ਕਰਤਾਰ! ਤੈਂ ਸਾਨੂੰ ਹਰ ਪ੍ਰਕਾਰ ਦਾ ਸੁਖ ਦਾ ਸਾਮਾਨ ਅਤੇ ਐਸ਼ਵਰਜ ਬਖਸ਼ਿਆ ਹੈ, ਸਰਦਾਰੀਆਂ ਦਿਤੀਆਂ, ਅਮੀਰੀਆਂ ਦਿਤੀਆਂ, ਧਨ ਧਾਮ, ਘਰ ਘਾਮ ਵਿਖੇ ਹਰ ਪ੍ਰਕਾਰ ਤੈਂ ਸਾਨੂੰ ਸੁਖੀ ਸੁਹੇਲੇ ਅਨੰਦ ਮਗਨੇਲੇ ਕੀਤਾ। ਛੇਕੜ ਕਿਸੇ ਗੱਲ ਦੀ ਕਮੀ ਨਹੀਂ ਰਹੀ, ਕਿਸੇ ਗੱਲ ਦਾ ਘਾਟਾ ਨਹੀਂ ਰਿਹਾ। ਘਾਟਾ ਹੈ ਤਾਂ ਇਹ ਗੱਲ ਦਾ ਹੈ, ਉਹ ਸਾਨੂੰ ਦਿਨੇ ਰਾਤ ਵਿਸੂਰ ਵਿਸੂਰ ਖਪਾਏ ਰਿਹਾ ਹੈ। ਉਹ ਇਹ ਕਿ ਅਸਾਡਾ ਸਭ ਤੋਂ ਛੋਟਾ ਲੜਕਾ ਹਰਿਬਚਨ ਸਿੰਘ ਪ੍ਰਮਾਰਥ ਦੇ ਪਾਸਿਓਂ ਉੱਕਾ ਹੀ ਮੁਨਕਰ ਹੈ। ਅਸੀਂ ਇਸ ਦੇ ਨਾਲ ਸਾਰੇ ਪੁੱਤਰਾਂ ਤੋਂ ਵੱਧ ਕੇ ਲਾਡ ਕੀਤੇ, ਪਿਆਰ ਕੀਤੇ, ਅਰ ਜਿਉਂ ਜਿਉਂ ਪਿਆਰ ਲਾਡ ਇਸ ਦੇ ਨਾਲ ਕੀਤੇ, ਤਿਉਂ ਤਿਉਂ ਇਹ ਪ੍ਰਮਾਰਥ ਵਲੋਂ ਨਿਘਰਦੀ ਕਲਾ ਵਲ ਗਿਆ। ਸਾਡਾ ਪਰਵਾਰ ਇਕੱਤ੍ਰ ਹੋ ਕੇ ਦੋਨੋਂ ਵੇਲੇ ਗੁਰਬਾਣੀ ਦਾ ਨਿਤਨੇਮ ਕਰਦਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਬਿਨਾਂ ਕੋਈ ਅੰਨ ਜਲ ਨਹੀਂ ਕਰਦਾ। ਪਰ ਹਰਿਬਚਨ ਸਿੰਘ ਹੈ ਕਿ ਪ੍ਰਮਾਰਥ ਨੂੰ ਉਲਟੀਆਂ ਟਿਚਕਰਾਂ ਕਰਦਾ ਹੈ, ਗੁਰਮੰਤ੍ਰ ਗੁਰਸਿੱਖੀ ਨੂੰ ਮਖੌਲ ਕਰਦਾ ਰਹਿੰਦਾ ਹੈ। ਇਸ ਨੂੰ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪੜ੍ਹਨੇ ਪਾਇਆ, ਇਸ ਧਾਰਮਿਕ ਆਸ਼ਾ ਨੂੰ ਜਾਣ ਕੇ ਕਿ ਉਥੇ ਨਿਰਾ ਗੁਰਸਿੱਖੀ ਦਾ ਵਾਯੂ-ਮੰਡਲ ਹੋਵੇਗਾ, ਇਸ ਦਾ ਜੀਵਨ ਅਵੱਸ਼ ਹੀ ਪਲਟਾ ਖਾ ਕੇ ਗੁਰੂ ਘਰ ਵਲ ਆਵੇਗਾ। ਪਰ ਉਥੇ ਤਾਲੀਮ ਪਾ ਕੇ ਵੀ ਇਹ ਗੁਰਮਤਿ ਪ੍ਰਮਾਰਥ ਵਲੋਂ ਨਿਰਾ ਕੋਰੇ ਦਾ ਕੋਰਾ ਰਿਹਾ। ਇਸ ਤੇ ਕੋਈ ਪਾਹ ਨਹੀਂ ਚੜ੍ਹਿਆ, ਸਗੋਂ ਨਿਰਾ ਨਾਸਤਕ ਹੋ ਕੇ ਉਥੋਂ ਨਿਕਲਿਆ ਹੈ। ਹੁਣ ਏਸ ਵਲੋਂ ਅਸੀਂ ਉੱਕੇ ਹੀ ਨਿਰਾਸ਼ ਹੋ ਚੁਕੇ ਹਾਂ। ਹੇ ਗੁਰੂ ਕਰਤਾਰ! ਤੂੰ ਹੀ ਕੋਈ ਐਸਾ ਫੋਹ ਪਾ ਅਤੇ ਐਸਾ ਭਾਣਾ ਵਰਤਾਅ ਕਿ ਇਹ ਸਾਡਾ ਸਭ ਤੋਂ ਅਜ਼ੀਜ਼ ਬੱਚਾ ਗੁਰੂ-ਮਾਰਗ ਉਤੇ ਗੁਰਮਤਿ ਪਾਂਧੀ ਬਣੇ।"

ਇਸ ਪ੍ਰਕਾਰ ਦੀਆਂ ਨਿਤਾਪ੍ਰਤਿ ਦੀਆਂ ਬੇਨਤੀਆਂ ਇਹ ਰੋ ਰੋ ਕਰਿਆ ਕਰਦੇ ਸਨ। ਓੜਕ ਇਨ੍ਹਾਂ ਦੀ ਭੀ ਸੁਣੀ ਗਈ। ਇਕ ਦਿਨ ਐਸੀ ਹੋਇ ਪਈ ਕਿ ਅਚਾਨਕ ਅਖੰਡਪਾਠੀਆਂ ਦਾ ਇਹ ਨਿਰਬਾਣ ਕੀਰਤਨੀ ਜਥਾ ਗੁਰਮੁਖ ਪਿਆਰੇ ਬਾਬੂ ਮੱਲ ਸਿੰਘ ਜੀ ਤੇ ਪਿਆਰਨੇ-ਪਿਆਰ ਸਰਦਾਰ ਪਿਆਰਾ ਸਿੰਘ ਜੀ ਦੀ ਖਿੱਚ ਪਾ ਕੇ ਅੰਬਾਲਾ ਛਾਉਣੀ ਵਿਚ ਆ ਵਿਚਰਿਆ। ਆਪਣਿਆਂ ਰੰਗਾਂ ਵਿਚ ਇਹ ਜਥਾ ਕੀਰਤਨ-ਧੁਨੀਆਂ ਰੰਗਾਂ ਵਿਚ ਆ ਕੇ ਮਗਨ ਹੋ ਕੇ ਧੁਨਾਏ ਰਿਹਾ ਸੀ, ਕਿ ਰਾਹ ਜਾਂਦੇ ਉਸ ਕੀਰਤਨ-ਮੰਡਲ ਦੇ ਪਾਸ ਦੀ ਗੁਜ਼ਰਦੇ ਹੋਏ ਅਨਭੋਲ ਅਤੇ ਅਚਾਨਕ ਹੀ ਇਸ ਨਵਜੋਬਨੇ ਪੰਖਣੂ ਦੀ ਸਰੋਤ ਵਿਚ ਸ਼ਬਦ-ਬਾਨ ਦੀ ਅਣਿਆਲੀ ਚੋਟ ਵਜੀ, ਸੁਣਨ ਸਾਰ ਉਹ ਉਥੇ ਚੌਰਸਤੇ ਵਿਚ ਹੀ ਧਰਨਾ ਮਾਰ ਕੇ ਬੈਠ ਗਏ। ਜਿਉਂ ਜਿਉਂ ਬਾਣੀ ਦੇ ਕੀਰਤਨ-ਸਰੋਤੀ-ਬਾਣ ਇਨ੍ਹਾਂ ਦੇ ਹਿਰਦੇ ਵਿਚ ਵੱਜਣ, ਤਿਉਂ ਤਿਉਂ ਇਹ ਨਵ ਫਾਥੜੇ ਪੰਖੇਰੂ ਵਾਂਗ ਬਿਹਬਲ ਅਤੇ ਵਿਆਕੁਲ ਹੁੰਦੇ ਜਾਣ। ਧਰਤੀ ਉਤੇ ਭੁੰਜੇ ਹੀ ਪਥੱਲਾ ਮਾਰ ਕੇ ਬੈਠ ਗਏ। ਬਸ, ਫਿਰ ਉਠਣ ਦੀ ਸੋਝੀ ਨਹੀਂ ਰਹੀ। ਨਿਰੰਕਾਰੀ ਮੀਰ ਸ਼ਿਕਾਰੀ, ਉਪਕਾਰੀ ਵੀਰ (ਬਾਬੂ ਮੱਲ ਸਿੰਘ) ਨੇ ਮੌਕਾ ਤਾੜ ਕੇ ਇਸ ਨੈਣ-ਮਗਨੀਲੇ ਅਤੇ ਹੋਸ਼-ਮਸਤੀਲੇ ਆਹੂ ਨੂੰ ਉਸੇ ਤਰ੍ਹਾਂ ਚੁੱਕ ਉਠਾ ਕੇ, ਬੈਠੇ ਬਿਠਾਏ ਨੂੰ ਅੰਦਰਵਾਰ ਕੀਰਤਨ-ਮੰਡਲ ਦੇ ਸਨਮੁਖ ਲਿਆ ਇਸਥਿਤ ਕੀਤਾ। ਨੀਰੋ ਨੀਰ ਹੋਏ ਇਸ ਨਵਲ-ਵੈਰਾਗੀ ਵੀਰ ਨੂੰ ਕੀਰਤਨ-ਪ੍ਰੇਮੀ-ਜਨਾਂ ਨੇ ਪ੍ਰੇਮ ਚਾਬਕ ਹੋਰ ਵੀ ਕਸ ਕਸ ਲਾਏ। ਬਸ, ਸਾਰੇ ਕੀਰਤਨ ਵਿਚ ਉਠਣੇ ਨਹੀਂ ਪਾਏ। ਉਠੇ ਨਹੀਂ, ਹਿਲੇ ਨਹੀਂ, ਜਮ੍ਹਕੇ ਨਹੀਂ। ਪ੍ਰਮਾਰਥ ਸੰਬੰਧੀ ਸੌ ਸੌ ਹੁਜਤਾਂ ਕਰਨ ਵਾਲੇ ਵੀਰ ਹਰਿਬਚਨ ਸਿੰਘ ਜੀ ਅੱਜ ਕਿਸ ਅਨੂਠੜੀ ਬੰਧਨਾਂ ਵਿਚ ਬੰਧੀਜੇ ਹੋਏ ਲੱਟੂ ਹੋ ਬੈਠੇ ਹਨ।

ਅਖੰਡ ਕੀਰਤਨ ਦਾ ਭੋਗ ਪੈ ਗਿਆ, ਨਾਲ ਲਗਦੇ ਹੀ ਅਖੰਡ ਪਾਠ ਅਰੰਭ ਹੋ ਗਿਆ। ਸਾਰੇ ਅਖੰਡ ਪਾਠ ਦੀ ਅੰਮ੍ਰਿਤ ਵਰਖਾ ਦਿਨ ਰਾਤ ਹੁੰਦੀ ਰਹੀ ਅਤੇ ਉਸ ਨਵਲ-ਜੋਬਨੀ ਇਕੋ ਇਕ ਅੰਮ੍ਰਿਤ ਅਭਿਲਾਖੀ ਜਨ ਦੇ ਮੁਖ-ਮਨਸਾਵੀ-ਹਿਰਦੇ ਰੂਪੀ ਛੇਤਰ ਤੇ ਵਰ੍ਹੀ, ਜਿਵੇਂ ਕਿਸੇ ਗੁਲਜ਼ਰੀ ਉਤੇ ਚਾਂਦਮਾਰੀ ਹੁੰਦੀ ਹੈ। ਕੀਰਤਨ ਰੂਪੀ ਬਾਣ ਵਾਹੁਣ ਵਾਲੇ ਚੋਜੀ ਜਨਾਂ ਨੇ ਖੂਬ ਪ੍ਰੇਮ ਭਜਨ ਗੁਲਜ਼ਰੀਏ ਬਾਣ ਵਾਹੇ ਅਤੇ ਵਾਹ ਵਾਹ ਕੇ ਇਕੋ ਨਿਸ਼ਾਨੇ ਉਪਰ ਮਾਰੇ। ਇਕ ਵੀ ਬਾਣ ਖਾਲੀ ਨਹੀਂ ਗਿਆ, ਸਭ ਠਿਕਾਣੇ ਤੇ ਪੈਂਦੇ ਰਹੇ। ਪਹਿਲਾ ਦਿਨ ਗੁਜ਼ਰ ਗਿਆ, ਸਾਰੀ ਰੈਣ ਗੁਜ਼ਰ ਗਈ, ਦੂਜਾ ਦਿਨ ਵੀ ਗੁਜ਼ਰ ਗਿਆ, ਦੂਜੀ ਰੈਣ ਵੀ ਗੁਜ਼ਰ ਚੱਲੀ। ਦੂਜੀ ਰੈਣ ਦੇ ਅੰਮ੍ਰਿਤ ਵੇਲੇ ਸਾਢੇ ਚਾਰ ਵਜੇ ਦੇ ਕਰੀਬ ਅਖੰਡ ਪਾਠ ਦਾ ਭੋਗ ਪਿਆ। ਨਾਲ ਲਗਦੇ ਹੀ ਫਿਰ ਅਖੰਡ ਕੀਰਤਨ ਅਰੰਭ ਹੋ ਗਿਆ। ਬਸ ਚਲੇ ਸੋ ਚਲੇ, ਨਾ ਕੀਰਤਨ ਥੰਮਣ ਵਿਚ ਆਵੇ, ਨਾ ਉਸ ਬਾਣਾਂ-ਬੇਧੂ ਆਹੂ ਦੀਆਂ ਅੱਖੀਆਂ ਖੁਲ੍ਹਣ। ਉਤਮ ਜਗਿਆਸੂ ਜਾਣ ਕੇ ਅਤੇ ਪੰਜ ਪਿਆਰਿਆਂ ਵਲੋਂ ਅਰਸ਼ੀ ਇਸ਼ਾਰਾ ਆਇਆ ਸਮਝ ਕੇ, ਅਰਸ਼ੀ ਰਮਜ਼ਾਂ ਦੇ ਬੁਝਾਰਤੀਆਂ ਨੇ ਹੋਸ਼-ਮਸਤੀਣੇ ਨਵ-ਯੋਗ ਲਾਲ ਨੂੰ ਸਾਵਧਾਨ ਕਰ ਕੇ ਸੁਕੇਸ਼ੀ ਇਸ਼ਨਾਨ ਕਰਵਾਇਆ, ਨਵੀਨ ਬਸਤਰ ਪੁਸ਼ਾਕਾ ਸਜਾਇਆ, ਜਿਵੇਂ ਜੋਤਿ ਜਗਦੀਸ਼ਰੀ ਬਹੂ ਵਿਆਹੁਣ ਲਈ ਲਾੜਾ ਬਨਾਉਣ ਦੀਆਂ ਤਿਆਰੀਆਂ ਕੀਤੀਆਂ ਜਾਂਦੀਆਂ ਹਨ। ਇਕੋ ਇਕ ਪ੍ਰਮਾਰਥੀ ਲਿੱਲ ਦਾ ਅਨਮੁੱਲਾ ਮੁਥਾਜੀ ਬਣ ਕੇ ਦੋਇ ਕਰ ਜੋੜ ਪੰਜਾਂ ਪਿਆਰਿਆਂ ਦੇ ਅਗੋਚਰ ਅੰਮ੍ਰਿਤ ਛਕਣ ਲਈ ਤਿਆਰ ਹੋ ਖਲੋਤਾ। ਅਮੋਘ ਦਰਸ਼ਨੀ ਦ੍ਰਿਸ਼ ਦੇਖ ਕੇ ਹੀ ਨਿਹਾਲੋ ਨਿਹਾਲ ਤੇ ਹਾਲੋਂ ਬੇਹਾਲ ਹੋ ਗਿਆ। ਅੰਮ੍ਰਿਤ ਬੂੰਦਾਂ

ਦੇ ਦਿੱਬ ਸੰਚਾਰੀ ਛੱਟੇ ਜਦੋਂ ਨੈਣਾਂ ਤੇ ਪਏ, ਬਸ, ਅੰਮ੍ਰਿਤ ਛਕਣਸਾਰ ਹੀ ਦਿੱਬ ਜੋਤੀਸ਼ ਨਿਰੰਕਾਰ ਵਾਹਿਗੁਰੂ ਦੇ ਦਿੱਬ ਦੀਦਾਰੇ ਹੋ ਗਏ। ਬਸ ਫੇਰ ਕੀ ਸੀ, ਫੇਰ ਤਾਂ ਇਹ ਵਰਤਾਰਾ ਵਰਤ ਗਿਆ, ਜੈਸੀ ਕਿ ਇਸ ਮਹਾਂਵਾਕ ਅਨੁਸਾਰ -

***ਦਰਸਨ ਦੇਖਤ ਹੀ ਸੁਧਿ ਕੀ ਨ ਸੁਧਿ ਰਹੀ***
***ਬੁਧਿ ਕੀ ਨ ਬੁਧਿ ਰਹੀ ਮਤਿ ਮੈਂ ਨ ਮਤਿ ਹੈ॥***
***ਸੁਰਤਿ ਮੈਂ ਨ ਸੁਰਤਿ ਅਉ ਧਯਾਨ ਮੈਂ ਨ ਧਯਾਨ ਰਹਯੋ***
***ਗਯਾਨ ਮੈਂ ਨ ਗਯਾਨ ਰਹਯੋ ਗਤਿ ਮੈਂ ਨ ਗਤਿ ਹੈ॥***
***ਧੀਰਜ ਕੋ ਧੀਰਜ ਗਰਬ ਕੋ ਗਰਬ ਗਯੋ***
***ਰਤਿ ਮੈਂ ਨ ਰਤਿ ਰਹੀ ਪਤਿ ਰਤਿ ਪਤਿ ਹੈ॥***
***ਅਦਭੁਤ ਪਰਮਦਭੁਤ ਬਿਸਮੈ ਬਿਸਮ***
***ਅਸਚਰਜੈ ਅਸਚਰਜ ਅਤਿ ਅਤਿ ਹੈ॥੧॥੯॥***

***(ਕਬਿਤ ਭਾਈ ਗੁਰਦਾਸ ਜੀ)***

ਪੂਰੇ ਤਿੰਨ ਦਿਨ ਤਿੰਨ ਰਾਤਾਂ ਹੋ ਗਈਆਂ ਕਿ ਦੂਲੇ ਵੀਰ ਹਰਿਬਚਨ ਸਿੰਘ ਜੀ ਦੀ ਇਕ-ਟੱਕ ਸਹਿਜ ਸਮਾਧੀ ਲਗੀ ਰਹੀ, ਉਨ੍ਹਾਂ ਦਾ ਸਹਿਜ-ਸਮਾਧਤ-ਚੌਂਕੜਾ ਜੰਮਿਆ ਹੀ ਰਿਹਾ। ਇਧਰੋਂ ਕੀਰਤਨ ਨਾ ਥੰਮੇ, ਓਧਰੋਂ ਪ੍ਰੇਮ-ਕਸਾਈਆਂ ਅਖੜੀਆਂ ਨਾ ਖੁਲ੍ਹਣ, ਨਾ ਝਮਕਣ। ਸੰਗਤ ਢਕੋ ਢਕੀ ਜੁੜੀ ਹੋਈ। ਸਾਰੀ ਸੰਗਤ ਦੇ ਪਿਛਵਾੜੇ ਦੂਲਾ ਵੀਰ ਹਰਿਬਚਨ ਸਿੰਘ ਸਹਿਜ-ਰੰਗਾਂ ਵਿਚ ਰੰਗੀਜਿਆ ਹੋਇਆ ਬੈਠ ਰਿਹਾ ਸੀ। ਜਿਥੇ ਅਗੇ ਉਨ੍ਹਾਂ ਦੇ ਪਰਿਵਾਰ ਨੂੰ ਇਹ ਸਿੱਕ ਲਗੀ ਹੋਈ ਸੀ ਕਿ ਕਿਵੇਂ ਅਤੇ ਕਦੋਂ ਪਿਆਰਾ ਦੂਲਾ ਹਰਿਬਚਨ ਸਿੰਘ ਗੁਰਮੁਖ ਸਿੱਖਾਂ ਦੀ ਸ਼੍ਰੇਣੀ ਵਿਚ ਆਵੇ, ਓਥੇ ਹੁਣ ਇਹ ਫਿਕਰ ਵਿਆਪ ਰਿਹਾ ਹੈ ਕਿ ਮੁੜ ਸਾਵਧਾਨ ਹੋ ਕੇ ਆਮ ਸੰਸਾਰੀਆਂ ਵਾਂਗੂ ਪਰਿਵਾਰ ਵਿਚ ਵਿਚਰੇ। ਕੇਵਲ ਉਨ੍ਹਾਂ ਦੇ ਗੁਰਮੁਖ ਪਿਤਾ ਸਰਦਾਰ ਮਾਨ ਸਿੰਘ ਜੀ ਇਸ ਸੰਸੇ ਤੋਂ ਰਹਿਤ ਰਹੇ ਤੇ ਮੂਲੋਂ ਨਹੀਂ ਡੋਲੇ। ਅੱਜ ਉਹ ਆਪਣੇ ਧੰਨ ਭਾਗ ਸਮਝਦੇ ਸਨ ਕਿ ਸਾਡਾ ਬਚੜਾ ਵੀ ਹੰਸਾਂ ਦੀ ਡਾਰ ਵਿਚ ਇਕ ਉਡਾਰੂ ਹੰਸੜਾ ਬਣ ਗਿਆ ਹੈ। ਕੀਰਤਨ ਕਰਣਹਾਰੇ ਗੁਰਮੁਖ ਜਨ ਆਪਣੇ ਆਤਮ-ਰੰਗਾਂ ਵਿਚ ਕੀਰਤਨ ਦੀ ਵਰਖਾ ਕਰੀ ਜਾ ਰਹੇ ਸਨ ਕਿ ਯਕਾ ਯਕ ਉਹ ਉਡਾਰੂ ਹੰਸੜਾ ਬੜਾ ਪਿਆਰਾ ਵੀਰ ਦੂਲੇਸ਼ਰ ਪਿਛਲਵਾੜੇ ਬੈਠਾ ਬੈਠਾ ਉਡ ਕੇ ਡੰਡਉਤ ਪਰਨੇ ਹੋ ਕੇ, ਵਿਚਕਾਰ ਬੈਠੀ ਸਾਰੀ ਸੰਗਤ ਦੇ ਸੀਸਾਂ ਉਪਰ ਦੀ ਤਰਦਾ ਹੋਇਆ, ਇਕੋ ਸੇਧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਿਕਟ ਹਜ਼ੂਰੀ ਵਿਚ, ਸਨਮੁਖ ਹੋ ਕੇ ਮਸਤਕ ਪਰਨੇ ਆਇ ਉਮਡ ਆਇਆ। ਮੱਥਾ ਇਉਂ ਆਇ ਟਿਕਿਆ ਜਿਵੇਂ ਕੰਵਲ ਫੁੱਲ ਜਲ ਵਿਚ ਲਹਿਰਾਉਂਦਾ ਹੁੰਦਾ ਹੈ। ਮਸਤਕ ਸਰਣ ਹਜ਼ੂਰੀ ਦੀ ਧੂੜੀ ਵਿਚ ਸਥਿਤ ਹੋਇਆ ਹੋਇਆ ਤੇ ਹੋਰ ਸਾਰਾ ਸਰੀਰ ਡੰਡਵਤੀ ਲੰਬਾਣ ਵਿਚ ਧਰਤੀਓਂ ਉਪਰ ਹੀ ਉਪਰ ਅਜਬ ਉਡਾਣ ਵਿਚ ਲਹਿਰੇ ਲਵੇ, ਜਿਵੇਂ ਫੰਗਾਂ ਵਾਲੀ ਮਛਲੀ ਅਨਲ ਵਾਉ ਵਿਚ ਤਾਰੀਆਂ ਲਾ ਰਹੀ ਹੁੰਦੀ ਹੈ। ਇਹ ਇਕ ਬੜਾ ਅਨੂਠਾ ਤੇ ਅਜਬ ਅਜਾਬਾ ਦ੍ਰਿਸ਼ ਸੀ, ਜਿਸ ਨੂੰ ਦੇਖਣਹਾਰੇ ਚਕ੍ਰਿਤ ਹੋ ਰਹੇ ਸਨ। ਏਧਰ ਕੀਰਤਨ ਨ ਠਲ੍ਹੇ, ਉਧਰ ਇਹ ਦ੍ਰਿਸ਼ ਨ ਹਿਲੇ। ਰੱਬੀ ਰਮਜ਼ਾਂ ਦੇ ਪੰਧਾਊ ਕੀਰਤਨੀ ਜਨਾਂ ਨੇ ਅਮਰੀ ਰਮਜ਼ ਪਾਇ ਕੇ ਲਾਵਾਂ ਦਾ ਕੀਰਤਨ ਕਰਨਾ ਆਰੰਭ ਦਿਤਾ, ਮਾਨੋ ਇਕ ਅਮਰ ਜਗਿਆਸਣੂ ਸੁਹਾਗਣੀ ਦਾ ਅਕਾਲ ਪੁਰਖ ਨਾਲ ਅਨੰਦ ਵਿਵਾਹ ਹੋ ਰਿਹਾ ਹੈ। ਲਾਵਾਂ ਦਾ ਕੀਰਤਨ ਅਦਿਭੁਤ ਮਗਨਤਾ ਵਿਚ ਹੋਇਆ, ਜੋ ਅੱਜ ਤਾਈਂ ਕਦੇ ਨਹੀਂ ਹੋਇਆ ਸੀ। ਆਤਮ-ਅਭਿਆਸੀਆਂ ਨੂੰ ਬੜੇ ਹੀ ਅਨੰਦ ਕੌਤਕੀ ਹੁਲਾਰੇ ਆਏ। ਜਿਉਂ ਜਿਉਂ ਦੁਲਹਨੀ ਦੂਲਾ ਪ੍ਰੇਮ-ਪੰਘੂੜੇ ਵਿਚ ਝੂਟੇ ਹੂਟੇ ਲਵੇ, ਤਿਉਂ ਤਿਉਂ ਦੇਖਣਹਾਰੇ ਅਤੇ ਅਮਰ ਅਕਾਲੀ ਆਨੰਦ ਕਰਾਉਣਹਾਰੇ ਕੀਰਤਨੀ ਜਨ ਆਪਣੇ ਲੋਰ-ਖੁਮਾਰਾਂ ਵਿਚ ਝੂਲਣ। ਸਮੁੱਚੀਆਂ ਲਾਵਾਂ ਦੇ ਕੀਰਤਨ ਦੀ ਅਉਧੀ ਅੰਦਰ ਦੁਵੱਲਾ ਇਹ ਦ੍ਰਿਸ਼ ਬਣਿਆ ਰਿਹਾ। ਲਾਵਾਂ ਮੁੱਕੀਆਂ ਤਾਂ ਆਰਤੀ ਉਤਾਰਨ ਦੀਆਂ ਕੀਰਤਨ-ਧੁਨੀਆਂ ਉਠੀਆਂ। ਜਿਉਂ ਜਿਉਂ ਆਰਤੀ ਉਤਰੇ, ਤਿਉਂ ਤਿਉਂ ਸ਼ਾਂਤ-ਮਗਨਤਾ ਵਾਪਰਦੀ ਜਾਵੇ। "ਗੋਪਾਲ ਤੇਰਾ ਆਰਤਾ" ਦੇ ਕੀਰਤਨ ਦੀ ਸਮਾਪਤੀ ਹੋਣ ਪਰ ਦੂਲੇ ਜੀ ਦਾ ਸੀਸ ਪਰਨੇ ਉਪਰ ਨੂੰ ਉਭਰਿਆ ਹੋਇਆ ਧੜ ਮੁੜ ਧਰਤੀ ਨਾਲ ਆ ਲਗਿਆ ਤੇ ਉਹ ਮਰਜੀਵੜਾ ਛਪਾਲ ਤੇ ਨਿੱਸਲ ਹੋ ਕੇ ਡੰਡਉਤ ਪਰਨੇ ਪਿਆ ਪਿਆ ਹੀ ਸੁੰਨ-ਸਮਾਧੀ ਵਿਚ ਲੀਨ ਹੋ ਗਿਆ।

ਸਾਰੀ ਸੰਗਤ ਵਿਚ ਸਨਾਟਾ ਛਾ ਗਿਆ। ਸਭ ਦੀ ਹੈਰਾਨਗੀ ਦੂਰ ਕਰਨ ਲਈ ਗੁਰਮੁਖ ਪੰਚ ਜਨਾਂ ਨੇ ਚੁਕ ਕੇ ਦੂਲੜੇ ਵੀਰ ਨੂੰ ਫਿਰ ਸਾਵਧਾਨ ਕੀਤਾ ਅਤੇ ਪ੍ਰੇਮ-ਆਤਮੀ-ਠੰਡੋਲੜੇ ਡੋਲੜੇ ਵਿਚ ਪਾਇ ਕੇ, ਉਸ ਮੰਡਲ ਵਿਚੋਂ ਲਿਜਾ ਕੇ ਵਖਰੇ ਕਮਰੇ ਵਿਚ ਇਕਾਂਤ-ਸਿੰਘਾਸਨ ਤੇ ਜਾਇ ਬਿਰਾਜਮਾਨ ਕੀਤਾ। ਸਭ ਦੀ ਆਵਾਜਾਈ ਬੰਦ ਕਰ ਦਿਤੀ, ਨਿਜ-ਪਰਵਾਰੀਆਂ ਦੇ ਫਿਕਰ-ਅੰਦੇਸ਼ੇ, ਦੂਰ ਕਰਨਹਾਰਿਆਂ ਨੇ ਦੂਰ ਕਰ ਦਿਤੇ। ਸਾਰੀ ਰਾਤ ਸਹਿਜ-ਸਿੰਘਾਸਨ ਤੇ ਪਏ ਦੂਲੜੇ ਜਨ ਦੇ ਮੁਖ ਮਸਤਕ ਤੇ ਰੰਗ ਚਲੂਲੇ ਖਿੜੇ ਰਹੇ। ਰੋਮ ਰੋਮ ਅੰਦਰ ਆਤਮ-ਵਿਗਾਸ ਵਾਲਾ ਅਭਿਆਸ-ਖੰਡਾ ਸਹਿਜ ਪ੍ਰੇਮ ਵੇਗ ਅੰਦਰ ਖੜਕਦਾ ਰਿਹਾ। ਅੰਮ੍ਰਿਤ ਵੇਲੇ ਉਠ ਕੇ ਸਾਵਧਾਨਤਾ ਸਹਿਤ ਸਾਰੇ ਗੁਰਮੁਖ ਵੀਰਾਂ ਨਾਲ ਰਲ ਕੇ ਇਸ਼ਨਾਨ ਹੋਏ, ਧਿਆਨ ਹੋਏ, ਨਿਤਨੇਮ ਦੇ ਪ੍ਰੇਮ-ਪਾਠ ਹੋਏ। ਫੇਰ ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਅਰੰਭ ਹੋਏ। ਵੀਰ ਹਰਿਬਚਨ ਸਿੰਘ ਜੀ ਭੀ ਆ ਹਾਜ਼ਰ ਹੋਏ, ਜੋੜੀ ਦੀ ਧੁਨਕਾਰ, ਕੀਰਤਨ-ਗੁੰਜਾਰ ਸਹਿਤ ਉਠਣ ਦੀ ਦੇਰ ਹੈ ਕਿ ਹੋਸ਼ ਮਸਤ ਮਰਜੀਵੜਾ ਮਸਤ ਹੋ ਕੇ ਧੜੰਮ ਕਰਦਾ ਆਤਮ ਦੀ ਸੁਧੀ ਵਿਚ ਡੰਡੌਤ ਪਰਨੇ ਡਿਗ ਪਿਆ ਤੇ ਜ਼ੋਰੋ ਜ਼ੋਰ ਅਭਿਆਸ ਵਿਚ ਮਸਤ-ਉਲ-ਮਸਤ ਹੋ ਗਿਆ। ਜਿਉਂ ਜਿਉਂ ਜ਼ੋਰੋ ਜ਼ੋਰ ਕੀਰਤਨ ਹੋਵੇ, ਤਿਉਂ ਤਿਉਂ ਮਸਤੁਲ-ਮਸਤੀਆਂ ਦੀ ਮਸਤੀ ਹੋਰ ਜ਼ੋਰ ਫੜਦੀ ਜਾਵੇ। ਲਗਾਤਾਰ ਜੋ ਆਤਮ-ਅਹਿਲਾਦੀਆਂ ਦੀ ਅਖੰਡ ਧੁਨੀ ਜੁੜੀ ਰਹੀ, ਪਤਾ ਨਹੀਂ ਰਿਹਾ ਕਿ ਕਿਤਨੇ ਸਮੇਂ ਤਕ ਜੁੜੀ ਰਹੀ। ਭੋਗ ਪੈਣ ਪਰ ਮਹਾਂ ਪ੍ਰਸ਼ਾਦ (ਕੜਾਹ ਪ੍ਰਸ਼ਾਦ) ਦੇ ਛਾਂਦੇ ਵਰਤੇ ਅਤੇ ਅੰਮ੍ਰਿਤ ਛਾਂਦਿਆਂ ਦੇ ਭੁਖੈੜੇ ਵੀਰ ਹਰਿਬਚਨ ਸਿੰਘ ਜੀ ਨੂੰ ਖੂਬ ਰੱਜ ਰੱਜ ਛਾਂਦੇ ਛਕਾਏ। 'ਘਰ ਮਾਹੀਂ ਆਇ ਵੁਠੇ ਸਜਣਾ?' ਨੇ ਉਥੋਂ ਵਿਦਾ ਹੋ ਕੇ ਚੁਪ-ਚੁਪਾਤੇ ਹੀ ਹੋਰਥੇ ਜਾਇ ਉਡਾਰੀਆਂ ਮਾਰੀਆਂ। ਸੰਗਤ ਵਿਛੜ ਗਈ, ਸਾਰਾ ਸਮਾਗਮ ਵਿਛੜ ਗਿਆ। ਉਕਤ ਪ੍ਰੇਮ-ਬਿਧੀਏ

ਦੂਲੇ ਨੂੰ ਆਪਣੇ ਹਾਲਾਂ ਵਿਚ ਛਡ ਕੇ ਥਾਉਂ ਥਾਈਂ ਸਾਰੇ ਚਲੇ ਆਏ। ਤਦ ਪਸਚਾਤ ਜਦੋਂ ਵੀ ਪ੍ਰੇਮੀ ਜਨਾਂ ਦਾ ਜੁੜਨਾ ਹੋਇਆ ਤਦੋਂ ਹੀ ਅਗੰਮ ਤੋਂ ਹਰਿ-ਨਾਮੇ ਕੇ ਜੋੜੀ ਵੀ ਆਇ ਜੁੜਦੇ ਰਹੇ, ਬਸ ਓਹੀ ਹਾਲ ਉਹੋ ਢਾਲ। ਅਜਰ ਅਵਸਥਾ ਨੂੰ ਹੋਰ ਜਰਿਆ, ਜਰ ਜਰ ਕੇ ਸਾਰੀ ਉਮਰ-ਅਵਸਥਾ ਹੀ ਗ੍ਰਿਹਸਥ ਮਾਰਗ ਵਿਚ ਗੁਜ਼ਾਰੀ, ਸਦ ਜਾਗਦੇ ਗੁਰਮੁਖ ਜੋਗੀਆਂ, ਗ੍ਰਿਹਸਤ ਉਦਾਸ ਸਚੜੇ ਜੋਗੀਆਂ ਵਾਂਗ ਗੁਜ਼ਾਰੀ।

ਸਿਰੀ ਵੀਰ ਗੁਰਮੁਖ ਪਿਆਰੇ ਭਾਈ ਹਰਿਬਚਨ ਸਿੰਘ ਜੀ ਦਾ ਹਿਰਦਾ ਬੜਾ ਹੀ ਵਿਸ਼ਾਲ ਸੀ, ਪੁਜ ਕੇ ਉਦਾਰ ਸੀ। ਗੁਪਤ ਦਾਨੀ ਉਨ੍ਹਾਂ ਵਰਗਾ ਕੋਈ ਵਿਰਲਾ ਸਿਖ ਹੀ ਹੋਇਆ ਹੋਵੇਗਾ। ਤਨ ਮਨ ਧਨ ਵਾਰ ਦੇਣਾ ਉਨ੍ਹਾਂ ਲਈ ਇਕ ਸਹਿਜ ਸੁਹੇਲੀ ਖੇਡ ਸੀ। ਅੰਮ੍ਰਿਤ ਸੰਚਾਰ ਦੇ ਸਮਾਗਮਾਂ ਵਿਚ ਵੀਰ ਹਰਿਬਚਨ ਸਿੰਘ ਜੀ ਨੂੰ ਪੰਜਾਂ ਪਿਆਰਿਆਂ ਵਿਚ ਲਏ ਜਾਣ ਦੇ ਜਦੋਂ ਵੀ ਫੁਰਨੇ ਅਤੇ ਚੋਣ ਵਿਚ ਉਕਤ ਵੀਰ ਦੇ ਲਏ ਜਾਣ ਦੀਆਂ ਦਲੀਲਾਂ ਬੱਝੀਆਂ, ਤਦੋਂ ਹੀ ਉਹ ਨਿਮਰੀਭੂਤ ਹੋ ਕੇ ਨਿਰੀ ਨਿਰਮਾਣਤਾ ਵਿਚ ਲੀਨ ਹੋ ਜਾਂਦੇ ਸਨ। ਪਰ ਹੱਠੀਆਂ ਵਾਲਾ ਹੱਠ ਕਦੇ ਨਹੀਂ ਕਰਦੇ ਸਨ, ਸੰਗਤਾਂ ਦਾ ਹੁਕਮ ਸਿਰ ਮਥੇ ਤੇ ਮੰਨ ਕੇ ਸਦਾ ਸਤਿਗੁਰੂ ਦੀ ਰਜਾਇ ਵਿਚ ਰਹਿੰਦੇ ਸਨ। ਕਦੇ ਵੀ ਉਨ੍ਹਾਂ ਨੂੰ ਕੁਝ ਬਣ ਬੈਠਣ ਦਾ ਅਹਿਸਾਸ ਮਹਿਸੂਸ ਨਹੀਂ ਹੋਇਆ, ਗੁਰੂ ਦੀ ਅਪਾਰ ਕਿਰਪਾ ਦੇ ਸ਼ੁਭ ਲੱਛਣ ਉਨ੍ਹਾਂ ਦੀ ਆਤਮ-ਦਸ਼ਾ ਤੇ ਹਮੇਸ਼ਾ ਵਰਤਦੇ ਰਹਿੰਦੇ ਸਨ। ਢੇਰ ਚਿਰ ਬਰਸਾਂ ਵੱਧੀ ਅਜਿਹੀ ਹੀ ਇਕ-ਰਸ ਅਵਸਥਾ ਉਨ੍ਹਾਂ ਦੀ ਬੱਝੀ ਰਹੀ।

ਫਿਰ ਭਾਣੇ ਦਾ ਗੇੜ ਐਸਾ ਹੋਇਆ ਕਿ ਉਨ੍ਹਾਂ ਦੀ ਫੌਜ ਬਦੇਸ਼ਾਂ ਵਿਚ ਹੋ ਰਹੀ ਲੜਾਈ ਵਿਚ ਫਰਾਂਸ ਆਦਿਕ ਦੇਸ਼ਾਂ ਵਿਚ ਪਧਾਰ ਗਈ ਅਤੇ ਅਸਾਡੇ 1915 ਦੇ ਸਾਰਿਆਂ ਦੇ ਵਰਤਣ ਤੋਂ ਪਹਿਲਾਂ ਹੀ ਪਧਾਰ ਗਈ। ਵਿਚੇ ਹੀ ਪਿਆਰੇ ਦੂਲੇਸ਼ਰ ਹਰਿਬਚਨ ਸਿੰਘ ਜੀ ਜੈਸੇ ਵੀਰ ਵੀ ਜੰਗ ਨੂੰ ਜਾਣ ਕਰਕੇ ਵਿਛੜ ਗਏ – ਸਰਕਾਰੀ ਹੁਕਮ ਦੇ ਬੱਧੇ ਹੋਏ। ਸ਼ੁਕਰ, ਸਦ ਸ਼ੁਕਰ, ਕਿ ਉਹਨਾਂ ਦੇ ਅਤਿ ਪਿਆਰੇ ਲਾਲ ਅਮੋਲੇ ਅਮੁਲ ਗੁਣੀ ਵਾਰ ਬਾਬੂ ਮੱਲ ਸਿੰਘ ਜੀ ਵੀ ਬਦੇਸ਼ੀ ਜੰਗਾਂ ਜੁੱਧਾਂ ਵਿਚ ਉਨ੍ਹਾਂ ਦੇ ਨਾਲ ਹੀ ਰਹੇ। ਅਸੀਂ ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਵਿਚ ਭਜਨ-ਅਨੰਦੀ ਉਮਰ ਕੈਦਾਂ ਕੱਟੀਆਂ, ਉਨ੍ਹਾਂ ਨੇ ਵਿਡਾਣੀ ਚਾਕਰੀ ਦੀ ਕੈਦ ਵਿਚ ਦੇਸੋਂ ਬਦੇਸ਼ ਹੋ ਕੇ ਜੁੱਧਾਂ ਜੰਗਾਂ ਦੀਆਂ ਘਾਲਾਂ ਘਾਲੀਆਂ। ਭਾਣੇ ਅੰਦਰ ਸਿਰੀ ਵੀਰ ਹਰਿਬਚਨ ਸਿੰਘ ਜੀ ਜੈਸੇ ਦੂਲੇ ਜਨ ਅਤੇ ਇਸ ਜਥੇ ਦੇ ਪ੍ਰੇਮ ਅਭਿਆਸੀ ਰੁਕਨ ਸਿਰੀ ਮਾਨ ਬਾਬੂ ਮੱਲ ਸਿੰਘ ਜੀ ਸਾਰਖੇ ਗੁਰਮੁਖ ਜਨ ਅਤੇ ਸਾਡੇ ਅਣਡਿਠੇ ਨਵ-ਮੁਸ਼ਕੇ ਨਵਯੁਵਕ ਸੰਤ ਮੱਘਰ ਸਿੰਘ ਜੀ ਜੈਸੀਆਂ ਰੂਹਾਂ ਜੰਗੀ ਜੋਧਿਆਂ ਦੀਆਂ ਲੜੀਆਂ ਵਿਚ ਸੁਤੇ ਹੀ ਪ੍ਰੋਤੀਆਂ ਹੋਈਆਂ ਸਨ। ਇਸ ਕਰਕੇ ਗੋਰਿਆਂ ਦੀ ਗੋਰਾਸ਼ਾਹੀ ਗੌਰਮਿੰਟ ਦਾ ਪਲੜਾ ਹਿਠਾਂਹ ਨੂੰ ਨਾ ਹੋਣਾ ਪਾਇਆ, ਨਹੀਂ ਤਾਂ ਆਤਮ-ਅਭਿਆਸੀਆਂ ਦੀਆਂ ਜੇਲ੍ਹਾਂ ਵਿਚ ਕੀਤੀਆਂ ਨਾਮ ਅਭਿਆਸ ਦੀਆਂ ਅਗਾਧ ਕਮਾਈਆਂ ਤੇ ਅਦੁਤੀ ਕਮਾਈਆਂ ਜ਼ਰੂਰ ਇਸ ਗੋਰਾ-ਸ਼ਾਹੀ ਗੌਰਮਿੰਟ ਨੂੰ ਓਦੋਂ ਹੀ ਗਾਰਤ ਕਰ ਦਿੰਦੀਆਂ। ਇਸ ਵਿਚ ਰੰਚਕ ਸੰਦੇਹ ਨਹੀਂ ਕਿ ਵਿਡਾਣੀ ਚਾਕਰੀ ਦੀ ਯੁਧ-ਜੰਗੀ-ਜ਼ੰਜੀਰਾਂ ਵਿਚ ਜਕੜੇ ਹੋਏ ਦੂਲੇ ਵੀਰਾਂ ਨੇ ਜੋ ਬੇਹਦ ਮੁਸੀਬਤਾਂ ਝਾਲੀਆਂ ਤੇ ਘਾਲੀਆਂ, ਉਸ ਦੇ ਮੁਕਾਬਲੇ ਵਿਚ ਅਸਾਂ ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਵਿਚ ਮੁਕਈਅਦ ਦੇਸ਼-ਭਗਤਾਂ ਅਤੇ ਧਰਮੱਗ ਸੱਜਣਾਂ ਨੇ ਜੋ ਕਸ਼ਟਾਵਲੀਆਂ ਸਹੀਆਂ, ਇਤਨੀਆਂ ਭਿਆਨਕ ਤੇ ਦਰਦਨਾਕ ਨਹੀਂ ਜਾਪਦੀਆਂ, ਜੈਸਾ ਕਿ ਅਸੀਂ ਦੂਲੇ ਵੀਰ ਭਾਈ ਹਰਿਬਚਨ ਸਿੰਘ ਦੀਆਂ ਕਸ਼ਟ-ਕਮਾਈਆਂ ਦੀ ਸੋਇ ਸੁਣੀ ਹੈ। ਇਸ ਪ੍ਰਥਾਇ ਅੱਖੀਂ ਡਿੱਠਾ ਸਮਾਚਾਰ ਤਾਂ ਦੂਲੇ ਵੀਰ ਹਰਿਬਚਨ ਸਿੰਘ ਜੀ ਦੇ ਜੁਧਾਂ ਜੰਗਾਂ ਦੇ ਸਾਥੀਅੜੇ ਸਿਰੀ ਵੀਰ ਗੁਰਮੁਖ ਪਿਆਰੇ ਬਾਬੂ ਮੱਲ ਸਿੰਘ ਜੀ ਹੀ ਵਿਸਥਾਰ ਸਹਿਤ ਵਰਨਣ ਕਰ ਸਕਦੇ ਹਨ। ਪਰ ਇਤਨਾ ਦੱਸੇ ਬਗੈਰ ਅਸੀਂ ਨਹੀਂ ਰਹਿ ਸਕਦੇ ਕਿ ਯੁਧਾਂ ਜੰਗਾਂ ਤੋਂ ਵਾਪਸ ਆਉਣ ਪਰ ਅਸੀਂ ਦੂਲੇ ਵੀਰ ਹਰਿਬਚਨ ਸਿੰਘ ਜੀ ਦਾ ਦਰਸ਼ਨ ਕੀਤਾ, ਤਾਂ ਉਨ੍ਹਾਂ ਦਾ ਮਸਤਕ ਚੇਹਰਾ ਨੂਰਾਨੀ ਆਤਮ-ਰੰਗਾਂ ਨਾਲ ਅਗੇ ਨਾਲੋਂ ਵੀ ਵਧੇਰੇ ਦਗ ਦਗ ਕਰਦਾ ਸੀ, ਜੈਸੇ ਕਿ ਅਸੀਂ ਜੁਧ ਜੰਗ ਦੇ ਜਾਣ ਤੋਂ ਪਹਿਲਾਂ ਡਿਠਾ ਸੀ। ਚਾਹੇ ਮਿਲਟਰੀ ਡਾਕਟਰ ਅਤੇ ਸਿਵਲ ਮਹਿਕਮੇ ਦੇ ਖਾਸ ਸਿਰਕਢ ਮਸ਼ਹੂਰ ਮੈਡੀਕਲ ਆਫੀਸਰ ਇਹ ਫਤਵਾ ਲਾ ਚੁਕੇ ਸਨ ਕਿ ਇਨ੍ਹਾਂ ਉਤੇ ਇਕ ਸਰੀਰਕ ਬੀਮਾਰੀ ਐਸੀ ਪ੍ਰਬਲ ਹੋ ਕੇ ਨਾਜ਼ਲ ਹੋ ਚੁਕੀ ਹੈ ਕਿ ਕਿਸੇ ਵਕਤ ਵੀ ਇਨ੍ਹਾਂ ਦੇ ਸਰੀਰ ਵਿਚੋਂ ਸਵਾਸ ਇਕ-ਦਮ ਨਿਕਲ ਜਾਣਗੇ, ਪਰ ਫੇਰ ਵੀ ਇਸ ਆਤਮ-ਜਲਾਲੀ ਗੁਰਮੁਖ ਵੀਰ ਨੇ ਰੰਚਕ ਮਾਤ੍ਰ ਗੁਮੇਹ ਨਹੀਂ ਕੀਤਾ ਅਤੇ ਅਤਿਅੰਤ ਚੜ੍ਹਦੀਆਂ ਕਲਾਂ ਵਿਚ ਫਿਰਦੇ ਰਹੇ। ਅੱਜ ਤਾਈਂ ਕਦੇ ਉਹ ਘਬਰਾਏ ਹੋਏ ਨਹੀਂ ਦੇਖੇ, ਕਦੇ ਵੀ ਉਨ੍ਹਾਂ ਦੀ ਬ੍ਰਿਤੀ ਉਤੇ ਤੈਸ਼, ਕ੍ਰੋਧ ਅਤੇ ਫਿਕਰ ਤਾਰੀ ਨਹੀਂ ਹੋਇਆ। ਸਹਿਨਸ਼ੀਲਤਾ ਦੇ ਪੁਤਲੇ ਸਿਰੀ ਦੂਲੇਸ਼ਰ ਵੀਰ ਹਰ ਸਮੇਂ ਪ੍ਰਮਾਰਥੀ ਰੰਗਾਂ ਦੇ ਦੂਲੇ ਹੀ ਬਣੇ ਰਹੇ। ਅਗੇ ਨਾਲੋਂ ਵੀ ਵਡ ਵਡੇਰੇ ਅਤੇ ਵਧੇਰੇ ਆਤਮ-ਔਜਾਂ ਵਿਚ ਖੇਡਦੇ ਰਹੇ।

ਉਨ੍ਹਾਂ ਦੀਆਂ ਆਤਮ ਮੌਜੀ ਘਟਨਾਵਾਂ ਦੇ ਪਵਿਤਰ ਪਾਵਨ ਜ਼ਿਕਰ ਤਾਂ ਉਨ੍ਹਾਂ ਦੇ ਨਿਕਟ-ਵਰਤੀ ਆਤਮ-ਦਰਸੀ ਗੁਰਮੁਖ ਵੀਰ ਬਾਬੂ ਮੱਲ ਸਿੰਘ ਜੀ ਹੀ ਕਰ ਸਕਦੇ ਹਨ। ਉਨ੍ਹਾਂ ਦੇ ਗੁਰਮਤਿ ਗੁਣਾਂ ਦੇ ਵਸਫ ਕੀ ਕੀ ਲਿਖੀਏ, ਲਿਖੇ ਨਹੀਂ ਜਾਂਦੇ, ਬੜੇ ਬੇਅੰਤ ਹਨ, ਗੁਰਸਿੱਖੀ ਕਮਾਉਣਹਾਰੇ ਗੁਰਸਿੱਖਾਂ ਦਾ ਉਹ ਪੂਰਾ ਨਮੂਨਾ ਸਨ। ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਕਬਿੱਤ ਸਵੱਈਆਂ ਵਿਚ ਜਦ ਅਸੀਂ ਕਰਨੀ ਕਮਾਲ ਵਾਲੇ ਗੁਰਸਿੱਖਾਂ ਦੀ ਮਹਿਮਾ-ਮਈ ਝਾਕੀ ਮਾਤਰ ਸਾਖੀ ਪੜ੍ਹਦੇ ਹਾਂ, ਤਾਂ ਸਾਡੇ ਸਨਮੁਖ ਅਸਾਡੇ ਦੂਲੇ ਵੀਰ ਭਾਈ ਹਰਿਬਚਨ ਸਿੰਘ ਜੀ ਦਾ ਜੀਵਨ ਹੂ-ਬ-ਹੂ ਆ ਖਲੋਂਦਾ ਹੈ। ਉਹ ਇਸ ਅਸਾਰ ਸੰਸਾਰ ਤੋਂ ਚਲਾਣਾ ਤਾਂ ਕਰ ਗਏ, ਪਰ ਸਾਨੂੰ ਕਦੇ ਪ੍ਰਤੀਤ ਨਹੀਂ ਹੋਇਆ, ਅਸਾਥੋਂ ਨਿਖੜ ਗਏ ਹਨ। ਜਲ ਕਮਲ ਵਤ ਗ੍ਰਿਹਸਤ ਵਿਚ ਅਲੇਪ ਰਹਿੰਦੇ ਹੋਏ ਅਤੇ ਮਾਇਆ ਕੁਟੰਬ ਵਲੋਂ ਨਿਰਮੋਹ ਹੁੰਦੇ ਹੋਏ, ਸਰੀਰਕ ਦੁਖਾਂ ਕਸ਼ਟਾਂ ਦੀ ਪਰਵਾਹ ਨ ਕਰਦੇ ਹੋਏ, ਤਨਕ ਮਾਤ੍ਰ ਦੇ ਫੋਰੇ ਵਿਚ ਹੀ ਸਰੀਰ ਨੂੰ ਤਿਆਗ ਕੇ ਗੁਰਪੁਰੀ ਨੂੰ ਪਧਾਰ ਗਏ। ਪਰ ਉਨ੍ਹਾਂ

ਦੀ ਆਤਮਾ ਹਰ ਦਮ ਤੇ ਹਰ ਛਿਨ ਉਨ੍ਹਾਂ ਸੇਤੀ ਇਕ ਮਿਕ ਹੋਏ ਗੁਰਮੁਖ ਪਿਆਰਿਆਂ ਵਿਚ ਉਸੇ ਤਰ੍ਹਾਂ ਹਾਜ਼ਰ ਨਾਜ਼ਰ ਵਿਚਰਦੀ ਰਹਿੰਦੀ ਹੈ, ਮਾਨੋ ਉਹ ਕਦੇ ਵਿਛੜੇ ਹੀ ਨਹੀਂ।

## ਸੋਹਣੇ ਸਿਖ ਗੁਰ-ਚਰਨਾਂ ਦੇ ਪਿਆਰ ਵਾਲੇ

**ਸਰਦਾਰ ਹਰਿਬਚਨ ਸਿੰਘ** 66 ਨੰਬਰ ਪਲਟਨ ਵਿਚ ਸੂਬੇਦਾਰ ਸਨ। ਉਸੇ ਫੌਜ ਵਿਚ ਭਾਈ ਮਸਤਾਨ ਸਿੰਘ ਪਿੰਡ ਢੁੱਲਾਂਵਾਲ ਜ਼ਿਲਾ ਲੁਧਿਆਨਾ ਹੌਲਦਾਰ ਸਨ। ਏਹ ਦੋਵੇਂ ਸਜਣ 1914-15 ਦੀ ਦੁਨੀਆਂ ਦੀ ਪਹਿਲੀ ਜੰਗ ਵਿਚ ਫਰਾਂਸ ਤੇ ਇਰਾਕ ਦੀਆਂ ਲੜਾਈਆਂ ਵਿਚ ਆਪਣੀ ਫੌਜ ਨਾਲ ਸ਼ਾਮਲ ਰਹੇ। 29 ਅਪ੍ਰੈਲ 1916 ਨੂੰ ਇਰਾਕ ਦੇ ਸ਼ਹਿਰ ਕਿਤਾ-ਉਲ-ਅਮਾਰਾ ਵਿਚ 14 ਹਜ਼ਾਰ ਫੌਜ਼, ਅੰਗਰੇਜ਼ੀ ਤੇ ਹਿੰਦੁਸਤਾਨੀ, ਤੁਰਕਾਂ ਦੀ ਕੈਦ ਵਿਚ ਪਈ। ਏਸ ਵਿਚੋਂ 7 ਹਜ਼ਾਰ ਫੌਜੀ ਕੈਦ ਵਿਚ ਹੀ ਮਰੇ। 11 ਨਵੰਬਰ 1918 ਨੂੰ ਸੁਲ੍ਹਾ ਹੋ ਕੇ ਜੰਗ ਬੰਦ ਹੋਇਆ ਤੇ ਸਤ ਹਜ਼ਾਰ ਫੌਜੀ ਕੈਦੋਂ ਰਿਹਾ ਹੋ ਕੇ ਹਿੰਦੁਸਤਾਨ ਪਹੁੰਚੇ। ਏਨ੍ਹਾਂ ਵਿਚ ਹੀ ਸ. ਹਰਿਬਚਨ ਸਿੰਘ ਤੇ ਭਾਈ ਮਸਤਾਨ ਸਿੰਘ ਸਨ। ਏਸ ਮੋਰਚੇ ਵਿਚ ਕੁਲ ਫੌਜ ਸਤਾਈ ਹਜ਼ਾਰ ਸੀ, ਜਿਸ ਵਿਚੋਂ 13 ਹਜ਼ਾਰ ਕੈਦ ਹੋਣ ਵੇਲੇ ਤਕ ਜੰਗ ਵਿਚ ਮਰੇ ਤੇ ਫਟੜ ਹੋ ਗਏ ਸਨ, ਬਾਕੀ ਸਤ ਹਜ਼ਾਰ ਕੈਦ ਵਿਚ ਮਰ ਗਏ। 27 ਹਜ਼ਾਰ ਵਿਚੋਂ ਸਿਰਫ ਸਤ ਹਜ਼ਾਰ ਜੀਉਂਦੇ ਵਾਪਸ ਆਏ। ਏਹ ਸਾਰੇ ਹਾਲ ਭਾਈ ਮਸਤਾਨ ਸਿੰਘ ਜੀ ਨੇ ਆਪਣੀ ਲਿਖੀ ਕਿਤਾਬ 'ਸੂਰਬੀਰ ਫੌਜ' ਵਿਚ ਛਾਪੇ ਹਨ। ਏਹ ਸਭ ਸੱਜਣ ਢਾਈ ਸਾਲ ਤੁਰਕਾਂ ਦੀ ਕੈਦ ਵਿਚ ਰਹੇ। ਅਰਬੀ ਲੋਕ ਕੈਦੀਆਂ ਨਾਲ ਬਹੁਤ ਭੈੜਾ ਸਲੂਕ ਕਰਦੇ ਸਨ। ਭਾਈ ਮਸਤਾਨ ਸਿੰਘ ਜੀ ਨੇ ਏਸ ਕਿਤਾਬ ਵਿਚ ਸ. ਹਰਿਬਚਨ ਸਿੰਘ ਜੀ ਦੇ ਗੁਰਮੁਖ ਜੀਵਨ ਬਾਰੇ ਕਵਿਤਾ ਵਿਚ ਇਉਂ ਲਿਖਿਆ ਹੈ -

**ਬੈਂਤ**

*ਸੋਹਣੇ ਸਿਖ ਗੁਰਚਰਨਾਂ ਦੇ ਪਿਆਰ ਵਾਲੇ,*
*ਨਾਉਂ ਹਰਿਬਚਨ ਸਿੰਘ ਅਖਵਾਉਂਦੇ ਸੀ।*
*ਜਪੀ ਤਪੀ ਤੇ ਸਿਦਕ ਭਰੋਸੇ ਵਾਲੇ,*
*ਕੀਰਤਨ ਹਰੀ ਭਗਵਾਨ ਦਾ ਗਾਉਂਦੇ ਸੀ।*
*ਸਾਡੀ ਫੌਜ ਦੇ ਹੈੱਡ ਕਲਰਕ ਸਨ ਉਹ,*
*ਸੋਹਣਾ ਦਫਤਰ ਦਾ ਕੰਮ ਚਲਾਉਂਦੇ ਸੀ।*
*ਪਿੰਡ ਗੁਰੂ ਜੰਡਿਆਲਾ ਸੀ ਸੋਹਣਿਆਂ ਦਾ,*
*ਅੰਮ੍ਰਿਤਸਰ ਅੰਦਰ ਸੋਭਾ ਪਾਉਂਦੇ ਸੀ।*
*ਖਾਨਦਾਨ ਦੇ ਉਹ ਸਰਦਾਰ ਬਾਂਕੇ,*
*ਭਾਈਆਂ ਦੇ ਭਾਈ ਸਦਾਉਂਦੇ ਸੀ।*
*ਏਹ ਰੈਂਕ ਡਰੈਕਟਰੀ ਆਣ ਲਗੇ,*
*ਮਾਨ ਤਾਨ ਨ ਜ਼ਰਾ ਵਿਖਾਉਂਦੇ ਸੀ।*
*ਹੋਰ ਭਾਈ ਸਾਰੇ ਲਗੇ ਪੁਲਸ ਅੰਦਰ*
*ਅਫਸਰ ਵਡੇ ਤੋਂ ਵਡੇ ਸਦਵਾਉਂਦੇ ਸੀ।*
*ਭਾਵੇਂ ਕਰਨ ਕੀਰਤਨ ਭਾਵੇਂ ਸੁਣਨ ਕੀਰਤਨ,*
*ਬੈਠ ਚੌਂਕੜਾ ਜਦੋਂ ਜਮਾਉਂਦੇ ਸੀ।*
*ਸੁਰਤ ਫੌਰਨ ਕਰਤਾਰ ਦੇ ਨਾਲ ਜੁੜਦੀ,*
*ਝਟ ਆਪਣਾ ਆਪ ਭੁਲਾਉਂਦੇ ਸੀ।*
*ਦਾਨੀ ਐਸੇ ਮੈਂ ਸਿਫਤ ਕੀ ਕਰਾਂ ਵੀਰੋ,*
*ਸਿਖਾਂ ਸੰਤਾਂ ਨੂੰ ਛਕ ਛਕਾਉਂਦੇ ਸੀ।*
*ਨੰਗਾ ਭੁੱਖਾ ਜੇ ਰੱਬ ਦਾ ਦਿਸੇ ਬੰਦਾ,*
*ਤਨ ਤੋਂ ਕਪੜੇ ਖੋਲ੍ਹ ਪਹਿਨਾਉਂਦੇ ਸੀ।*
*ਰੱਬੀ ਸਿਫਤਾਂ ਜੇ ਖੋਲ੍ਹ ਕੇ ਲਿਖਾਂ ਏਥੇ,*
*ਸਿਆਹੀ ਕਾਗਜ਼ਾਂ ਅੰਤ ਨਾ ਆਉਂਦੇ ਸੀ।*
*ਭਾਰੀ ਸਜੇ ਦੀਵਾਨ ਜੇ ਖਾਲਸੇ ਦੇ,*
*ਸਾਫ ਕਰਨ ਜੋੜੇ ਚਿਤ ਲਾਉਂਦੇ ਸੀ।*
*ਫੇਰ ਓਥੇ ਹੀ ਚੌਂਕੜਾ ਲਾ ਬਹਿੰਦੇ,*
*ਨੈਣ ਮੀਟ ਕੇ ਬਿਰਤੀ ਟਿਕਾਉਂਦੇ ਸੀ।*
*ਦਾੜ੍ਹਾ ਬਰਫ ਸਫੈਦ ਤੇ ਨੀਰ ਚੇਹਰਾ,*
*ਪੱਥਰ-ਦਿੱਲਾਂ ਉਤੇ ਅਸਰ ਪਾਉਂਦੇ ਸੀ।*
*ਬੰਨੂ-ਟਾਂਕ ਕੋਹਾਟ ਪਠਾਣ ਬੱਚੇ,*
*ਸਭੇ ਚਰਨਾਂ ਤੇ ਸੀਸ ਝੁਕਾਉਂਦੇ ਸੀ।*
*ਤੁਰਕੀ ਕੈਦ ਅੰਦਰ ਬਸਤਰ ਕੈਦੀਆਂ ਦੇ,*
*ਲਖਾਂ ਕਰੋੜਾਂ ਦੇ ਜਿਹੜੇ ਸਦਾਉਂਦੇ ਸੀ।*
*ਤੁਰਕੀ ਅਫਸਰਾਂ ਨੇ ਦਿਤੇ ਹੱਥ ਏਹਨਾਂ,*
*ਸਾਰੇ ਕੈਦੀਆਂ ਵੰਡਦੇ ਜਾਉਂਦੇ ਸੀ।*
*ਬਿਪਤਾ ਸਮੇਂ ਨ ਆਪ ਨੇ ਲੀਰ ਰਖੀ,*
*ਇਡੇ ਸਬਰ ਸੰਤੋਖ ਤੇ ਆਉਂਦੇ ਸੀ।*
*ਮੇਰੇ ਮਿੱਤਰ ਏਹ ਰੱਬ ਦੇ ਰੰਗ ਵਾਲੇ,*
*ਗੁਰੂ ਪੰਥ ਦੇ ਹੀਰੇ ਅਖਵਾਉਂਦੇ ਸੀ।*
*ਮੇਰੇ ਨਾਲ ਸਨ ਪਿਆਰ ਅਪਾਰ ਕਰਦੇ,*
*ਮੇਰੇ ਔਗੁਣ ਨ ਜਰਾ ਜਤਾਉਂਦੇ ਸੀ।*
*ਕੇਵਲ ਕੀਰਤਨ ਕਰਤਾਰ ਦਾ ਸੁਣਨ ਖਾਤਰ,*
*ਮੇਰੇ ਸਦਕੜੇ ਵਾਰਨੇ ਜਾਉਂਦੇ ਸੀ।*
*ਮੈਥੋਂ ਕੁਛ ਲੁਕੋ ਨ ਰਖਦੇ ਸੀ,*
*ਨਾਤਾ ਸਿੱਖੀ ਦਾ ਪੂਰਾ ਨਿਭਾਉਂਦੇ ਸੀ।*
*ਹਾਇ ਓਏ ਰੱਬਾ ਕਿਉਂ ਅੱਖਾਂ ਤੋਂ ਦੂਰ ਹੋ ਗਏ,*
*ਰੱਬੀ ਰੰਗ ਅੰਦਰ ਮੈਨੂੰ ਲਿਆਉਂਦੇ ਸੀ।*
*ਚਰਨਾਂ ਉਨ੍ਹਾਂ ਦੇ ਵਿਚ ਮੈਂ ਮਉਜ ਮਾਣੀ,*
*ਇਕੱਠੇ ਬੈਠੇ ਜਸ ਹਰੀ ਦਾ ਗਾਉਂਦੇ ਸੀ।*
*ਨੇੜੇ ਮਿਲੀ ਓਕਾੜੇ ਜ਼ਮੀਨ ਓਹਨਾਂ,*
*ਭਾਗ ਜ਼ਿਲੇ ਮਿੰਟਗੁਮਰੀ ਲਾਉਂਦੇ ਸੀ।*
*ਚੱਕ ਬਵੰਜਾ ਟੂ.ਐਲ. ਸੀ ਸੰਤ ਜੀ ਦਾ,*
*ਓਥੇ ਵਡੇ ਸਰਦਾਰ ਸਦਾਉਂਦੇ ਸੀ।*
*ਹੋਏ ਅੱਠ ਨੌਂ ਸਾਲ ਗਏ ਰੱਬ ਕੋਲੇ,*
*ਭਗਤਾਂ ਵਿਚ ਬੈਠੇ ਸੋਭਾ ਪਾਉਂਦੇ ਜੀ।*
*ਹੋਇ ਕੇ ਬਾਵਰਾ ਫਿਰਾਂ ਸੰਸਾਰ ਉਤੇ,*
*ਐਸੇ ਮਿੱਤਰ ਨ ਕਿਤੇ ਦਿਸ ਆਉਂਦੇ ਜੀ।*

ਭਾਈ ਮਤਸਾਨ ਸਿੰਘ ਜੀ ਅੱਜ ਕਲ੍ਹ ਪਿੰਡ ਬਾੜੇਵਾਲ ਅਵਾਣਾ ਜ਼ਿਲਾ ਲੁਧਿਆਣਾ ਵਿਚ ਰਹਿੰਦੇ ਹਨ। ਆਪ ਨੇ ਇਹ ਕਿਤਾਬ 1953 ਈ: ਵਿਚ ਛਾਪੀ ਸੀ। ਸ. ਹਰਿਬਚਨ ਸਿੰਘ 1944-45 ਵਿਚ ਚੜ੍ਹਾਈ ਕਰ ਗਏ ਸਨ।

*'ਚਲਦਾ'*

L L L L L L

# ਵਿਦੇਸ਼ ਫੇਰੀ

**_ਪ੍ਰੋ. ਗੁਰਦੇਵ ਸਿੰਘ_**

ਇਸ ਲੜੀਵਾਰ ਲੇਖ ਰਾਹੀਂ ਪਾਠਕਾਂ ਨੂੰ ਇਹ ਦੱਸਣ ਦਾ ਯਤਨ ਕੀਤਾ ਜਾ ਰਿਹਾ ਹੈ ਕਿ ਬਾਬਾ ਜੀ ਦੇ ਪਿਆਰ ਵਿਚ ਪਰੋਤੀਆਂ ਸੰਗਤਾਂ ਨੇ ਉਨ੍ਹਾਂ ਦੀ ਇਸ ਪ੍ਰਚਾਰ ਫੇਰੀ ਨੂੰ ਕਿੰਨੇ ਮਹੱਤਵ ਨਾਲ ਵੇਖਣ ਦਾ ਯਤਨ ਕੀਤਾ ਤੇ ਕਿਸ ਤਰ੍ਹਾਂ ਨਾਲ ਆਪਣੇ ਪ੍ਰੇਮ ਭਾਵਾਂ ਨੂੰ ਉਨ੍ਹਾਂ ਤਕ ਪਹੁੰਚਾਉਣ ਲਈ ਪ੍ਰੇਮ ਸ਼ਰਧਾ ਦਾ ਪ੍ਰਗਟਾਵਾ ਕਰਕੇ ਖੁਸ਼ੀਆਂ ਪ੍ਰਾਪਤ ਕੀਤੀਆਂ। ਐਸੇ ਗੁਰਮੁਖ ਪਿਆਰਿਆਂ ਤੋਂ, ਜਿਨ੍ਹਾਂ ਦੇ ਦਰਸ਼ਨ ਕਰਕੇ ਅਤੇ ਉਨ੍ਹਾਂ ਦੇ ਬਚਨ ਸਰਵਣ ਕਰਕੇ ਗੁਰੂ ਘਰ ਨਾਲ ਜੁੜਨ ਦੀ ਪ੍ਰੇਰਨਾ ਮਿਲਦੀ ਹੈ, ਉਨ੍ਹਾਂ ਦਾ ਆਪਣੀ ਮੌਜ ਵਿਚ ਕਿਧਰੇ ਵੀ ਜਾਣਾ, ਰੰਗ ਵਿਚ ਹਸਣਾ, ਬੋਲਣਾ ਆਦਿ ਇਹ ਸਾਰੀਆਂ ਕਿਰਿਆਵਾਂ ਬੇ-ਵਜਾਹ ਨਹੀਂ ਹੋਇਆ ਕਰਦੀਆਂ, ਉਨ੍ਹਾਂ ਦੇ ਪਿਛੇ ਕੋਈ ਨਾ ਕੋਈ ਐਸੀ ਖੇਡ ਹੁੰਦੀ ਹੈ ਜਿਸ ਨੂੰ ਕੇਵਲ ਵਾਹਿਗੁਰੂ ਦਾ ਹੁਕਮ ਹੀ ਕਿਹਾ ਜਾ ਸਕਦਾ ਹੈ ਕਿਉਂਕਿ ਉਹ ਆਪਣੀ ਖੇਡ ਨੂੰ ਆਪ ਹੀ ਜਾਣ ਸਕਦੇ ਹਨ। ਇਹ ਗੱਲਾਂ ਆਮ ਮਨੁੱਖ ਜਾਂ ਜਗਿਆਸੂ ਦੀ ਸਮਝ ਤੋਂ ਪਰ੍ਹੇ ਦੀਆਂ ਹਨ ਜਾਂ ਫਿਰ

***ਬ੍ਰਹਮਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ॥***
***ਪੰਨਾ - 273***

ਪਿਛੇ ਅਸੀਂ ਜ਼ਿਕਰ ਕਰ ਆਏ ਹਾਂ ਕਿ ਯੂਬਾਸਿਟੀ ਵਿਖੇ ਤੱਖਰ ਪਰਿਵਾਰ ਦੇ ਨਵੇਂ ਬਣ ਰਹੇ ਗੈਸ ਸਟੇਸ਼ਨ ਤੋਂ ਵਿਚਰਦੇ ਹੋਏ ਸਰਦਾਰ ਰਸ਼ਪਾਲ ਸਿੰਘ ਤੱਖਰ ਦੇ ਗ੍ਰਹਿ ਵਿਖੇ ਰੁਕੇ ਜੋ ਕਿ ਆਪਣੀ ਨੌਕਰੀ ਤੋਂ ਰਿਟਾਇਰ ਹੋ ਕੇ ਜੀਵਨ ਬਤੀਤ ਕਰ ਰਹੇ ਸਨ ਅਤੇ ਉਨ੍ਹਾਂ ਦੇ ਪਰਿਵਾਰ ਵਲੋਂ ਜੀ ਆਇਆਂ ਆਖਿਆ ਗਿਆ ਤੇ ਉਨ੍ਹਾਂ ਨੇ ਆਤਮ ਮਾਰਗ ਦੇ ਮੈਂਬਰ ਬਣਾਉਣ ਲਈ ਰਸੀਦ ਲਈ। ਉਪਰੰਤ ਸਰਦਾਰ ਗੁਰਸੇਮ ਸਿੰਘ ਬਾਸੀ ਦੇ ਗ੍ਰਹਿ ਵਿਖੇ ਚਰਨ ਪਾਏ ਤੇ ਉਨ੍ਹਾਂ ਨੇ ਪਿਆਰ ਤੇ ਸ਼ਰਧਾ ਰਾਹੀਂ ਮਹਾਂਪੁਰਖਾਂ ਦੀਆਂ ਅਸੀਸਾਂ ਪ੍ਰਾਪਤ ਕੀਤੀਆਂ। ਉਸ ਤੋਂ ਬਾਅਦ ਬੀਬੀ ਜਸਬੀਰ ਕੌਰ ਜਿਨ੍ਹਾਂ ਦੇ ਪਤੀ ਅਕਾਲ ਚਲਾਣਾ ਕਰ ਚੁਕੇ ਸਨ - ਭਾਈ ਨਾਨਕ ਸਿੰਘ ਜੀ, ਬਾਬਾ ਜੀ ਦੇ ਬਹੁਤ ਪਿਆਰ ਵਾਲੇ ਪ੍ਰੇਮੀ ਸਨ। ਬਾਬਾ ਜੀ ਦੀਆਂ ਵੀਡੀਓ ਕੈਸਟਾਂ ਆਪਣੇ ਵਲੋਂ ਕਾਪੀ ਕਰਵਾ ਕੇ ਫਰ੍ਹੀ ਸੇਵਾ ਕਰਿਆ ਕਰਦੇ ਸਨ, ਉਨ੍ਹਾਂ ਦੇ ਬੱਚੇ ਨੂੰ ਬਾਬਾ ਜੀ ਨੇ ਪਿਆਰ ਭਰਿਆ ਅਸ਼ੀਰਵਾਦ ਦਿਤਾ ਤੇ ਬੀਬੀ ਨੂੰ ਪਿਤਾ ਰੂਪ ਵਿਚ ਪਿਆਰ ਭਰੀ ਅਸੀਸ ਦਿਤੀ ਤੇ ਧੀਰਜ ਦਿਤਾ ਕਿ ਬੱਚੇ ਦੀ ਪਾਲਣਾ ਕਰੋ ਤੇ ਗੁਰੂ ਪ੍ਰੇਮ ਵਿਚ ਰਹਿ ਕੇ ਨਾਮ ਬਾਣੀ ਦਾ ਸਿਮਰਨ ਕਰੋ। ਉਪਰੰਤ ਬੀਬੀ ਰਣਜੀਤ ਕੌਰ ਰਾਇ ਦੇ ਗ੍ਰਹਿ ਵਿਖੇ ਚਰਨ ਪਾਏ ਜੋ ਕਿ ਭਾਈ ਕੁਲਦੀਪ ਸਿੰਘ ਸ਼ੇਰਗਿੱਲ ਸੈਨਹੋਜ਼ੇ ਵਾਲਿਆਂ ਦੇ ਭੈਣ ਜੀ ਹਨ। ਇਥੇ ਜਿਉਂ ਹੀ ਬਾਬਾ ਜੀ ਨੇ ਗ੍ਰਹਿ ਪ੍ਰਵੇਸ਼ ਕੀਤਾ ਤਾਂ ਉਸ ਵੇਲੇ 50 ਦੇ ਕਰੀਬ ਬੀਬੀਆਂ ਨੇ ਧਾਰਨਾ ਦੀਆਂ ਧੁਨਾਂ ਗਾ ਕੇ ਬਾਬਾ ਜੀ ਨੂੰ ਜੀ ਆਇਆਂ ਆਖਿਆ ਜੋ ਕਿ ਪਹਿਲਾਂ ਹੀ ਇਨ੍ਹਾਂ ਦੇ ਘਰ ਕੀਰਤਨ ਕਰ ਰਹੀਆਂ ਸਨ। ਇਥੇ ਸੰਗਤ ਦਾ ਇੰਨਾ ਇਕੱਠ ਹੋ ਗਿਆ ਕਿ ਸੰਗਤ ਘਰ ਦੇ ਅੰਦਰ ਸਮਾਅ ਨਹੀਂ ਰਹੀ ਸੀ, ਪ੍ਰੇਮੀ ਬਾਹਰ ਬੈਠੇ ਸਨ। ਸਾਰਿਆਂ ਨੇ ਵਾਰੋ ਵਾਰੀ ਅਸ਼ੀਰਵਾਦ ਲਿਆ ਤੇ ਆਪਣੀ ਸ਼ਰਧਾ ਤੇ ਪਿਆਰ ਦਾ ਇਜ਼ਹਾਰ ਕੀਤਾ। ਬੀਬੀ ਰਣਜੀਤ ਕੌਰ ਦੀਆਂ ਅੱਖਾਂ ਸੇਜਲ ਸਨ ਤੇ ਉਨ੍ਹਾਂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਨੂੰ ਮੈਗਜ਼ੀਨ ਵਿਚ 'ਕਿਵ ਸਚਿਆਰਾ ਹੋਈਐ' ਦਾ ਰੂਹਾਨੀ ਲੇਖ ਬਹੁਤ ਚੰਗਾ ਲਗਦਾ ਹੈ ਅਤੇ ਭਾਈ ਤਿਲੋਕਾ ਜੀ ਰਾਹੀਂ ਰਾਜਕੁਮਾਰੀ ਨੂੰ ਦਿਤਾ ਜਾਂਦਾ ਰੂਹਾਨੀ ਉਪਦੇਸ਼ ਬਹੁਤ ਪ੍ਰਭਾਵਸ਼ਾਲੀ ਹੈ ਤੇ ਆਤਮਕ ਹੁਲਾਰਾ ਦੇ ਕੇ ਵੈਰਾਗ ਵਿਚ ਲੈ ਜਾਂਦਾ ਹੈ। ਬਾਬਾ ਜੀ ਨੇ ਆਪਣੇ ਪ੍ਰਵਚਨਾਂ ਦੁਆਰਾ ਦੱਸਿਆ ਕਿ ਵਾਹਿਗੁਰੂ ਦੇ ਸਿਮਰਨ ਵਿਚ ਐਨੀ ਤਾਕਤ ਹੈ ਕਿ ਕਾਲ ਨੂੰ ਵੀ ਉਸ ਦਾ ਕਿਹਾ ਮੰਨਣਾ ਪੈਂਦਾ ਹੈ।

***ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥ ਪੰਨਾ - 262***

ਇਸ ਪ੍ਰਥਾਇ ਬਾਬਾ ਜੀ ਨੇ ਸੰਗਤ ਨੂੰ ਬੀਬੀ ਮੀਤੋ (ਗੁਰਮੀਤ ਕੌਰ) ਦੀ ਵਾਰਤਾ ਸੁਣਈ ਜੋ ਸਾਧੂਗੜ੍ਹ ਨੇੜੇ ਬੀਬੀਪੁਰ ਦੇ ਰਹਿਣ ਵਾਲੀ ਸੀ। ਉਸ ਨੂੰ 14-15 ਸਾਲ ਦੀ ਉਮਰ ਵਿਚ ਭਜਨ ਕਰਕੇ ਇਹ ਸੋਝੀ ਪ੍ਰਾਪਤ ਹੋ ਗਈ ਸੀ। ਉਹ ਅਖੰਡਪਾਠ ਬਹੁਤ ਹੀ ਰਸ ਭਰੀ ਸੁਰੀਲੀ ਆਵਾਜ਼ ਵਿਚ ਕਰਿਆ ਕਰਦੀ ਸੀ। ਸਾਰੇ ਨਗਰ ਵਾਲੇ ਪਿਆਰ ਨਾਲ ਉਸ ਨੂੰ ਮੀਤੋ ਕਿਹਾ ਕਰਦੇ ਸਨ। ਉਸ ਨੇ ਕਹਿਣਾ ਕਿ ਮੇਰਾ ਵਿਆਹ ਨਹੀਂ ਕਰਨਾ, ਮੈਂ ਸੰਸਾਰ ਤੋਂ ਚਲੇ ਜਾਣਾ ਹੈ। ਅੰਤ ਉਹ ਦਿਨ ਆ ਗਿਆ ਜਿਸ ਦਿਨ ਉਸ ਨੇ ਸੰਸਾਰ ਤੋਂ ਜਾਣਾ ਸੀ। ਉਸ ਨੇ ਇਕ ਦਿਨ ਕੰਧ ਵਲ ਮੂੰਹ ਕਰਕੇ ਪਹਿਲਾਂ ਰਹਿਰਾਸ ਦਾ ਪਾਠ ਕੀਤਾ, ਮਾਂ ਨੇ ਕਿਹਾ ਇਉਂ ਕਿਉਂ ਕਰਦੀ ਹੈਂ? ਉਸ ਨੇ ਕਿਹਾ ਕਿ ਬੀਜੀ! ਮੈਂ ਕਲ੍ਹ ਨੂੰ ਚਲੀ ਜਾਣਾ ਹੈ। ਮੈਂ ਕੰਧਾਂ ਭੀ ਪਵਿੱਤਰ ਕਰ ਰਹੀ ਹਾਂ, ਦੂਜੇ ਆਪਣੇ ਪਿਤਾ ਜੀ ਨੂੰ ਰਾਜਪੁਰੇ ਕੰਮ ਤੇ ਜਾਣੋਂ ਵਰਜਿਆ ਤੇ ਕਿਹਾ ਕਿ ਮੈਂ ਬਾਰਾਂ ਵਜੇ ਦੁਪਹਿਰੇ ਚਲੀ ਜਾਣਾ ਹੈ ਪਰ ਉਸ ਦਾ ਪਿਤਾ ਖਾਦ ਲੈਣ ਲਈ ਰਾਜਪੁਰੇ ਗੱਡਾ ਲੈ ਕੇ ਚਲਿਆ ਗਿਆ। ਉਸ ਨੇ ਪਹਿਲਾਂ ਸਾਰੇ ਪਿੰਡ ਵਿਚ ਅਤੇ ਘਰਦਿਆਂ ਨੂੰ, ਆਪਣੇ ਪਿਤਾ ਨੂੰ ਦਸ ਦਿਤਾ ਸੀ ਕਿ ਮੈਂ ਫਲਾਣੇ ਦਿਨ ਫਲਾਣੇ ਟਾਇਮ ਸਰੀਰ ਛੱਡ ਦੇਣਾ ਹੈ। ਉਹ ਤਿਆਰ ਹੋ ਗਈ, ਪਲੰਘ ਤੇ ਨਵਾਂ ਬਿਸਤਰਾ ਵਿਛਾ ਦਿਤਾ ਅਤੇ ਮਾਂ ਨੂੰ ਕਿਹਾ ਕਿ ਮੈਨੂੰ ਗੁਰੂ ਪਿਆਰੇ ਸਿੰਘਾਂ ਨੇ ਲੈਣ ਆਉਣਾ ਹੈ, ਉਹ ਇਥੇ ਥੋੜ੍ਹੀ ਦੇਰ ਵਿਸਰਾਮ ਕਰਨਗੇ, ਮੈਨੂੰ ਇਕ ਉਲਟੀ ਆਵੇਗੀ ਤੇ ਮੈਂ ਸਰੀਰ ਛੱਡ ਦੇਵਾਂਗੀ। ਉਸ ਦੇ ਪਿਤਾ ਸ਼ਹਿਰ ਗਏ ਹੋਏ ਸਨ ਤੇ ਉਸ ਨੂੰ ਸਿੰਘ ਲੈਣ ਵਾਸਤੇ ਆਏ ਤਾਂ ਉਸ ਨੇ ਕਿਹਾ ਕਿ ਮੈਨੂੰ ਪਿਤਾ ਜੀ ਦੇ ਆਏ ਤੇ ਲੈ ਜਾਣਾ। ਪਿਤਾ ਜੀ ਸ਼ਾਮ ਨੂੰ ਆਏ। ਉਸ ਨੇ ਕਿਹਾ ਕਿ ਪਿਤਾ ਜੀ! ਸਿੰਘ ਮੁੜ ਗਏ ਹਨ, ਹੁਣ ਮੈਂ ਦਸ ਵਜੇ ਚਲੀ ਜਾਣਾ ਹੈ। ਦਸ ਵਜੇ ਉਸ ਨੂੰ ਉਲਟੀ ਆਈ, ਆਪ ਹੀ ਸੁਆਹ ਬਾਹਰ ਸੁੱਟ ਆਈ ਤੇ ਕਹਿੰਦੀ ਕਿ ਹਾਲੇ ਮੈਂ ਪਿਤਾ ਜੀ ਨੂੰ ਮਿਲ ਕੇ ਜਾਣਾ ਹੈ।

ਫੇਰ ਉਸ ਤੋਂ ਉਪਰੰਤ ਹੇਠਾਂ ਕਪੜਾ ਵਿਛਾ ਕੇ ਲੇਟ ਗਈ ਤੇ ਸਭ ਨੂੰ ਫਤਹਿ ਬੁਲਾ ਕੇ ਸਰੀਰ ਛੱਡ ਦਿਤਾ ਜਿਵੇਂ ਸੱਪ ਕੁੰਜ ਤਿਆਗ ਦਿੰਦਾ ਹੈ। ਨਾਮ ਜਪਣ ਵਾਲੇ ਨੂੰ ਇਹ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਕਿ –

***ਗੁਰਮੁਖਿ ਆਵੈ ਜਾਇ ਨਿਸੰਗੁ॥ ਪੰਨਾ – 932***

ਬਾਬਾ ਜੀ ਦੇ ਪ੍ਰਵਚਨਾਂ ਤੇ ਉਨ੍ਹਾਂ ਦੇ ਰੂਹਾਨੀ ਓਰੇ ਤੋਂ ਪ੍ਰਭਾਵਿਤ ਹੋ ਕੇ ਇਥੇ ਕਈ ਬੀਬੀਆਂ ਨੇ ਆਤਮ ਮਾਰਗ ਦੀ ਮੈਂਬਰਸ਼ਿਪ ਲੈਣ ਲਈ ਕਿਹਾ ਅਤੇ ਇਕ ਪ੍ਰੇਮੀ, ਜਿਨ੍ਹਾਂ ਦਾ ਨਾਮ ਸਰਦਾਰ ਸੰਤੋਖ ਸਿੰਘ ਗਿੱਲ ਹੈ, ਬਾਬਾ ਜੀ ਦੇ ਨੇੜੇ ਆ ਕੇ ਨਮਸ਼ਕਾਰ ਕੀਤੀ ਅਤੇ ਕਿਹਾ ਕਿ ਮੈਂ ਇਸ ਮੈਗਜ਼ੀਨ ਦੀ ਲਾਈਫ ਮੈਂਬਰਸ਼ਿਪ ਲੈਣਾ ਚਾਹੁੰਦਾ ਹਾਂ ਕਿਉਂਕਿ ਇਸ ਬਾਰੇ ਬਹੁਤ ਸੁਣਿਆ ਹੈ ਕਿ ਇਸ ਨੂੰ ਪੜ੍ਹ ਕੇ ਗੁਰਬਾਣੀ ਦੇ ਗੁੱਝੇ ਭੇਦ ਸਮਝ ਪੈਂਦੇ ਹਨ ਤੇ ਰੂਹਾਨੀ ਸੂਝ ਪ੍ਰਾਪਤ ਹੁੰਦੀ ਹੈ। ਇਹ ਕਹਿਣ ਲੱਗੇ ਕਿ ਮੈਂ ਕਲ੍ਹ ਇੰਡੀਆ ਜਾ ਰਿਹਾ ਹਾਂ ਪਰ ਮੈਨੂੰ ਤੁਸੀਂ ਰਸੀਦ ਕੱਟ ਦਿਓ ਤੇ ਹੁਣੇ ਆਪ ਨੂੰ ਚੈਕ ਲਿਆ ਕੇ ਦੇ ਰਿਹਾ ਹਾਂ। ਇੰਨੇ ਨੂੰ ਸਮਾਂ ਦੁਪਹਿਰ ਬਾਅਦ ਸਾਢੇ ਤਿੰਨ ਦਾ ਹੋ ਚੁਕਿਆ ਸੀ। ਬਾਬਾ ਜੀ ਨੇ ਇਕ ਦੋ ਥਾਵਾਂ ਤੇ ਹੋ ਕੇ ਸ਼ਾਮ ਨੂੰ ਸਟਾਕਟਨ ਗੁਰਦੁਆਰਾ ਸਾਹਿਬ ਵਿਖੇ ਦੀਵਾਨ ਲਾਉਣ ਲਈ ਪੁਜਣਾ ਸੀ, ਸਾਰੀਆਂ ਸੰਗਤਾਂ ਨੇ ਬਾਬਾ ਜੀ ਨੂੰ ਪਿਆਰ ਨਾਲ ਵਿਦਾ ਕੀਤਾ ਤੇ ਅਸੀਂ ਸਰਦਾਰ ਸੰਤੋਖ ਸਿੰਘ ਹੋਰਾਂ ਦਾ ਇੰਤਜ਼ਾਰ ਕਰਨ ਲਗ ਪਏ ਤੇ ਇਹ, ਵੀਹ ਕੁ ਮਿੰਟਾਂ ਵਿਚ ਵਾਪਸ ਆਏ ਤੇ ਆਤਮ ਮਾਰਗ ਦੀ ਮੈਂਬਰਸ਼ਿਪ ਦਾ ਚੈਕ ਦੇ ਕੇ ਗਏ। ਜਥੇ ਦੇ ਸਿੰਘ ਵੀ ਸਟਾਕਟਨ ਗੁਰਦੁਆਰਾ ਸਾਹਿਬ ਲਈ ਰਵਾਨਾ ਹੋਏ ਕਿਉਂਕਿ ਬਾਬਾ ਜੀ ਤੋਂ ਪਹਿਲਾਂ ਜਥੇ ਦਾ ਕੀਰਤਨ ਹੁੰਦਾ ਸੀ ਇਸ ਕਰਕੇ ਪਹਿਲਾਂ ਪੁਜਣਾ ਜ਼ਰੂਰੀ ਹੁੰਦਾ ਸੀ।

ਵਾਪਸੀ ਤੇ ਬਾਬਾ ਜੀ, ਸਰਦਾਰ ਮਹਿੰਦਰ ਸਿੰਘ ਗਿੱਲ ਜੋ ਕਿ ਬਾਬਾ ਜੀ ਦੀ ਕਾਰ ਦੀ ਡਰਾਈਵਿੰਗ ਦੀ ਸੇਵਾ ਨਿਭਾ ਰਹੇ ਸਨ, ਉਨ੍ਹਾਂ ਦੇ ਛੋਟੇ ਭਰਾ ਦੇ ਸਹੁਰੇ ਘਰ ਪਹੁੰਚੇ। ਉਥੇ ਇਕ ਪੜ੍ਹੀ ਲਿਖੀ ਵਿਚਾਰਵਾਨ ਤੇ ਸੁਸਾਇਟੀ ਸਭਾਵਾਂ ਵਿਚ ਲੈਕਚਰ ਦੇਣ ਵਾਲੀ ਬੀਬੀ ਨਾਲ ਬਚਨ ਹੋਏ। ਇਸ ਬੀਬੀ ਨੇ ਕੁਝ ਸੁਆਲ ਇਕ ਕਾਗਜ਼ ਤੇ ਲਿਖ ਕੇ ਰੱਖੇ ਹੋਏ ਸਨ ਤੇ ਉਹ ਇਨ੍ਹਾਂ ਦੇ ਸੁਆਲਾਂ ਦੇ ਜੁਆਬ ਪੁਛਣ ਲਈ ਬੇਤਾਬ ਸੀ। ਇਸ ਤੋਂ ਪਹਿਲਾਂ ਕਿ ਉਹ ਸਵਾਲ ਕਰਦੀ, ਬਾਬਾ ਜੀ ਨੇ ਇਹ ਕਹਿ ਕੇ ਪ੍ਰਵਚਨ ਸ਼ੁਰੂ ਕਰ ਦਿਤੇ ਕਿ –

***ਦਮੜਾ ਤਿਸੀ ਕਾ ਜੋ ਖਰਚੈ ਅਰ ਖਾਇ॥***
***ਦੇਵੈ ਦਿਲਾਵੈ ਰਜਾਵੈ ਖੁਦਾਇ॥***
***ਹੋਤਾ ਨ ਰਾਖੈ ਅਕੇਲਾ ਨ ਖਾਇ॥***
***ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ॥***

***ਨਸੀਹਤਨਾਮਾ***

ਤੇ ਪ੍ਰਵਚਨ ਕਰਦਿਆਂ ਇਕ ਘੰਟਾ ਲਗ ਗਿਆ ਤੇ ਸਰਦਾਰ ਮਹਿੰਦਰ ਸਿੰਘ ਨੇ ਪੁਛਿਆ ਕਿ ਤੁਸੀਂ ਜੋ ਲਿਖਿਆ ਸੀ, ਪੁਛ ਲੈਂਦੇ ਤਾਂ ਉਹ ਕਹਿਣ ਲੱਗੀ ਕਿ ਮੈਂ ਜੋ ਸਵਾਲ ਲਿਖੇ ਸਨ, ਸਾਰਿਆਂ ਸਵਾਲਾਂ ਦੇ ਜਵਾਬ ਬਾਬਾ ਜੀ ਨੇ ਦੇ ਦਿਤੇ ਹਨ ਤੇ ਮੈਨੂੰ ਪੂਰੀ ਤਸੱਲੀ ਹੋ ਗਈ ਹੈ, ਮੈਂ ਬਾਬਾ ਜੀ ਦੇ ਪ੍ਰਵਚਨਾਂ ਤੇ ਦਰਸ਼ਨਾਂ ਤੋਂ ਬਹੁਤ ਪ੍ਰਭਾਵਿਤ ਤੇ ਪ੍ਰਸੰਨ ਹੋਈ ਹਾਂ।

ਇਸੇ ਸਬੰਧ ਵਿਚ ਦਾਸ ਆਪ ਨੂੰ ਇਕ ਅੱਖੀਂ ਡਿੱਠੀ ਵਾਰਤਾ ਦਸਣਾ ਚਾਹੁੰਦਾ ਹੈ ਕਿ ਇਹ ਸੰਨ 1982–83 ਦੀ ਗੱਲ ਹੈ ਕਿ ਮੈਨੂੰ ਹਾਂਗਕਾਂਗ ਜਾਣ ਦਾ ਅਵਸਰ ਪ੍ਰਾਪਤ ਹੋਇਆ ਤੇ ਉਥੇ ਸਰਦਾਰ ਸਰਮੁਖ ਸਿੰਘ ਪੰਨੂੰ, ਐਸ.ਐਸ.ਪੀ. ਹਾਂਗਕਾਂਗ ਹੋਰਾਂ ਨਾਲ ਮੇਲ ਹੋਇਆ ਤੇ ਉਨ੍ਹਾਂ ਨੂੰ ਬਾਬਾ ਜੀ ਦੁਆਰਾ ਰੋਪੜ ਦੇ ਇਲਾਕੇ ਵਿਚ ਪ੍ਰਚਾਰ ਮੁਹਿੰਮ, ਸੰਗਤਾਂ ਨਾਲ ਪਿਆਰ ਤੇ ਨਿਸ਼ਕਾਮ ਸੇਵਾ ਬਾਰੇ ਜ਼ਿਕਰ ਕੀਤਾ ਕਿਉਂਕਿ ਦਾਸ ਨੂੰ ਬਾਬਾ ਜੀ ਪਾਸੋਂ ਅੰਮ੍ਰਿਤ ਛਕਿਆਂ ਛੇ ਕੁ ਮਹੀਨੇ ਹੋਏ ਸਨ। ਪੰਨੂੰ ਸਾਹਿਬ ਆਪਣੇ ਬੱਚਿਆਂ ਨੂੰ ਮਿਲਣ ਇਥੇ ਚੰਡੀਗੜ੍ਹ ਆਏ ਸਨ ਤੇ ਮੈਨੂੰ ਕਹਿਣ ਲੱਗੇ ਕਿ ਮੈਂ ਬਾਬਾ ਜੀ ਨੂੰ ਤਾਂ ਮੰਨਾਂਗਾ ਜੇ ਮੇਰੇ ਸਵਾਲਾਂ ਦੇ ਜਵਾਬ ਦੇਣਗੇ ਤੇ ਇਹ ਸਵਾਲ ਇਕ ਕਾਗਜ਼ ਤੇ ਲਿਖ ਕੇ ਮੇਰੇ ਨਾਲ ਬਾਬਾ ਜੀ ਦੀ ਕੋਠੀ ਸੈਕਟਰ 34 ਚੰਡੀਗੜ੍ਹ ਵਿਖੇ ਪਹੁੰਚ ਗਏ। ਬਾਬਾ ਜੀ ਨੇ ਪ੍ਰੀਚੈ ਤੇ ਸੁਖ ਸਾਂਦ ਪੁਛ ਕੇ ਪ੍ਰਵਚਨ ਸ਼ੁਰੂ ਕਰ ਦਿਤੇ ਤੇ ਡੇਢ ਘੰਟਾ ਬਚਨ ਹੁੰਦੇ ਰਹੇ ਤੇ ਮੈਂ ਪੰਨੂੰ ਸਾਹਿਬ ਨੂੰ ਕਿਹਾ ਕਿ ਸਵਾਲ ਜੋ ਲਿਖੇ ਹਨ, ਪੁਛ ਲਵੋ। ਮੈਨੂੰ ਕਹਿਣ ਲੱਗੇ ਕਿ ਬਾਬਾ ਜੀ ਨੇ ਮੇਰੇ ਸਾਰੇ ਸਵਾਲਾਂ ਦਾ ਜਵਾਬ ਦੇ ਦਿਤਾ ਹੈ ਤੇ ਮੇਰਾ ਅਮੰਨਾ ਬਣ ਆਇਆ ਹੈ। ਉਸ ਤੋਂ ਬਾਅਦ ਉਨ੍ਹਾਂ ਨੇ ਸੇਵਾ ਸ਼ੁਰੂ ਕਰ ਦਿਤੀ, ਅੰਮ੍ਰਿਤ ਛਕ ਕੇ ਸਿੰਘ ਸਜ ਗਏ ਤੇ ਹੁਣ ਮਿਸ਼ਨ ਦੇ ਸਰਗਰਮ ਮੈਂਬਰ ਬਣ ਕੇ ਵੈਨਕੂਵਰ (ਕੈਨੇਡਾ) ਵਿਖੇ ਆਤਮ ਮਾਰਗ ਦੀ ਭਰਪੂਰ ਸੇਵਾ ਕਰ ਰਹੇ ਹਨ।

ਮੈਂ ਜ਼ਿਕਰ ਕਰ ਰਿਹਾ ਸਾਂ ਕਿ ਇਸੇ ਪ੍ਰਕਾਰ ਉਸ ਬੀਬੀ ਦੇ ਸਵਾਲਾਂ ਦੇ ਉਤਰ ਦੇ ਕੇ ਉਸ ਨੂੰ ਪ੍ਰਭੂ ਮਿਲਣ ਤੇ ਨਾਮ ਜਪਣ ਦੀ ਪ੍ਰੇਰਨਾ ਦੇ ਕੇ ਅੱਗੇ ਚਲ ਕੇ ਬੀਬੀ ਸੁਰਿੰਦਰ ਕੌਰ ਚਹਿਲ ਜੋ ਕਿ ਸੋਸ਼ਲ ਸਕਿਉਰਿਟੀ ਡੀਪਾਰਟਮੈਂਟ ਵਿਚ ਸਰਵਿਸ ਕਰਦੇ ਹਨ, ਦੇ ਗ੍ਰਹਿ ਵਿਖੇ ਚਰਨ ਪਾਏ ਜੋ ਕਿ ਕਈ ਦਿਨਾਂ ਤੋਂ ਦਰਸ਼ਨਾਂ ਦੀ ਤਾਂਘ ਕਰ ਰਹੇ ਸਨ। ਇਨ੍ਹਾਂ ਦੇ ਪਤੀ ਸਰਦਾਰ ਬਖਸ਼ੀਸ਼

ਸਿੰਘ ਚਹਿਲ ਇਕ ਪੜ੍ਹੇ ਲਿਖੇ ਪਾਇਲਟ ਇੰਜਨੀਅਰ ਹਨ ਪਰੰਤੂ ਸ਼ਰਾਬ ਦੇ ਨਸ਼ੇ ਦੀ ਸੰਗਤ ਕਾਰਨ ਘਰ ਦੀ ਸੁਖ ਸ਼ਾਂਤੀ ਵਿਘਨਕਾਰੀ ਬਣ ਗਈ ਹੈ। ਯੂਬਾਸਿਟੀ ਵਿਚ ਇਨ੍ਹਾਂ ਦਾ ਆਪਣਾ ਇਕ ਬਦਾਮਾਂ ਦਾ ਫਾਰਮ ਹੈ ਤੇ ਬੜਾ ਸੋਹਣਾ ਖੁਲ੍ਹਾ ਡੁਲ੍ਹਾ ਘਰ ਹੈ। ਬੱਚੇ ਵੀ ਸੋਹਣੇ ਤੇ ਲਾਇਕ ਹਨ ਤੇ ਬੀਬੀ ਵੀ ਆਗਿਆਕਾਰੀ ਹੈ। ਬਾਬਾ ਜੀ ਨੇ ਇਨ੍ਹਾਂ ਨੂੰ ਸ਼ਰਾਬ ਦੇ ਨਸ਼ੇ ਤੋਂ ਨਿਜਾਤ ਪਾਉਣ ਲਈ ਆਪਣਾ ਮਨ ਗੁਰਬਾਣੀ ਨਾਲ ਜੋੜਨ ਲਈ ਬਚਨ ਕੀਤਾ। ਬਾਬਾ ਜੀ ਨੇ ਦੱਸਿਆ ਕਿ ਸ਼ਰਾਬ ਜਿਥੇ ਸਿਹਤ ਲਈ ਹਾਨੀਕਾਰਕ ਹੈ, ਉਥੇ ਰੂਹਾਨੀ ਜੀਵਨ ਤੇ ਪਰਮਾਰਥਕ ਜੀਵਨ ਨੂੰ ਵੀ ਬਰਬਾਦ ਕਰ ਦਿੰਦੀ ਹੈ ਕਿਉਂਕਿ ਐਸਾ ਸ਼ਾਸਤਰਾਂ ਦਾ ਮਤ ਹੈ –

***ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ॥***
***ਪਾਣੀ ਤਾ ਕੇ ਹਾਥ ਕਉ ਮਧਰਾ ਸਮ ਅਘਦਾਇ॥***
***ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ॥***
***ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ॥***

ਸ਼ਰਾਬ ਜੀਨਜ਼ ਰਾਹੀਂ ਕੁਲਾਂ ਤੇ ਅਸਰ ਕਰਦੀ ਹੈ ਤੇ ਇਸ ਨਾਲ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਨੂੰ ਬੁਲਾਵਾ ਮਿਲਦਾ ਹੈ। ਸ਼ਰਾਬ ਦਾ ਇਕ ਪੈਗ ਸੇਵਨ ਕਰਨ ਨਾਲ ਦਿਮਾਗ ਵਿਚ ਖੂਨ ਬਣਾਉਣ ਵਾਲੇ ਹਜ਼ਾਰਾਂ ਸੈਲ ਬਰਬਾਦ ਹੋ ਜਾਂਦੇ ਹਨ ਜੋ ਕਿ ਬੜੀ ਮੁਸ਼ਕਲ ਨਾਲ ਸਰੀਰ ਵਿਚ ਖੁਰਾਕੀ ਤੱਤਾਂ ਤੋਂ ਉਤਪੰਨ ਹੁੰਦੇ ਹਨ। ਇਸ ਦੇ ਸੇਵਨ ਨਾਲ ਆਪਣੇ ਪਰਾਏ ਦੀ ਖਬਰ ਨਹੀਂ ਰਹਿੰਦੀ ਤੇ ਦਰਗਾਹ ਵਿਚ ਧੱਕੇ ਮਿਲਦੇ ਹਨ।

***ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥***
***ਪੰਨਾ – 554***

ਬਾਬਾ ਜੀ ਨੇ ਇਨ੍ਹਾਂ ਨੂੰ ਬਚਨ ਕੀਤਾ ਕਿ ਤੁਸੀਂ ਜਥੇ ਦੇ ਸਿੰਘਾਂ ਦੇ ਨਾਲ ਰਹੋ ਤੇ ਇਨ੍ਹਾਂ ਨੂੰ ਇਕ ਚਿੱਟੀ ਮਾਲਾ ਤੇ 'ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ' ਦਾ ਸ਼ਬਦ ਛੇ ਮਾਲਾ ਰੋਜ਼ ਕਰਨ ਲਈ ਕਿਹਾ। ਜਥੇ ਨਾਲ ਰਹਿ ਕੇ ਕੁਝ ਹੀ ਦਿਨਾਂ ਵਿਚ ਇਨ੍ਹਾਂ ਦੀ ਕਾਇਆਂ ਕਲਪ ਹੋ ਗਈ ਅਤੇ ਚਿਹਰੇ ਤੇ ਵੀ ਰੌਣਕ ਆ ਗਈ। ਇਥੋਂ ਤਕ ਕਿ ਜਦੋਂ ਬਾਬਾ ਜੀ ਕੈਨੇਡਾ ਪ੍ਰਚਾਰ ਫੇਰੀ ਲਈ ਗਏ, ਇਹ ਵੀ ਕੈਨੇਡਾ ਨਾਲ ਹੀ ਗਏ ਸਨ, ਹੁਣ ਇਨ੍ਹਾਂ ਦੀ ਸਿਹਤ ਵੀ ਚੰਗੀ ਹੋ ਗਈ ਹੈ ਤੇ ਸਿੱਖੀ ਸਰੂਪ ਵੀ ਧਾਰਨ ਕਰ ਲਿਆ ਹੈ ਅਤੇ ਗੱਲਬਾਤ ਵਿਚ ਮੈਨੂੰ ਦੱਸਿਆ ਕਰਦੇ ਸਨ ਕਿ ਬਾਬਾ ਜੀ ਦੀ ਸੰਗਤ ਨਾਲ ਮੇਰਾ ਜੀਵਨ ਪਲਟ ਗਿਆ ਹੈ ਤੇ ਮੈਨੂੰ ਗੁਰਮਤਿ ਦੀ ਸੋਝੀ ਹੋ ਗਈ ਹੈ ਅਤੇ ਮੈਂ ਰਤਵਾੜਾ ਸਾਹਿਬ ਸਾਲਾਨਾ ਸੰਤ ਸਮਾਗਮ ਵਿਚ ਜ਼ਰੂਰ ਹਾਜ਼ਰੀ ਭਰਨ ਆਵਾਂਗਾ ਅਤੇ ਉਥੇ ਰਹਿ ਕੇ ਸੇਵਾ ਕਰਾਂਗਾ।

**'ਚਲਦਾ'**

**L L L L L L L**

(ਇਥੋਂ ਕੱਟ ਕੇ ਭੇਜੋ ਜੀ)

## ਲਾਈਫ ਮੈਂਬਰਸ਼ਿਪ (Life-Membership) ਲਈ ਖੁਸ਼ਖਬਰੀ

'ਆਤਮ ਮਾਰਗ' ਦੇ ਪਾਂਧੀਆਂ ਨੂੰ ਸਤਿਗੁਰੂ ਜੀ ਦੀ ਨਦਰ ਬਖਸ਼ਿਸ਼ ਪ੍ਰਾਪਤ ਹੋਵੇ। ਮਹਾਂਪੁਰਸ਼ਾਂ ਨੇ ਆਪ ਸਭ ਪਾਠਕਾਂ ਨੂੰ ਅਸੀਸਾਂ ਭੇਜਦਿਆਂ ਇਹ ਆਦੇਸ਼ ਦਿਤਾ ਹੈ ਕਿ ਆਪ ਸਭ ਪਾਠਕ ਹਿੰਮਤ ਕਰਕੇ ਜੀਵਨ ਕਾਲ ਲਈ ਲਾਈਫ-ਮੈਂਬਰ ਬਣ ਜਾਉ। ਲਾਈਫ ਮੈਂਬਰਸ਼ਿਪ ਲਈ ਦੇਸ਼ ਵਾਸਤੇ ਕੇਵਲ 2000/- ਰੁਪਏ ਅਤੇ ਵਿਦੇਸ਼ ਲਈ 500 US$ ਜਾਂ 300£) ਚੰਦਾ ਹੋਵੇਗਾ। ਅਜਿਹਾ ਕਰਨ ਨਾਲ ਆਪ ਨੂੰ ਸਾਰੀ ਜ਼ਿੰਦਗੀ ਨਿਰੰਤਰ ਮੈਗਜ਼ੀਨ ਮਿਲਦਾ ਰਹੇਗਾ। ਜੇਕਰ 20 ਸਾਲ ਤੋਂ ਬਾਅਦ ਕਿਸੇ ਤਰ੍ਹਾਂ ਨਾਲ ਇਸ ਵਿਚ ਥੋੜ੍ਹਾ ਬਹੁਤ ਵਾਧਾ ਘਾਟਾ ਕਰਨਾ ਪਿਆ ਤਾਂ ਆਪ ਦੀ ਸਹਿਮਤੀ ਨਾਲ ਕੀਤਾ ਜਾਵੇਗਾ। ਆਪਣੇ ਪਰਿਵਾਰ ਲਈ ਅਨਮੋਲ ਦਾਤ ਪ੍ਰਾਪਤ ਕਰਨ ਵਿਚ ਦੇਰ ਨਾ ਕਰੀਏ। ਜਿਨ੍ਹਾਂ ਪਾਠਕਾਂ ਨੇ ਗੁਰੂ ਮਹਾਰਾਜ ਜੀ ਦੀ ਬਖਸ਼ਿਸ਼ ਅਤੇ ਮਹਾਂਪੁਰਸ਼ਾਂ ਦੀ ਖੁਸ਼ੀ ਪ੍ਰਾਪਤ ਕਰ ਲਈ ਹੈ, ਉਨ੍ਹਾਂ ਲਾਈਫ ਮੈਂਬਰ ਬਣੇ ਪਾਠਕਾਂ ਦੇ ਨਾਮ ਲਗਾਤਾਰ ਆਤਮ ਮਾਰਗ ਵਿਚ ਛਪਦੇ ਰਹਿਣਗੇ। 'ਆਤਮ ਮਾਰਗ' ਨਾਲ ਜੁੜੇ ਸਭ ਪਰਿਵਾਰ ਵਡਭਾਗੀ ਹਨ। ਇਸ ਪੰਨੇ ਦੇ ਪਿਛਲੇ ਪਾਸੇ ਛਪਿਆ ਫਾਰਮ ਭਰ ਕੇ ਅਤੇ ਚੰਦੇ ਦੀ ਰਕਮ ਬੈਂਕ ਡਰਾਫਟ/ਮਨੀਆਰਡਰ/ਚੈਕ ਰਾਹੀਂ ਦਫਤਰ ਆਤਮ ਮਾਰਗ ਨੂੰ ਭੇਜੋ ਜੀ। ਮਨੀਆਰਡਰ/ਬੈਂਕ ਡਰਾਫਟ/ਚੈਕ **'ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰੱਸਟ'** ਦੇ ਨਾਂ ਤੇ ਭੇਜਿਆ ਜਾਵੇ।

(ਫਾਰਮ ਲਈ ਪਰਤੋ ਜੀ)

(ਪੰਨਾ 19 ਦੀ ਬਾਕੀ)

ਹੀ ਸ਼ਕਤੀ ਹੈ ਜਿਹੜੀ ਮਨੁੱਖਾਂ ਵਿਚ, ਜੜ੍ਹ ਤੇ ਚੇਤਨ ਵਿਚ, ਵੱਡੇ ਤੇ ਛੋਟੇ ਸਭ ਵਿਚ ਵਿਚਰ ਰਹੀ ਹੈ। ਸੂਰਜ ਉਨ੍ਹਾਂ ਵਿਚੋਂ ਪ੍ਰਮੁਖ ਹੈ ਜਿਹੜੇ ਚਮਕਦੇ ਹਨ, ਚੰਦਰਮਾ ਚੰਦ ਦੀ ਸਾਰੀ ਪਦਤੀ ਵਿਚੋਂ, ਮਨ ਗਿਆਨ ਦੇ ਮਾਧਿਅਮ ਵਿਚੋਂ, ਓਮ ਸ਼ੁਧ ਆਵਾਜ਼ਾਂ ਵਿਚੋਂ, ਰਾਜਾ ਮਨੁੱਖਾਂ ਵਿਚੋਂ, ਸ਼ੇਰ ਜਾਨਵਰਾਂ ਵਿਚੋਂ, ਗਰੁੜ ਪੰਛੀਆਂ ਵਿਚੋਂ, ਰਾਮ ਬਹਾਦਰਾਂ ਵਿਚੋਂ, ਵਿਆਸ ਰਿਸ਼ੀਆਂ ਵਿਚੋਂ ਮੈਂ ਹੀ ਹਾਂ। ਇਹ ਪ੍ਰਮਾਤਮਾ ਦੇ ਪ੍ਰਕਾਸ਼ ਦੇ ਬਹੁਤ ਉਤਮ ਸਾਧਨ ਹਨ ਭਾਵੇਂ ਉਸ ਦੀਆਂ ਵਿਭੂਤੀਆਂ ਬੇਅੰਤ ਹਨ, ਜਦੋਂ ਮਨੁੱਖ ਨੂੰ ਪ੍ਰਮਾਤਮਾ ਦੀਆਂ ਵਿਭੂਤੀਆਂ, ਉਸ ਦੇ ਪ੍ਰਕਾਸ਼ ਦਾ ਪਤਾ ਲਗ ਜਾਂਦਾ ਹੈ ਫੇਰ ਉਹ ਪ੍ਰਮਾਤਮਾ ਤੇ ਹੀ ਧਿਆਨ ਲਗਾਉਂਦਾ ਹੈ, ਉਹ ਅਨੰਤ, ਉਹ ਸੱਚ ਜਿਹੜਾ ਚਾਨਣ ਦਾ ਸ੍ਰੋਤ ਹੈ, ਜੀਵਨ ਦਾ ਸਰੋਤ ਹੈ, ਗਿਆਨ ਦਾ ਸਰੋਤ ਹੈ, ਸਾਰੇ ਸੰਸਾਰ, ਸਾਰੇ ਵਿਸ਼ਵ ਦਾ ਸਰੋਤ ਹੈ।

41. ਜੋ ਜੋ ਵਸਤੂ ਵੀ ਸੁਭਾਇਮਾਨ ਹੈ, ਚਮਤਕਾਰੀ ਹੈ, ਸ਼ਾਨਦਾਰ ਹੈ, ਤੇਜਸੱਵੀ ਹੈ, ਉਹ ਸਭ ਮੇਰੇ ਹੀ ਤੇਜ ਤੋਂ ਉਤਪੰਨ ਹੋਏ ਜਾਣ।

42. ਹੇ ਅਰਜਨ! ਇਨ੍ਹਾਂ ਸਭ ਵਸਤੂਆਂ ਦਾ ਗਿਆਨ ਤੇਰੇ ਕਿਸ ਕੰਮ? ਇਸ ਜਗਤ ਨੂੰ ਮੈਂ ਆਪਣੇ ਇਕ ਅੰਸ ਮਾਤਰ ਨਾਲ ਧਾਰਨ ਕਰਦਾ ਹੋਇਆ ਸਥਿਤ ਹਾਂ।

ਕਵੀ ਰਿਸ਼ੀ ਮੁਨੀ ਪ੍ਰਮਾਤਮਾ ਦੇ ਵੱਡੇਪਨ ਨੂੰ, ਠਾਠ ਬਾਠ ਨੂੰ, ਸ਼ਾਨ ਨੂੰ, ਸੁਹੱਪਣ ਨੂੰ, ਸ਼ੇਖੀ ਵਿਚ ਆ ਕੇ, ਘੁਮੰਡ ਨਾਲ ਉਸ ਨਾਲ ਸਲਾਹੁੰਦੇ ਹਨ ਪਰ ਪ੍ਰਮਾਤਮਾ ਦਾ ਪ੍ਰਗਟਾਵਾ ਉਸ ਦੀ ਸ਼ਾਨ ਦਾ ਦਸਵਾਂ ਹਿੱਸਾ ਵੀ ਨਹੀਂ। ਸੰਸਾਰ ਵਿਚ ਕੇਵਲ ਤੇ ਕੇਵਲ ਇਕ ਹੀ ਸ਼ਕਤੀ ਪਰੀਪੂਰਨ ਹੈ, ਇਹ ਸੰਸਾਰ ਉਸ ਸ਼ਕਤੀ ਦਾ ਦਸਵਾਂ ਹਿੱਸਾ ਵੀ ਨਹੀਂ ਹੈ। ਇਕ ਛੋਟੇ ਜਿਹੇ ਹਿੱਸੇ ਨੂੰ ਜਾਣ ਲੈਣ ਦਾ ਕੀ ਲਾਭ ਹੈ? ਇਹ ਤਾਂ ਸਮੂੰਹ ਦਾ ਇਕ ਬਹੁਤ ਹੀ ਛੋਟਾ ਹਿੱਸਾ ਹੈ। ਇਸੇ ਕਰਕੇ ਅਰਜਨ ਪੂਰੇ ਦਾ ਪੂਰਨ ਗਿਆਨ ਪ੍ਰਾਪਤ ਕਰਦਾ ਹੈ, ਉਸ ਇਕ ਦਾ ਗਿਆਨ, ਉਸ ਅਨੰਤ ਦਾ ਗਿਆਨ ਪ੍ਰਾਪਤ ਕਰਦਾ ਹੈ। ਜੋ ਵੀ ਠਾਠ ਬਾਠ, ਜੋ ਵੀ ਸੋਹਣਾਪਣ, ਜੋ ਕੁਝ ਉਚ ਦਮਾਲੇ ਦਿਸਦੇ ਹਨ ਉਹ ਪ੍ਰਮਾਤਮਾ ਦਾ ਹੀ ਪ੍ਰਗਟਾਵਾ ਹਨ। ਉਹ ਸੋਹਣਾਪਣ ਭਾਵੇਂ ਮਨੁੱਖਤਾ ਵਿਚ ਹੈ, ਭਾਵੇਂ ਜਾਨਵਰਾਂ ਵਿਚ ਹੈ, ਭਾਵੇਂ ਕਿਸੇ ਵੀ ਹੋਰ ਖੇਤਰ ਵਿਚ ਹੈ, ਸੰਸਾਰ ਵਿਚ ਉਸ ਵਿਚੋਂ ਝਲਕ ਪ੍ਰਮਾਤਮਾ ਦੀ ਮੁਸਕਰਾਹਟ ਦੀ ਹੀ ਹੈ, ਉਹ ਉਸ ਦਾ ਆਪਣਾ ਹੀ ਖੇੜਾ ਹੈ।

ਇਥੇ ਦਸਵਾਂ ਅਧਿਆਇ ਸਮਾਪਤ ਹੁੰਦਾ ਹੈ, ਇਸ ਵਿਚ ਕ੍ਰਿਸ਼ਨ ਜੀ ਨੇ ਪ੍ਰਮਾਤਮਾ ਦੀ ਸ਼ਾਨ, ਠਾਠ ਬਾਠ ਦੇ ਪ੍ਰਕਾਸ਼ ਦਾ ਵਰਨਣ ਕੀਤਾ ਹੈ।

LLLLLLL

(ਇਥੋਂ ਕੱਟ ਕੇ ਭੇਜੋ ਜੀ)

# Annual/Life Membership Form - Atam Marg

## ਸਾਲਾਨਾ/ਲਾਈਫ ਮੈਂਬਰਸ਼ਿਪ ਫਾਰਮ – ਆਤਮ ਮਾਰਗ

(ਇਹ ਫਾਰਮ ਭਰ ਕੇ 'ਦਫਤਰ 'ਆਤਮ ਮਾਰਗ' ਰਤਵਾੜਾ ਸਾਹਿਬ, ਡਾਕਖਾਨਾ : ਮੁਲਾਂਪੁਰ ਗਰੀਬਦਾਸ, ਜ਼ਿਲਾ ਰੋਪੜ 140901 ਨੂੰ ਭੇਜੋ ਜੀ)

1. ਜੇ ਆਪ ਪਹਿਲਾਂ ਤੋਂ 'ਆਤਮ ਮਾਰਗ' ਦੇ ਮੈਂਬਰ ਹੋ ਤਾਂ ਪਹਿਲਾ ਮੈਂਬਰਸ਼ਿਪ ਨੰਬਰ ਲਿਖੋ ਜੀ........................
2. ਨਾਮ/ Name........................................................................
3. ਪਿਤਾ ਦਾ ਨਾਮ/Father's Name............................................
4. ਪੂਰਾ ਪਤਾ/Full address.......................................................

.......................................................

.......................................................

PINCODE.......................Telephone..............

ਮੈਂ .................... ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ........................ਮਿਤੀ.............................ਰਾਹੀਂ ਭੇਜ ਰਿਹਾ ਹਾਂ। ਮੈਂ **ਸਾਲਾਨਾ/ਲਾਈਫ** ਮੈਂਬਰ ਬਣ ਕੇ ਸਤਿਗੁਰੂ ਜੀ ਦੀ ਨਦਰ ਅਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਦਾ ਪਾਤਰ ਬਣਿਆ ਹਾਂ ਜਿਸ ਦੀ ਮੈਨੂੰ ਬਹੁਤ ਪ੍ਰਸੰਨਤਾ ਹੈ।

ਦਸਤਖਤ................................

ਨਾਮ.................................